
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



11ਵਾਂ ਸਾਲ ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE -39
January 4, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਵੱਲੋਂ ਆਪਣੇ ਸਾਰੇ ਹੀ ਮਾਣਯੋਗ ਪਾਠਕਾਂ, ਪ੍ਰਸ਼ੰਸਕਾਂ, ਸਹਿਯੋਗੀਆਂ, ਇਸ਼ਤਿਹਾਰਦਾਤਿਆਂ ਅਤੇ ਸਮੁੱਚੀ ਸਿੱਖ ਸੰਗਤ ਨੂੰ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ। **-ਸੰਪਾਦਕ**

# ਕੋਰੋਨਾ ਦੇ ਨਵੇਂ ਵੇਰੀਐਂਟ XBB15 ਨੇ ਅਮਰੀਕਾ 'ਚ ਪੈਦਾ ਕੀਤੀ ਦਹਿਸ਼ਤ

**ਵਾਸ਼ਿੰਗਟਨ (ਬਿਊਰੋ)-** ਚੀਨ ਵਿੱਚ ਕੋਰੋਨਾ ਵਾਇਰਸ ਦੇ ਨੰਗਾ ਨਾਚ ਨੇ ਆਮ ਲੋਕਾਂ ਦੀ ਜ਼ਿੰਦਗੀ ਨੂੰ ਤਰਸਯੋਗ ਬਣਾ ਦਿੱਤਾ ਹੈ। ਹੁਣ Oimcron ਦੇ BF. 7 ਵੇਰੀਐਂਟਸ ਵਿੱਚ ਇੱਕ ਹੋਰ ਵੇਰੀਐਂਟ ਦਾ ਖਤਰਾ ਮੰਡਰਾ ਰਿਹਾ ਹੈ। ਵਰਣਨਯੋਗ ਹੈ ਕਿ ਇਸ ਵੇਰੀਐਂਟ ਨੂੰ ਪਿਛਲੇ ਵੇਰੀਐਂਟ ਤੋਂ ਵੀ ਜ਼ਿਆਦਾ ਖਤਰਨਾਕ ਦੱਸਿਆ ਜਾ ਰਿਹਾ ਹੈ। ਦਿ ਹਿੱਲ ਸਿਟਿੰਗ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਦੇ ਅਨੁਸਾਰ, ਕੋਵਿਡ-19 ਦੇ ਨਵੇਂ ਰੂਪ XBB15 ਦਾ ਖਤਰਾ ਵੱਧ ਰਿਹਾ ਹੈ। ਭਵਿੱਖ ਵਿੱਚ ਇਹ ਵੇਰੀਐਂਟ ਹੋਰ ਵੀ ਖਤਰਨਾਕ ਸਾਬਤ ਹੋ ਸਕਦਾ ਹੈ।

ਕੋਵਿਡ-19 ਦਾ ਨਵਾਂ ਰੂਪ ਅਮਰੀਕਾ ਵਿੱਚ 40 ਪ੍ਰਤੀਸ਼ਤ ਤੱਕ ਫੈਲ ਗਿਆ ਹੈ। ਇਸ ਕਾਰਨ ਹਸਪਤਾਲ ਵਿੱਚ ਮਰੀਜ਼ਾਂ ਦੀ ਗਿਣਤੀ ਦਿਨੋਂ-ਦਿਨ ਵੱਧ ਰਹੀ ਹੈ। ਵਰਣਨਯੋਗ ਹੈ ਕਿ ਇਹ ਵੇਰੀਐਂਟ ਬੀਕਿਊ ਅਤੇ ਐਕਸਬੀਬੀ ਦੇ ਵੇਰੀਐਂਟ ਨਾਲੋਂ ਇਨਫੈਕਸ਼ਨ ਫੈਲਾਉਣ ਵਿੱਚ ਜ਼ਿਆਦਾ ਖਤਰਨਾਕ ਹੈ। ਓਮੀਕਰੋਨ ਸਬ-ਵੈਰੀਐਂਟਸ XBB ਅਤੇ XBB 1 ਨੂੰ ਭਾਰਤ ਵਿੱਚ ਪਹਿਲੀ ਵਾਰ ਪਛਾਣਿਆ ਗਿਆ ਸੀ। ਇਕ ਕੌਮੀ ਅਖਬਾਰ ਨੇ 28 ਦਸੰਬਰ ਨੂੰ ਰਿਪੋਰਟ ਦਿੱਤੀ ਕਿ ਚੀਨ ਤੋਂ ਆਉਣ ਵਾਲੇ ਸਾਰੇ ਯਾਤਰੀਆਂ ਨੂੰ ਸੰਯੁਕਤ ਰਾਜ ਵਿੱਚ ਦਾਖਲ ਹੋਣ ਤੋਂ ਪਹਿਲਾਂ ਇੱਕ ਕੋਵਿਡ-19 ਟੈਸਟ ਦੀ ਨਕਾਰਾਤਮਕ ਰਿਪੋਰਟ ਪੇਸ਼ ਕਰਨ ਦੀ ਲੋੜ ਹੋਵੇਗੀ। ਅਧਿਕਾਰੀਆਂ ਨੇ ਪੀਪਲਜ਼ ਰੀਪਬਲਿਕ ਆਫ ਚਾਈਨਾ ਦੇ ਸ਼ੁਰੂਆਤੀ ਅੱਖਰਾਂ ਦੀ ਵਰਤੋਂ ਕਰਦਿਆਂ ਕਿਹਾ, "ਚੀਨ ਵਿੱਚ ਚੱਲ ਰਹੇ। ਕੋਵਿਡ-19 ਵਾਧੇ ਅਤੇ ਵਾਇਰਲ ਜੀਨੋਮਿਕ ਕ੍ਰਮ ਡੇਟਾ ਸਮੇਤ ਪਾਰਦਰਸ਼ੀ ਡੇਟਾ ਦੀ ਘਾਟ ਨੂੰ ਲੈ ਕੇ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਚਿੰਤਾਵਾਂ ਵੱਧ ਰਹੀਆਂ ਹਨ। ਨਵੰਬਰ ਵਿੱਚ, ਚੀਨ ਵਿੱਚ ਸਥਾਨਕ ਕੋਵਿਡ-19 ਦੇ ਪ੍ਰਕੋਪ ਵਿੱਚ ਰਿਕਾਰਡ ਵਾਧਾ ਹੋਇਆ। ਵਿਗੜਦੀ ਮਹਾਮਾਰੀ ਸੰਬੰਧੀ ਸਥਿਤੀ ਦੇ ਕਾਰਨ, ਅਧਿਕਾਰੀਆਂ ਨੇ ਕੁਝ ਖੇਤਰਾਂ ਵਿੱਚ ਅੰਸ਼ਕ ਤਾਲਾਬੰਦੀ ਲਾਗੂ ਕੀਤੀ ਹੈ। ਇਸ ਦੇ ਨਾਲ ਹੀ ਵਸਨੀਕਾਂ ਨੂੰ ਰੋਜ਼ਾਨਾ ਦੇ ਆਧਾਰ 'ਤੇ ਪੀਸੀਆਰ ਟੈਸਟ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਬੀਜਿੰਗ ਅਤੇ ਸ਼ੰਘਾਈ ਸਮੇਤ ਚੀਨ ਦੇ ਕਈ ਵੱਡੇ ਸ਼ਹਿਰਾਂ 'ਚ 24 ਨਵੰਬਰ ਤੋਂ ਸਖਤ ਪਾਬੰਦੀਆਂ ਲਗਾਈਆਂ ਗਈਆਂ ਹਨ।



# ਇਸ ਸਾਲ ਇਕ ਤਿਹਾਈ ਦੁਨੀਆ ਆਵੇਗੀ ਮੰਦੀ ਦੀ ਲਪੇਟ 'ਚ

**ਵਾਸ਼ਿੰਗਟਨ (ਬਿਊਰੋ)-** ਕੌਮਾਂਤਰੀ ਮੁਦਰਾ ਭੰਡਾਰ ਭਾਵ ਆਈਐੱਮਐੱਫ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਸਾਲ ਇਕ ਤਿਹਾਈ ਦੁਨੀਆ ਮੰਦੀ ਦੀ ਲਪੇਟ ਆ ਜਾਵੇਗੀ ਤੇ 2023, 2022 ਦੇ ਮੁਕਾਬਲੇ ਦਿੱਕਤਾਂ ਭਰਿਆ ਹੋਵੇਗਾ। ਇਸ ਦਾ ਇਕ ਵੱਡਾ ਕਾਰਨ ਅਮਰੀਕਾ, ਯੂਰਪੀਨ ਸੰਘ ਤੇ ਚੀਨ ਦੇ ਅਰਥਚਾਰੇ ਦਾ ਹੌਲੀ ਪੈਣਾ ਹੈ।

ਸੀਬੀਐੱਸ ਨਿਊਜ਼ ਦੇ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਆਈਐੱਮਐੱਫ ਮੁਖੀ ਕ੍ਰਿਸਟਲੀਨਾ ਜਾਰਜੀਵਾ ਨੇ ਕਿਹਾ, 'ਸਾਲ 2023 'ਚ ਜਿਹੜੇ ਦੇਸ਼ ਮੰਦੀ ਦੀ ਲਪੇਟ 'ਚ ਨਹੀਂ ਆਉਣਗੇ, ਉਨ੍ਹਾਂ ਨੂੰ ਵੀ ਆਪਣੇ ਕਰੋੜਾਂ ਲੋਕਾਂ ਲਈ ਮੰਦੀ ਵਰਗੀ ਹਾਲਤ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਇਹ ਵੀ ਚਿਤਾਵਨੀ ਦਿੱਤੀ ਕਿ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥ ਵਿਵਸਥਾ ਚੀਨ ਨੂੰ 2023 ਦੀ ਸ਼ੁਰੂਆਤ 'ਚ ਔਕੜਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।' ਜ਼ੀਰੋ ਕੋਰੋਨਾ ਪਾਲਿਸੀ ਦੇ ਚਲਦੇ ਚੀਨ ਦੀ ਵਿਕਾਸ ਦਰ ਆਲਮੀ ਵਿਕਾਸ ਦਰ ਦੇ ਬਰਾਬਰ ਜਾਂ ਉਸ ਤੋਂ ਘੱਟ ਰਹਿ ਸਕਦੀ ਹੈ, ਅਜਿਹਾ ਪਹਿਲਾਂ ਕਦੀ ਨਹੀਂ ਹੋਇਆ ਹੈ। ਅਗਲੇ ਕੁਝ ਮਹੀਨੇ ਚੀਨ ਲਈ ਔਖੇ ਸਾਬਿਤ ਹੋਣ ਵਾਲੇ ਹਨ ਤੇ ਚੀਨ ਤੇ ਆਲਮੀ ਵਿਕਾਸ ਦਰ 'ਤੇ ਨਕਾਰਾਤਮਕ ਪ੍ਰਭਾਵ ਪਵੇਗਾ। ਆਈਐੱਮਐੱਫ ਵੱਲੋਂ ਇਹ ਚਿਤਾਵਨੀ ਅਜਿਹੇ ਸਮੇਂ ਜਾਰੀ ਕੀਤੀ ਗਈ ਹੈ ਜਦੋਂ ਰੂਸ-ਯੂਕਰੇਨ ਜੰਗ, ਉੱਚੀ ਵਿਆਜ ਦਰ ਤੇ ਚੀਨ 'ਚ ਕੋਰੋਨਾ ਮਹਾਮਾਰੀ ਦੀ ਨਵੀਂ ਲਹਿਰ ਦਾ ਆਲਮੀ ਅਰਥਚਾਰੇ 'ਤੇ ਅਸਰ ਪਿਆ ਹੈ।





ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਮਹਾਨ ਸੁਤੰਤਰਤਾ ਸੰਗਰਾਮੀ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦਾ 137ਵਾਂ ਜਨਮ ਦਿਨ ਮਿਤੀ 22 ਜਨਵਰੀ 2023 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।


**(ਸਬੰਧਤ ਜਾਣਕਾਰੀ ਲਈ ਦੇਖੋ ਸਫਾ 2)**



SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY MEDICINE & URGENT CARE CLINIC

Dr. Paramjit S Takhar, MD
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

**ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ**



**January 13, 2023**
**Lohri Celebrations**

Lohri will be celebrated in Gurghar in the evening. Sukhmani Sahib path and Langar sewa will be hosted by Suman family.

**January 22, 2023**
**Babu Mangu Ram Mugowalia**
**137th Birth Anniversary**

Sri Guru Ravidass Sabha Pittsburg (CA) will be celebrating 137th birth anniversary of Great freedom fighter and founder of the Ad Dharm Mandal Punjab Babu Mangu Ram Mugowalia Ji on January 22nd, 2023 at the Sri Guru Ravidass Temple Pittsburg (CA).

**February 3-4-5, 2023**
**Gurupurb Sri Guru Ravidass Ji**

ਸਗਲ ਭਵਨ ਕੇ ਨਾਇਕਾ
ਇਕੁ ਛਿਨੁ ਦਰਸੁ ਦਿਖਾਇ ਜੀ

Sri Guru Ravidass Sabha CA, Pittsburg is celebrating the 646th Parkash Utsav of SATGURU RAVIDASS JI on Sunday, February 5, 2023 at the temple as per program noted below:

**ARAMBH SHRI AKHAND PATH**
**February 3, 2023 (Friday)**
**9:30 AM**

**Nishan Sahib Hoisting Ceremony**
**February 4, 2023**
**(Saturday) at 11:00 AM.**

**BHOG SHRI AKHAND PATH**
**February 5, 2023**
**(Sunday) 9:30 AM,**
**KIRTAN DIWAN -**
**After Bhog Ceremony until 2:00 PM**

Sangat will perform Langer and Path Sewa for this program. Jatha of Giani Balwinder Singh ji's and other Kirtankars will enhance this Kirtan Diwan along with distinguished Speakers and community leaders well versed with life and teachings of Satguru Ravidass ji.

**We need volunteers to help with this event.**

For **STALLS or any SEWA**, please contact
**Vinod Kumar (President) 408- 718-2506**
**Kulwant Banga (Chairperson) 925-698-3059.**

**We need your help and support.**

**"NANAK NAM CHARDI KALA TERE BHANE SARBAT DA BHALA"**

**www.sriguru●ravidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵੇਂ ਸਾਲ ਦੀ ਆਰੰਭਤਾ ਦੀ ਖੁਸ਼ੀ 'ਚ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ

**ਪਿਟਸਬਰਗ–** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 31 ਦਸੰਬਰ 2022 ਨੂੰ ਨਵੇਂ ਸਾਲ ਦੀ ਆਰੰਭਤਾ ਦੀ ਖੁਸ਼ੀ ਨੂੰ ਮੁੱਖ ਰੱਖਦੇ ਹੋਏ ਗੁਰੂ ਰਵਿਦਾਸ ਟੈਂਪਲ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਹੋਏ। ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਹੋਰਾਂ ਪਾਸੋਂ ਰੈਣ ਸਬਾਈ ਕੀਰਤਨ ਹੋਏ ਅਤੇ ਭਾਈ ਸਾਹਿਬ ਭਾਈ ਲਾਖਨ ਸਿੰਘ ਜੀ ਸੈਨਹੋਜ਼ੇ ਵਾਲਿਆਂ ਨੇ ਸੰਗਤਾਂ ਨੂੰ ਰਸਭਿੰਨੇ ਕੀਰਤਨ ਨਾਲ ਨਿਹਾਲ ਕੀਤਾ। ਮੌਸਮ ਖਰਾਬ ਹੋਣ ਦੇ ਕਾਰਨ ਵੀ ਸੰਗਤਾਂ ਨੇ ਹੁੰਮ ਹੁਮਾ ਕੇ ਗੁਰੂ ਘਰ ਵਿਖੇ ਪਹੁੰਚੀਆਂ ਅਤੇ ਗੁਰੂ ਘਰ ਆ ਕੇ ਗੁਰੂ ਦੇ ਚਰਨਾਂ ਵਿਚ ਨਵੇਂ ਸਾਲ ਦੀ ਆਰੰਭਤਾ ਕੀਤੀ।

8 ਜਨਵਰੀ 2023 ਨੂੰ ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭ ਹੋਣਗੇ ਅਤੇ ਲੰਗਰਾਂ ਦੀ ਸੇਵਾ ਭਾਈ ਪਰਮਜੀਤ ਸਿੰਘ (ਗਿੱਲ) ਪਰਿਵਾਰ ਵੱਲੋਂ ਹੋਵੇਗੀ।



15 ਜਨਵਰੀ 2023 ਐਤਵਾਰ ਦੇ ਦਿਵਸ ਦੀ ਸੇਵਾ ਖਾਲੀ ਹੈ ਜੀ, ਜੇ ਕੋਈ ਪਰਿਵਾਰ ਸੇਵਾ ਲੈਣੀ ਚਾਹੁੰਦਾ ਹੈ ਤਾਂ ਸਾਡੇ ਨਾਲ ਸੰਪਰਕ ਕਰ ਸਕਦਾ ਹੈ ਜੀ।

29 ਜਨਵਰੀ 2023 ਨੂੰ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਸੇਵਾ ਅਤੇ ਲੰਗਰਾਂ ਦੀ ਸੇਵਾ ਭਾਈ ਸਾਹਿਬ ਭਾਈ ਅਸ਼ੋਕ ਕੁਮਾਰ ਚੌਹਾਨ ਜੀ ਦੇ ਪਰਿਵਾਰ ਵੱਲੋਂ।

ਬੇਨਤੀ ਹੈ ਕਿ ਗੁਰੂ ਘਰ ਆ ਕੇ ਆਪਣੀ ਹਾਜ਼ਰੀ ਲਗਵਾਓ ਜੀ।

**Vinod Kumar (President) 408- 718-2506**
**Kulwant Banga (Chairperson) 925-698-3059.**




























# ਸੁਪਰੀਮ ਕੋਰਟ ਨੇ ਮੈਕਸੀਕੋ ਸਰਹੱਦ ਦਾਖਲੇ ’ਤੇ ਰੋਕ ਲਗਾਉਣ ਦੇ ਸਰਕਾਰੀ ਹੁਕਮ ਨੂੰ ਵਧਾਇਆ

**ਵਾਸ਼ਿੰਗਟਨ–** ਅਮਰੀਕੀ ਸੁਪਰੀਮ ਕੋਰਟ ਨੇ ਦੋ ਸਾਲ ਪਹਿਲਾਂ ਮੈਕਸੀਕੋ ਸਰਹੱਦ ਤੋਂ ਪ੍ਰਵਾਸੀਆਂ ਦੇ ਦਾਖਲੇ ’ਤੇ ਰੋਕ ਲਗਾਉਣ ਦੇ ਸਰਕਾਰ ਦੇ ਹੁਕਮ ਨੂੰ ਵਧਾ ਦਿੱਤਾ ਹੈ। ਰਿਊਟਰ ਡਾਟ ਕਾਮ ਅਨੁਸਾਰ ਅਦਾਲਤ ਨੇ ਬੀਤੇ ਦਿਨੀਂ ਆਪਣੇ ਫੈਸਲੇ ਵਿੱਚ ਕਿਹਾ ਕਿ 2020 ਤੋਂ ਪ੍ਰਭਾਵੀ ਮਹਾਂਮਾਰੀ ਐਕਟ ਦੇ ਉਪਾਅ, ਹਜ਼ਾਰਾਂ ਪ੍ਰਵਾਸੀਆਂ ਨੂੰ ਦੇਸ਼ ਵਿੱਚ ਦਾਖਲ ਹੋਣ ਤੋਂ ਰੋਕਣਾ ਜਾਰੀ ਰੱਖਣਗੇ। ਅਮਰੀਕੀ ਸਰਹੱਦ ’ਤੇ ਇਕੱਠੇ ਹੋਏ ਹਜ਼ਾਰਾਂ ਪ੍ਰਵਾਸੀ ਇਸ ਨੀਤੀ ਵਿਚ ਬਦਲਾਅ ਦੀ ਉਮੀਦ ਕਰ ਰਹੇ ਸਨ, ਉਹ ਪਿਛਲੇ ਦੋ ਸਾਲਾਂ ਤੋਂ ਅਮਰੀਕਾ ਵਿਚ ਦਾਖਲੇ ਦੀ ਉਡੀਕ ਕਰ ਰਹੇ ਹਨ। ਇਸ ਤੋਂ ਪਹਿਲਾਂ ਅਮਰੀਕਾ ਦੇ 19 ਰਾਜਾਂ ਨੇ ਹਾਈਕੋਰਟ ਵਿੱਚ ਕਿਹਾ ਸੀ ਕਿ ਜੇਕਰ ਟਰੰਪ ਦੇ ਕਾਰਜਕਾਲ ਦੌਰਾਨ ਲਗਾਈ ਗਈ ਐਂਟਰੀ ਬੈਨ ਹਟਾਈ ਜਾਂਦੀ ਹੈ ਤਾਂ ਅਮਰੀਕਾ ਵਿੱਚ ਮੈਕਸੀਕਨ ਪ੍ਰਵਾਸੀਆਂ ਦੀ ਗਿਣਤੀ ਵਿੱਚ ਵੱਡਾ ਉਛਾਲ ਆ ਜਾਵੇਗਾ, ਜਿਸ ਤੋਂ ਬਾਅਦ ਮਾਮਲਾ ਸੁਪਰੀਮ ਕੋਰਟ ਵਿੱਚ ਭੇਜਿਆ ਗਿਆ ਸੀ।



ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਅਨੁਸਾਰ, ਇਸ ਸਾਲ ਅਕਤੂਬਰ-ਨਵੰਬਰ 2022 ਵਿੱਚ 13,655 ਭਾਰਤੀ ਪ੍ਰਵਾਸੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੁੰਦੇ ਫੜੇ ਗਏ, ਜੋ ਕਿ 2021 ਦੇ ਇਸੇ ਮਹੀਨਿਆਂ ਵਿੱਚ ਫੜੇ ਗਏ 6,865 ਪ੍ਰਵਾਸੀਆਂ ਦੀ ਗਿਣਤੀ ਤੋਂ ਲਗਭਗ ਦੁੱਗਣਾ ਹੈ। ਅਮਰੀਕਾ ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਦੀਆਂ ਖ਼ਬਰਾਂ ਆਮ ਕਰਕੇ ਸੁਰਖ਼ੀਆਂ ਵਿਚ ਰਹਿੰਦੀਆਂ ਹਨ। ਅਮਰੀਕਾ ਵਿਚ ਜ਼ੁਲਮ ਦੇ ਆਧਾਰ ’’ਤੇ ਸ਼ਰਨ ਦਿੱਤੀ ਜਾਂਦੀ ਹੈ। ਤੁਹਾਡੇ ਦੇਸ ਵਿੱਚ ਜੇ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਹੋ ਰਿਹਾ ਹੈ ਜਾਂ ਤੁਹਾਨੂੰ ਉੱਥੇ ਤੰਗ ਕੀਤਾ ਜਾ ਰਿਹਾ ਹੈ ਜਾਂ ਰੰਗ, ਨਸਲ, ਧਰਮ ਦੇ ਆਧਾਰ ਉੱਤੇ ਭੇਦਭਾਵ ਕੀਤਾ ਜਾ ਰਿਹਾ ਹੈ ਜਾਂ ਜਾਨ ਦਾ ਖਤਰਾ ਹੈ ਤਾਂ ਤੁਸੀਂ ਸ਼ਰਨ ਦੀ ਮੰਗ ਕਰਦੇ ਸਕਦੇ ਹੋ। ਪਰ ਸ਼ਰਨ ਦੇਣ ਦੀ ਇੱਕ ਪੂਰੀ ਪ੍ਰਕਿਰਿਆ ਹੈ। ਉੱਥੇ ’’ਅਸਾਈਲਮ ਅਫ਼ਸਰ’’ (ਸ਼ਰਨ ਦੇਣ ਵਾਲੇ ਅਫ਼ਸਰ) ਹੁੰਦੇ ਹਨ। ਉਹ ਇੰਟਰਵਿਊ ਕਰਦੇ ਹਨ ਤੇ ਦੱਸਦੇ ਹਨ ਕਿ ਇਹ ਸ਼ਰਨ ਦਾ ਮਾਮਲਾ ਹੈ ਜਾਂ ਨਹੀਂ। ਫਿਰ ਇਮੀਗਰੇਸ਼ਨ ਕੋਰਟ ਵਿੱਚ ਪੇਸ਼ ਕੀਤਾ ਜਾਂਦਾ ਹੈ। ਜੱਜ ਫੈਸਲਾ ਕਰਦਾ ਹੈ ਕਿ ਸ਼ਰਨ ਦੇਣੀ ਹੈ ਜਾਂ ਨਹੀਂ। ਪਹਿਲਾਂ ਲੋਕ ਐਲਸੈਲਵਾਡੋਰ ਜਾਂਦੇ ਸੀ ਕਿਉਂਕਿ ਉੱਥੇ ਵੀਜ਼ਾ ਸੌਖਾ ਮਿਲ ਜਾਂਦਾ ਹੈ। ਉੱਥੋਂ ਪੈਦਲ ਜਾਂਦੇ ਸੀ। ਫਿਰ ਉੱਥੋਂ ਡੈਰੀਅਨ ਗੈਪ ਆਉਂਦਾ ਹੈ ਜੋ ਕਿ ਕੋਲੰਬੀਆ ਤੇ ਪਨਾਮਾ ਵਿਚਾਲੇ ਹੈ। ਉਹ ਬਹੁਤ ਖਤਰਨਾਕ ਰਾਹ ਹੈ। ਉੱਥੋਂ ਪੈਦਲ ਹੀ ਜਾਣਾ ਪੈਂਦਾ ਹੈ। ਉੱਥੇ ਸੱਪ, ਕੀੜੇ-ਮਕੌੜੇ ਵੀ ਬਹੁਤ ਹਨ। ਉੱਥੇ ਖਾਣ-ਪੀਣ ਨੂੰ ਕੁਝ ਨਹੀਂ ਮਿਲਦਾ। ਉਨ੍ਹਾਂ ਨਾਲ ਜੋ ਗੈਂਗਜ਼ ਚੱਲਦੇ ਹੈ ਉਹ ਵੀ ਕਾਫ਼ੀ ਖ਼ਤਰਨਾਕ ਹੁੰਦੇ ਹਨ। ਜੇ ਕੋਈ ਬਿਮਾਰ ਹੋ ਜਾਂਦਾ ਹੈ ਤਾਂ ਉਸ ਨੂੰ ਕਤਲ ਹੀ ਕਰ ਦਿੰਦੇ ਹਨ। ਕਿਉਂਕਿ ਉਹ ਇੱਕ ਵਿਅਕਤੀ ਪੂਰੇ ਗਰੁੱਪ ਦੀ ਰਫ਼ਤਾਰ ਹੌਲੀ ਕਰ ਦਿੰਦਾ ਹੈ। ਪਰ ਹੁਣ ਇੱਕ ਹੋਰ ਰੂਟ ਹੈ ਜੋ ਅਪਣਾਇਆ ਜਾ ਰਿਹਾ ਹੈ ਤੇ ਉਹ ਥੋੜ੍ਹਾ ਮਹਿੰਗਾ ਵੀ ਹੈ। ਮੈਕਸੀਕੋ ਦਾ ਰੂਟ- ਫਿਰ ਉੱਥੋਂ ਉਹ ਏਜੰਟ ਅਮਰੀਕਾ ਟਪਾ ਦਿੰਦੇ ਹਨ। ਇਹੀ ਇੱਕ ਕਾਰਨ ਹੈ ਅਮਰੀਕਾ ਫਿਕਰਮੰਦ ਹੈ ਅਤੇ ਗੈਰ-ਕਾਨੂੰਨੀ ਪਰਵਾਸ ਨੂੰ ਰੋਕਣ ਲਈ ਮੈਕਸੀਕੋ ਉੱਤੇ ਕਾਫ਼ੀ ਦਬਾਅ ਪਾ ਰਿਹਾ ਹੈ। ਮੈਕਸੀਕੋ ਦਾ ਬਾਰਡਰ ਸਭ ਤੋਂ ਵੱਡਾ ਹੈ ਜੋ ਕਿ ਅਮਰੀਕਾ ਦੇ ਨਾਲ ਲੱਗਦਾ ਹੈ। ਇਸ ਲਈ ਲੋਕ ਜ਼ਿਆਦਾਤਰ ਮੈਕਸੀਕੋ ਰਾਹੀਂ ਅਮਰੀਕਾ ਜਾਣਾ ਚਾਹੁੰਦੇ ਹਨ। ਉਹ ਮੈਕਸੀਕੋ ਸਿਟੀ ਜਾਂ ਟਿਜੁਆਣਾ ਜਾ ਸਕਦਾ ਹੈ ਕਿਉਂਕਿ ਉੱਥੋਂ ਦਾ ਵੀਜ਼ਾ ਛੇਤੀ ਮਿਲ ਜਾਂਦਾ ਹੈ। ਪਰ ਹੁਣ ਜਿਵੇਂ ਉੱਥੇ ਲੋਕ ਫੜ੍ਹੇ ਜਾ ਰਹੇ ਹਨ ਨਿਗਰਾਨੀ ਵੱਧ ਗਈ ਹੈ। ਮੈਕਸੀਕੋ ਦਾ ਕਾਫ਼ੀ ਵੱਡਾ ਬਾਰਡਰ ਹੈ-ਤਿੰਨ ਹਜ਼ਾਰ ਕਿਲੋਮੀਟਰ ਵੱਡਾ ਜੋ ਕਿ ਅਮਰੀਕਾ ਚਾਰ ਸੂਬਿਆਂ ਨੂੰ ਛੂਹਦਾ ਹੈ-ਕੈਲੀਫੋਰਨੀਆ, ਨਿਊ ਮੈਕਸੀਕੋ, ਐਰੀਜ਼ੋਨਾ ਤੇ ਟੈਕਸਸ।

1100 ਕਿਲੋਮੀਟਰ ਸਰਹੱਦ ਦੀ ਘੇਰਾਬੰਦੀ ਕੀਤੀ ਹੋਈ ਹੈ ਉੱਥੇ ਘੁਸਪੈਠ ਦੀਆਂ ਸੰਭਾਵਨਾਵਾਂ ਜ਼ਿਆਦਾ ਹਨ। ਤਾਜ਼ਾ ਘਟਨਾ ਗੁਜਰਾਤ ਨਾਲ ਸਬੰਧਤ ਬ੍ਰਿਜ ਕੁਮਾਰ ਯਾਦਵ ਨਾਂ ਦੇ ਨੌਜਵਾਨ ਦੀ ਹੈ। ਮੈਕਸੀਕੋ ਤੋਂ ਅਮਰੀਕਾ ਵਿੱਚ ਦਾਖਲ ਹੋਣ ਸਮੇਂ ਜਦੋਂ ਇਹ ਵਿਅਕਤੀ ‘ਟਰੰਪ ਦੀਵਾਰ’ ਲੰਘ ਰਿਹਾ ਸੀ ਤਾਂ ਉਸ ਦੀ ਇਸ ਕੰਧ ਤੋਂ ਡਿੱਗਣ ਨਾਲ ਮੌਤ ਹੋ ਗਈ। ਬ੍ਰਿਜ ਕੁਮਾਰ ਯਾਦਵ ਦੀ ਪਤਨੀ ਤੇ ਤਿੰਨ ਸਾਲ ਦਾ ਬੱਚਾ ਗੰਭੀਰ ਜ਼ਖ਼ਮੀ ਹੋ ਗਿਆ ਹੈ। ਇਸ ਘਟਨਾ ਨੇ ਗੈਰ ਕਾਨੂੰਨੀ ਪਰਵਾਸ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਦੀ ਤਰਾਸਦੀ ਨੂੰ ਇੱਕ ਵਾਰ ਫੇਰ ਚਰਚਾ ਵਿਚ ਲਿਆ ਦਿੱਤਾ ਹੈ।

# ਪੋਪ ਬੇਨੇਡਿਕਟ ਦਾ ਹੋਇਆ ਦਿਹਾਂਤ



**ਵੈਟੀਕਨ ਸਿਟੀ–**ਵੈਟੀਕਨ ਦੇ ਬੁਲਾਰੇ ਮੈਟਿਓ ਬਰੂਨੀ ਦੇ ਇੱਕ ਬਿਆਨ ਵਿੱਚ ਕਿਹਾ: “ਮੈਂ ਦੁਖ ਨਾਲ ਸੂਚਿਤ ਕਰਦਾ ਹਾਂ ਕਿ ਸਾਬਕਾ ਕੈਥੋਲਿਕ ਪੋਪ ਐਮਰੀਟਸ ਬੇਨੇਡਿਕਟ (95) 16ਵੇਂ ਦਾ ਵੈਟੀਕਨ ਵਿੱਚ ਮੇਟਰ ਏਕਲੇਸੀਆ ਮੱਠ ਵਿੱਚ ਦਿਹਾਂਤ ਹੋ ਗਿਆ।’ ਜਰਮਨੀ ਨਾਲ ਤਾਲੁਕ ਰੱਖਣ ਵਾਲੇ ਬੇਨੇਡਿਕਟ ਇਕ ਅਜਿਹੇ ਧਰਮਗੁਰੂ ਦੇ ਰੂਪ ਵਿਚ ਯਾਦ ਕੀਤੇ ਜਾਣਗੇ, ਜੋ ਪੋਪ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਵਾਲੇ 600 ਸਾਲਾਂ ਵਿੱਚ ਪਹਿਲੇ ਈਸਾਈ ਧਰਮਗੁਰੂ ਸਨ। ਬੇਨੇਡਿਕਟ ਨੇ 11 ਫਰਵਰੀ 2013 ਨੂੰ ਦੁਨੀਆ ਨੂੰ ਉਸ ਸਮੇਂ ਹੈਰਾਨ ਕਰ ਦਿੱਤਾ ਸੀ, ਜਦੋਂ ਉਨ੍ਹਾਂ ਨੇ ਘੋਸ਼ਣਾ ਕੀਤੀ ਕਿ ਉਹ 1.2 ਅਰਬ ਪੈਰੋਕਾਰਾਂ ਦੇ ਕੈਥੋਲਿਕ ਚਰਚ ਦੀ ਹੁਣ ਅਗਵਾਈ ਕਰਨ ਦੇ ਯੋਗ ਨਹੀਂ ਰਹੇ ਹਨ। ਉਹ 8 ਸਾਲ ਇਸ ਅਹੁਦੇ ‘ਤੇ ਰਹੇ ਅਤੇ ਇਸ ਦੌਰਾਨ ਉਨ੍ਹਾਂ ਨੂੰ ਕਈ ਵਿਵਾਦਾਂ ਦਾ ਸਾਹਮਣਾ ਕਰਨਾ ਪਿਆ।

# ਵਿਰਾਸਤ-ਏ-ਖਾਲਸਾ ਤੇ ਦਾਸਤਾਨ-ਏ- ਸ਼ਹਾਦਤ ਲਈ ਈ-ਬੁਕਿੰਗ ਸਹੂਲਤ ਸ਼ੁਰੂ- ਅਨਮੋਲ ਗਗਨ ਮਾਨ

**ਚੰਡੀਗੜ੍ਹ–** ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਅਨਮੋਲ ਗਗਨ ਮਾਨ ਨੇ ਦੱਸਿਆ ਕਿ ਸੈਲਾਨੀਆਂ ਦੀ ਸਹੂਲਤ ਲਈ ਵਿਰਾਸਤ-ਏ-ਖਾਲਸਾ ਅਤੇ ਦਾਸਤਾਨ-ਏ-ਸ਼ਹਾਦਤ ਵਿਖੇ ਐਂਟਰੀ ਲਈ ਈ-ਬੁਕਿੰਗ ਸੁਵਿਧਾ ਦੀ ਸ਼ੁਰੂਆਤ ਕੀਤੀ ਗਈ ਹੈ ਤਾਂ ਜੋ ਸੈਲਾਨੀਆਂ ਇਥੇ ਪਹੁੰਚਣ ਤੇ ਕੋਈ ਪਰੇਸ਼ਾਨੀ ਨਾ ਆਵੇ। ਉਨਵਾਂ ਦੱਸਿਆ ਕਿ ਦਿੱਲੀ ਦੇ ਪ੍ਰਗਤੀ ਮੈਦਾਨ ’ਚ ਹੋਏ 41ਵੇਂ ਭਾਰਤ ਅੰਤਰ ਰਾਸਟਰੀ ਵਪਾਰ ਮੇਲਾ-2022 ਵਿਖੇ ਪੰਜਾਬ ਡੇ ਸਮਾਗਮ ਦੌਰਾਨ ਪੰਜਾਬ ਪੈਵੀਲੀਅਨ ਦਾ ਉਦਘਾਟਨ ਕੀਤਾ ਗਿਆ।



ਉਨ੍ਹਾਂ ਹੋਰ ਦੱਸਿਆ ਕਿ ਸੂਬਾ ਸਰਕਾਰ ਨੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਅਜਾਇਬਘਰ ਨੂੰ ਅਪਗ੍ਰੇਡ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਦੇਸ਼ ਦੇ ਨੌਜਵਾਨਾਂ ਨੂੰ ਮਹਾਨ ਆਜ਼ਾਦੀ ਘੁਲਾਟੀਏ ਦੇ ਜੀਵਨ ਤੋਂ ਜਾਣਕਾਰੀ ਅਤੇ ਪ੍ਰੇਰਨਾ ਮਿਲ ਸਕੇ। ਇਸ ਮਿਊਜ਼ੀਅਮ ਨੂੰ ਨਵੀਨਤਮ ਮਲਟੀ-ਮੀਡੀਆ ਤਕਨੀਕਾਂ, ਪ੍ਰੋਜੈਕਸ਼ਨ ਮੈਪਿੰਗ, ਗ੍ਰਾਫਿਕ ਸਮੱਗਰੀ ਤੇ ਆਡੀਓ ਅਤੇ ਵੀਡੀਓ ਸਮੱਗਰੀ ਦੀ ਮਦਦ ਨਾਲ ਅੱਪਗ੍ਰੇਡ ਕੀਤਾ ਜਾਵੇਗਾ। ਸਰਕਾਰ ਯਾਦਗਾਰ ਦੇ ਨਵੀਨੀਕਰਨ ਦੇ ਕੰਮ ’ਤੇ 3.57 ਕਰੋੜ ਰੁਪਏ ਖਰਚ ਕਰੇਗੀ। ਉਨ੍ਹਾਂ ਕਿਹਾ ਕਿ ਸੁਲਤਾਨਪੁਰ ਲੋਧੀ ਵਿਖੇ ਪਿੰਡ ਬਾਬੇ ਨਾਨਕ ਦਾ ਅਜਾਇਬਘਰ ਬਣਾਉਣ ਲਈ ਜ਼ਮੀਨ ਐਕਵਾਇਰ ਕਰਨ ਹਿੱਤ 29.24 ਕਰੋੜ ਰੁਪਏ ਜ਼ਿਲ੍ਹਾ ਪ੍ਰਸ਼ਾਸਨ, ਕਪੂਰਥਲਾ ਨੂੰ ਜਾਰੀ ਕੀਤੇ ਗਏ ਹਨ।




# ਨਵੇਂ ਸਾਲ 2023 ਦੀ ਆਮਦ 'ਤੇ ਗੁਰਦੁਆਰਾ ਸਨਵਾਕੀਨ ਵਿਖੇ ਹੋਏ ਵਿਸ਼ੇਸ਼ ਪ੍ਰੋਗਰਾਮ







**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਹਰ ਸਾਲ ਦੀ ਤਰਾਂ ਇਸ ਨਵੇਂ ਸਾਲ 2023 ਦੀ ਆਮਤ 'ਤੇ ਸੈਂਟਰਲ ਵੈਲੀ ਦੇ ਸਭ ਤੋਂ ਪਹਿਲੇ ਅਤੇ ਸਰਕਾਰੀ ਤੌਰ 'ਤੇ ਹੈਰੀਟੇਜ਼ ਦਾ ਦਰਜਾ ਪ੍ਰਾਪਤ ਗੁਰਦੁਆਰਾ "ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਵਿਖੇ ਵਿਸ਼ੇਸ਼ ਪ੍ਰੋਗਰਾਮ ਕਰਵਾਏ ਗਏ। ਜਿੰਨਾਂ ਵਿੱਚ ਪਾਠਾ ਦੇ ਭੋਗ ਉਪਰੰਤ ਸਜਾਏ ਗਏ ਗੁਰਮਤਿ ਸਮਾਗਮ ਵਿੱਚ ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਕੁਲਵੰਤ ਸਿੰਘ ਧਾਲੀਵਾਲ ਇਤਿਹਾਸਕ ਕਥਾ ਰਾਹੀ ਸੰਗਤਾਂ ਗੁਰਮਤਿ ਨਾਲ ਜੋੜਦੇ ਹੋਏ ਨਿਹਾਲ ਕੀਤਾ। ਜਦ ਕਿ ਗੁਰੂਘਰ ਦੇ ਹਜ਼ੂਰੀ ਕੀਰਤਨੀਏ ਭਾਈ ਜੋਗਿੰਦਰ ਸਿੰਘ ਯੋਗੀ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਕੀਰਤਨ ਸਰਵਨ ਕਰਵਾਇਆ। ਇਸ ਸਮੇਂ ਸਥਾਨਿਕ ਗਾਇਕ ਕਲਾਕਾਰਾਂ ਵਿੱਚੋਂ ਗਾਇਕ ਅਵਤਾਰ ਸਿੰਘ ਗਰੇਵਾਲ ਅਤੇ ਗਾਇਕ ਪੱਪੀ ਭਦੌੜ ਨੇ ਧਾਰਮਿਕ ਗੀਤਾਂ ਰਾਹੀ ਹਾਜ਼ਰੀ ਭਰੀ। ਇਸ ਸਮੇਂ ਸੰਗਤਾਂ ਨੇ ਰਲ ਕੇ ਗੁਰਬਾਣੀ ਸਿਮਰਨ ਜਾਪ ਵੀ ਕੀਤਾ। ਕੁਲਵੰਤ ਉੱਭੀ ਨੇ ਮੀਡੀਆਂ ਸੇਵਾਵਾ ਦਿੰਦੇ ਹੋਏ ਸੰਗਤਾਂ ਦਾ ਧੰਨਵਾਦ ਕੀਤਾ। ਸਟੇਜ਼ ਸੰਚਾਲਨ ਦੀ ਸੇਵਾ ਗੁਰਬਿੰਦਰ ਸਿੰਘ ਧਾਲੀਵਾਲ ਨੇ ਨਿਭਾਉਂਦੇ ਹੋਏ ਸੰਗਤਾਂ ਨੂੰ ਧੰਨ-ਧੰਨ ਸ੍ਰੀ ਗੁਰੂ ਸਾਹਿਬ ਦੇ ਲੜ ਲਗਣ ਲਈ ਪ੍ਰੇਰਿਆਂ। ਗੁਰੂ ਦਾ ਲੰਗਰ ਅਤੁੱਟ ਵਰਤਿਆ। ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਇਹ ਨਵੇਂ ਵਰੇ ਦਾ ਪਹਿਲਾ ਸਮਾਗਮ ਸਰਬੱਤ ਦੇ ਭਲੇ ਅਤੇ ਸਮੁੱਚੀ ਦੁਨੀਆ ਅੰਤ ਸ਼ਾਂਤੀ ਦੀ ਅਰਦਾਸ ਨਾਲ ਯਾਦਗਾਰੀ ਹੋ ਨਿਬੜਿਆਂ।

# ਪੱਛਮੀ ਆਸਟਰੇਲੀਆ ਦੇ ਸਕੂਲਾਂ 'ਚ ਪੜ੍ਹਾਈ ਜਾਵੇਗੀ ਪੰਜਾਬੀ



**ਮੈਲਬਰਨ-** ਇੱਥੋਂ ਦੇ ਪੱਛਮੀ ਆਸਟਰੇਲੀਆ ਸੂਬੇ ਨੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਾਉਣ ਦਾ ਐਲਾਨ ਕੀਤਾ ਹੈ, ਜਿਸ ਤਹਿਤ ਪ੍ਰੀ-ਨਰਸਰੀ (ਪ੍ਰੀ ਪ੍ਰਾਈਮਰੀ) ਤੋਂ ਲੈ ਕੇ 12ਵੀਂ ਜਮਾਤ ਤੱਕ ਦੇ ਵਿਦਿਆਰਥੀ ਸਕੂਲਾਂ 'ਚ ਪੰਜਾਬੀ ਪੜ੍ਹ ਸਕਣਗੇ। ਸਿੱਖਿਆ ਮੰਤਰੀ ਸੂ ਇਲੇਰੀ ਨੇ ਦੱਸਿਆ ਕਿ ਸਬੰਧਤ ਵਿਭਾਗ ਨੇ ਪੰਜਾਬੀ ਪਾਠਕ੍ਰਮ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। 2024 ਤੋਂ ਇੱਥੋਂ ਦੇ ਬੱਚੇ ਪੰਜਾਬੀ ਪੜ੍ਹ ਸਕਣਗੇ। ਸਰਕਾਰ ਨੇ ਇਸ ਸੂਬੇ ਦੇ ਬੱਚਿਆਂ ਲਈ ਤੀਜੀ ਤੋਂ ਅੱਠਵੀਂ ਤੱਕ ਆਪਣੀ ਚੋਣਵੀਂ ਜ਼ੁਬਾਨ ਸਿੱਖਣੀ ਲਾਜ਼ਮੀ ਕੀਤੀ ਹੈ। ਸੂਬੇ ਨੇ ਕੁੱਝ ਸਮਾਂ ਪਹਿਲਾਂ ਸਿੱਖ ਇਤਿਹਾਸ ਨੂੰ ਪੰਜਵੀਂ, ਅੱਠਵੀਂ ਅਤੇ ਨੌਵੀਂ ਦੇ ਵਿਦਿਆਰਥੀਆਂ ਲਈ ਹਿਊਮੈਨਿਟੀਜ਼ ਅਤੇ ਸਮਾਜਿਕ ਸਿੱਖਿਆ ਵਿਸ਼ਿਆਂ 'ਚ ਸ਼ਾਮਲ ਕਰਵਾਇਆ ਸੀ। ਜ਼ਿਕਰਯੋਗ ਹੈ ਕਿ ਸੂਬੇ 'ਚ ਪਿਛਲੀ ਮਰਦਮਸ਼ੁਮਾਰੀ ਦੌਰਾਨ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 20,613 ਦੇ ਕਰੀਬ ਸੀ ਜਦਕਿ ਹਿੰਦੀ ਬੋਲਣ ਵਾਲਿਆਂ ਦੀ ਗਿਣਤੀ 11 ਹਜ਼ਾਰ ਅਤੇ ਗੁਜਰਾਤੀ ਬੋਲਣ ਵਾਲਿਆਂ ਦੀ ਗਿਣਤੀ ਕਰੀਬ 10 ਹਜ਼ਾਰ ਦਰਜ ਕੀਤੀ ਗਈ ਸੀ।

# ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਨੇ ਵਿਸ਼ੇਸ਼ ਮੀਟਿੰਗ ਰਾਹੀ ਕੀਤੇ ਕਈ ਅਹਿਮ ਫੈਸਲੇ

## "ਫਰਿਜ਼ਨੋ ਸਿਟੀ ਕਾਲਜ਼ ਅਤੇ ਮੰਡੇਰਾ ਸਿਟੀ ਕਾਲਜ਼ 'ਚ ਪੰਜਾਬੀ ਕਲਾਸਾਂ ਸੁਰੂ"



**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਕੈਲੇਫੋਰਨੀਆਂ ਦੀ ਸੈਂਟਰਲ ਵੈਲੀ ਦੇ ਸਮੂੰਹ ਗੁਰੂਘਰਾ ਵੱਲੋਂ ਬਣਾਈ ਸੰਸਥਾ "ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਦੇ ਮੁੱਖ ਮੈਂਬਰਾਂ ਦੀ ਇਸ ਨਵੇਂ ਸਾਲ ਦੀ ਪਹਿਲੀ ਵਿਸ਼ੇਸ਼ ਮੀਟਿੰਗ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਸੁਖਦੇਵ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦੀ ਸੁਰੂਆਤ ਗੁਰਮਤਿ ਮਰਿਯਾਦਾ ਅਨੁਸਾਰ "ਮੂਲ ਮੰਤਰ" ਦੇ ਜਾਪ ਨਾਲ ਹੋਈ। ਇਸ ਉਪਰੰਤ ਹਾਜ਼ਰ ਮੈਂਬਰਾਂ ਵੱਲੋਂ ਸਮੁੱਚੇ ਅਮੈਰੀਕਨ ਭਾਈਚਾਰੇ ਵਿੱਚ ਗੁਰਸਿੱਖੀ ਦੇ ਪ੍ਰਚਾਰ ਅਤੇ ਆਪਣੀ ਨਵੀਂ ਪੀੜੀ ਨੂੰ ਧਰਮ ਨਾਲ ਜੋੜਨ ਸੰਬੰਧੀ ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਸ ਸਮੇਂ ਹਾਜ਼ਰ ਸਿਟੀ ਕਾਲਜ਼ ਦੇ ਡੀਨ ਸ. ਗੁਰਮਿੰਦਰ ਸਿੰਘ ਸੰਘਾ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਸਾਲ ਫਰਿਜ਼ਨੋ ਅਤੇ ਮੰਡੇਰਾ ਸ਼ਹਿਰ ਦੇ ਸਿਟੀ ਕਾਲਜਾਂ ਵਿੱਚ ਪੰਜਾਬੀ ਭਾਸ਼ਾ ਦੀਆਂ ਕਲਾਸਾ ਸੁਰੂ ਹੋ ਜਾਣਗੀਆਂ। ਪਰ ਇਸ ਸਮੇਂ ਯੋਗ ਪੰਜਾਬੀ ਟੀਚਰਾਂ ਦੀ ਲੋੜ ਹੈ। ਇਸੇ ਦੌਰਾਨ ਸੰਸਥਾ ਦੇ ਜਨਰਲ ਸੈਕਟਰੀ ਸੁਖਦੇਵ ਸਿੰਘ ਚੀਮਾਂ ਨੇ ਅਮੈਰੀਕਨ ਵੱਖ-ਵੱਖ ਭਾਈਚਾਰੇ ਨੂੰ ਸਿੱਖੀ ਸਿਧਾਤਾ ਤੋਂ ਜਾਣੂ ਕਰਵਾਉਣ ਲਈ ਉਲੀਕੇ ਪ੍ਰੋਗਰਾਮ ਦਾ ਵੇਰਵਾ ਸਾਂਝਾ ਕੀਤਾ। ਸੁਹਿੰਦਰ ਸਿੰਘ ਅਠਵਾਲ ਨੇ ਬੀਤੇ ਮਹੀਨੇ ਲੇਖਾ-ਜੋਖਾ ਪੇਸ਼ ਕੀਤਾ। ਇਸ ਸਮੇਂ ਸੰਸਥਾ ਦੇ ਮੁੱਖ ਮੈਂਬਰਾਂ ਵਿੱਚੋਂ ਗੁਰਜੰਟ ਸਿੰਘ ਗਿੱਲ, ਰਾਜਵਿੰਦਰ ਸਿੰਘ ਬਰਾੜ, ਰੁਪਿੰਦਰ ਸਿੰਘ ਕੰਗ, ਸਰਨਜੀਤ ਸਿੰਘ ਢਿੱਲੋਂ, ਜਸਵੰਤ ਸਿੰਘ ਗਿੱਲ, ਜਸਦੀਪ ਸਿੰਘ, ਕੁਲਵੰਤ ਉੱਭੀ ਧਾਲੀਆਂ ਅਤੇ ਚਰਨਜੀਤ ਸਿੰਘ ਬਾਠ ਆਦਿਕ ਨੇ ਆਪਣੇ-ਆਪਣੇ ਸੁਝਾਅ ਪੇਸ਼ ਕੀਤੇ।

ਇਸ ਸਮੇਂ ਸਿੱਖ ਕੌਸ਼ਲ ਵਿੱਚ ਸਾਮਲ ਕੀਤੇ ਗਏ ਨਵੇਂ ਗੁਰੂਘਰਾ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਸਮੂੰਹ ਮੈਂਬਰਾਂ ਦੀ ਸਹਿਮਤੀ ਨਾਲ ਕਈ ਅਹਿਮ ਫੈਸਲੇ ਲਏ ਗਏ। ਜਿੰਨਾਂ ਵਿੱਚ ਇਕ ਤਹਿ ਕੀਤਾ ਗਿਆ ਕਿ ਕੌਸ਼ਲ ਅਗਲੇ ਦਿਨਾਂ ਵਿੱਚ ਸਮੂੰਹ ਸਹਿਯੋਗੀ ਗੁਰੂਘਰਾ ਦੇ ਧੰਨਵਾਦ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕਦੇ ਹੋਏ, ਗੁਰੂਘਰਾ ਵਿੱਚ ਧੰਨਵਾਦ ਕਰਦੇ ਹੋਏ ਸਨਮਾਨ ਦੇਵੇਗੀ।

# ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਵਿਖੇ ਟਰੱਕ ਡਰਾਈਵਰਾਂ ਨੇ ਕਰਵਾਏ ਨਵੇਂ ਸਾਲ ਦੇ ਸਮਾਗਮ



**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਹਰ ਸਾਲ ਦੀ ਤਰਾਂ ਕੈਲੇਫੋਰਨੀਆਂ ਦੇ ਕਰਮਨ ਸ਼ਹਿਰ ਵਿੱਚ "ਗੁਰਦੁਆਰਾ ਅਨੰਦਗੜ ਸਾਹਿਬ" ਵਿਖੇ ਸਥਾਨਿਕ ਟਰੱਕ ਡਰਾਈਵਰਾਂ ਨੇ ਰਲ ਕੇ ਨਵੇਂ ਸਾਲ 2023 ਦੀ ਆਮਦ ਨੂੰ ਮੁੱਖ ਰੱਖਦੇ ਹੋਏ ਰਾਤਰੀ ਦੇ ਵਿਸ਼ੇਸ਼ ਸਮਾਗਮ ਕਰਵਾਏ। ਜਿਸ ਦੌਰਾਨ ਪਾਠਾਂ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਜੱਥੇ ਨੇ ਕੀਰਤਨ ਕਰਦੇ ਹੋਏ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।

ਇਸੇ ਦੌਰਾਨ ਵਿਸ਼ੇਸ਼ ਤੌਰ 'ਤੇ ਬੁਲਾਏ ਗਏ ਕਥਾ ਵਾਚਕ ਭਾਈ ਤਰਸੇਮ ਸਿੰਘ ਹਰਖੋਵਾਲ ਵਾਲਿਆਂ ਨੇ ਕਥਾ ਰਾਹੀ ਸੰਗਤਾਂ ਨੂੰ ਗੁਰ-ਇਤਿਹਾਸ ਸਰਵਨ ਕਰਵਾਇਆ। ਇਸ ਬਾਅਦ ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਤੋਂ ਭਾਈ ਜੋਗਿੰਦਰ ਸਿੰਘ ਯੋਗੀ ਦੇ ਕੀਰਤਨੀ ਜੱਥੇ ਨੇ ਹਾਜ਼ਰੀ ਭਰੀ। ਜਸਵਿੰਦਰ ਸਿੰਘ ਸੀਰਾ ਥਾਂਦੀ ਨੇ ਸੰਗਤਾਂ ਨੂੰ ਸਿਮਰਨ ਕਰਵਾਇਆ। ਨਵੇਂ ਸਾਲ ਦੀ ਆਮਦ 'ਤੇ ਬੁਲਾਰੇ ਗੁਰਦੀਪ ਸਿੰਘ ਧਾਲੀਵਾਲ ਨੇ ਸੰਗਤਾਂ ਨੂੰ ਜ਼ਿੰਦਗੀ ਦਾ ਮੰਤਵ ਸਮਝਾਉਂਦੇ ਹੋਏ ਰਲ ਕੇ ਰਹਿਣ ਦੀ ਪ੍ਰੇਰਨਾ ਦਿੱਤੀ।

ਇਸ ਪ੍ਰੋਗਰਾਮ ਦੌਰਾਨ ਸਮੂੰਹ ਪ੍ਰਬੰਧਕਾ ਨੇ ਸਮੁੱਚੇ ਰਾਤਰੀ ਦੇ ਦੀਵਾਨਾ ਲਈ ਹੋਰ ਬਹੁ ਭਾਤੀ ਦਾਲਾਂ-ਸਬਜ਼ੀਆਂ, ਸਾਗ ਅਤੇ ਮੱਕੀ ਦੀ ਰੋਟੀ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਸੁਆਦਿਸ਼ਟ ਪੀਜ਼ੇ, ਕੌਫੀ ਆਦਿਕ ਦੇ ਲੰਗਰਾਂ ਦੇ ਪ੍ਰਬੰਧ ਵੀ ਕੀਤੇ ਗਏ ਸਨ।

ਜਿੱਥੇ ਸੰਗਤਾਂ ਆਪਣੀ-ਆਪਣੀ ਸਰਧਾ ਮੁਤਾਬਕ ਗੁਰਬਾਣੀ, ਗੁਰ-ਇਤਿਹਾਸ ਅਤੇ ਲੰਗਰਾਂ ਨਾਲ ਜੁੜੀਆਂ। ਰਾਤ ਦੇ ਬਾਰਾ ਵਜ਼ੇ ਸਭ ਨੇ ਨਵੇਂ ਸਾਲ ਨੂੰ ਜੀ ਆਇਆ ਕਹਿੰਦੇ ਹੋਏ, ਦੁਨਿਆਵੀ ਸਾਂਤੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇੰਨਾਂ ਸਮੁੱਚੇ ਪ੍ਰਬੰਧਾ ਲਈ ਟਰੱਕ ਡਰਾਈਵਰ ਸੇਵਾਦਾਰਾਂ ਵਿੱਚੋਂ ਹਰਪ੍ਰੀਤ ਸਿੱਧੂ, ਕਮਲ ਪਬਲਾ, ਗਗਨ ਪਬਲਾ, ਗੁਰਜੋਤ ਬਿੱਲਾ, ਜੱਸ ਬੈਂਸ, ਬਬਲੂ, ਸਿੰਦਾ ਢਿੱਲੋ, ਗੁਰਦੀਪ ਅਟਵਾਲ, ਸੰਨੀ ਸੋਨੋ ਥਰੂਵੇ, ਅਮਨ, ਦੀਪਾ ਗਿੱਲ, ਸੰਧੂ, ਸੁੱਖਾ, ਬਲਜੀਤ, ਤਾਜ ਗਿੱਲ, ਦੀਪਾ ਗਿੱਲ, ਕੁਲਦੀਪ ਧਾਲੀਆਂ, ਸਤਿਨਾਮ ਭੰਗੂ ਆਦਿਕ ਬਹੁਤ ਸਾਰੇ ਸੱਜਣ ਸਾਮਲ ਸਨ, ਜਿੰਨਾਂ ਨੇ ਰਲ ਕੇ ਇਸ ਪ੍ਰੋਗਰਾਮ ਨਾਲ ਸਫਲ ਬਣਾਉਂਦੇ ਹੋਏ ਇਲਾਕੇ ਦੀਆਂ ਸੰਗਤਾਂ ਨੂੰ ਗੁਰੂ ਸਾਂਝੇ ਪ੍ਰੋਗਰਾਮ ਮਨਾਉਣ ਲਈ ਪ੍ਰੇਰਿਆ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਸਮੂੰਹ ਪ੍ਰਬੰਧਕ ਵਧਾਈ ਦੇ ਪਾਤਰ ਹਨ।

# ਪੰਜਾਬੀ ਭਾਸ਼ਾ ਦੀਆਂ ਕਲਾਸਾਂ ਫਰਿਜ਼ਨੋ ਸਿਟੀ ਕਾਲਜ਼ ਅਤੇ ਮੰਡੇਰਾ ਕਮਿਊਨਟੀ ਕਾਲਜ਼ ਵਿੱਚ ਲੱਗਣਗੀਆਂ



**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ):** ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਪੰਜਾਬੀ ਭਾਸ਼ਾ ਨੂੰ ਯੋਗ ਸਥਾਨ ਮਿਲ ਰਿਹਾ। ਸਮੁੱਚੇ ਪੰਜਾਬੀ ਭਾਈਚਾਰੇ ਦੀ ਹਿੰਮਤ ਅਤੇ ਸਹਿਯੋਗ ਸਦਕੇ ਕੈਲੀਫੋਰਨੀਆਂ ਦੇ ਵੱਖ-ਵੱਖ ਸ਼ਹਿਰਾਂ ਦੇ ਹਾਈ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਪਿਛਲੇ ਕਈ ਸਾਲਾ ਤੋਂ ਮਾਨਤਾ ਪ੍ਰਾਪਤ ਕਰ ਚੁੱਕੀ ਹੈ ਅਤੇ ਪੜਾਈ ਜਾਂਦੀ ਹੈ।

ਹੁਣ ਸ. ਗੁਰਮਿੰਦਰ ਸਿੰਘ ਸੰਘਾ ਦੇ ਅਣਥੱਕ ਯਤਨਾਂ ਸਦਕਾ ਪੰਜਾਬੀ ਭਾਸ਼ਾ ਦੇ ਵਿਸ਼ੇ ਨੂੰ ਪੜਾਉਣ ਲਈ "ਫਰਿਜ਼ਨੋ ਸਿਟੀ ਕਾਲਜ਼" ਫਰਜ਼ਨੋ ਅਤੇ "ਮੰਡੇਰਾ ਕਮਿਊਨਟੀ ਕਾਲਜ਼" ਮੰਡੇਰਾ ਵਿੱਚ ਬਹੁਤ ਜਲਦ ਕਲਾਸਾ ਸੁਰੂ ਹੋਣ ਜਾ ਰਹੀਆਂ ਹਨ। ਜਿਸ ਸੰਬਧੀ ਸਾਡੇ ਵੱਲੋਂ ਸ. ਗੁਰਮਿੰਦਰ ਸਿੰਘ ਸੰਘਾ ਨਾਲ ਗੱਲਬਾਤ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪੰਜਾਬੀ ਭਾਸ਼ਾ ਦੀਆਂ ਕਲਾਸਾ ਮਾਨਤਾ ਪ੍ਰਾਪਤ ਹਨ ਅਤੇ ਇਸ ਲਈ ਰਜਿਸਟ੍ਰੇਸ਼ਨ ਵੀ ਸੁਰੂ ਹੋ ਗਈ ਹੈ। ਕਾਲਜ਼ ਵਿੱਚ ਪੰਜਾਬੀ ਪੜਾਉਣ ਲਈ ਯੋਗ ਟੀਚਰਾਂ ਦੀ ਵੀ ਲੋੜ ਹੈ। ਜਿਸ ਸੰਬੰਧੀ ਤੁਸੀਂ ਕਾਲਜ਼ਾ ਦੀ ਵੈੱਬ ਸਾਈਡ ਰਾਹੀ ਜਾਣਕਾਰੀ ਹਾਸਲ ਕਰ ਸਕਦੇ ਹੋ। ਇਸ ਤੋਂ ਬਾਅਦ ਜਲਦ ਕੈਲੇਫੋਰਨੀਆਂ ਦੇ ਦੂਸਰੇ ਸ਼ਹਿਰਾ ਦੇ ਕਾਲਜ਼ਾ ਵਿੱਚ ਵੀ ਸਕੂਲਾਂ ਤੋ ਬਾਅਦ ਪੰਜਾਬੀ ਪੜਾਉਣ ਦੀਆਂ ਕਲਾਸਾ ਸੁਰੂ ਕਰਨ ਦੇ ਉਪਰਾਲੇ ਜਾਰੀ ਹਨ। ਵਧੇਰੇ ਜਾਣਕਾਰੀ ਲਈ ਸ. ਗੁਰਮਿੰਦਰ ਸਿੰਘ ਸੰਘਾ ਨੂੰ ਈ-ਮੇਲ gurminder.sangha@fresnocitycol-lege.edu ਜਾਂ ਫੋਨ ਨੰਬਰ (559) 264-5763 ਰਾਹੀ ਸੰਪਰਕ ਕਰ ਸਕਦੇ ਹੋ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਦੇਸ਼ ਦੁਆਬਾ

## 3 ਜਨਵਰੀ 1831

# ਭੁਲਾ ਦਿੱਤੀ ਗਈ ਨਾਇਕਾ ਸਵਿੱਤਰੀ ਬਾਈ ਫੂਲੇ



ਭਾਰਤ ਦੀ ਪਹਿਲੀ ਮਹਿਲਾ ਟੀਚਰ

**ਸਾਵਿਤਰੀ ਬਾਈ ਫੂਲੇ**

**3 January 1831 to 10 March 1897**

ਸਮਾਜ ਸੇਵਿਕਾ, ਕਵੀ ਅਤੇ ਦਲਿਤਾਂ ਲਈ ਅਵਾਜ ਉਠਾਉਣ ਵਾਲ਼ੀ ਸਾਵਿੱਤਰੀ ਬਾਈ ਫੂਲੇ ਦੇ ਜੀਵਨ ਬਾਰੇ ਅਜੇ ਵੀ ਦੇਸ਼ ਦੇ ਬਹੁਤੇ ਲੋਕ ਨਹੀਂ ਜਾਣਦੇ। ਇੱਥੋਂ ਤੱਕ ਕਿ ਬਹੁਤ ਸਾਰੀਆਂ ਔਰਤਾਂ ਵੀ ਇਸ ਗੱਲ ਤੋਂ ਅਣਜਾਣ ਹਨ ਕਿ ਅੱਜ ਜੇ ਉਹ ਸਿੱਖਿਅਤ ਹਨ, ਰੁਜ਼ਗਾਰ ਦੇ ਕਾਬਿਲ ਹਨ ਤਾਂ ਇਸ ਵਿੱਚ ਸਾਵਿੱਤਰੀ ਬਾਈ ਫੂਲੇ ਦੀਆਂ ਅਣਥੱਕ ਕੋਸ਼ਿਸ਼ਾਂ ਦਾ ਬਹੁਤ ਯੋਗਦਾਨ ਹੈ।

ਸਾਵਿੱਤਰੀ ਬਾਈ ਫੂਲੇ ਦਾ ਜਨਮ 3 ਜਨਵਰੀ 1831 ਨੂੰ ਮਹਾਂਰਾਸ਼ਟਰ ਵਿੱਚ ਪੂਨੇ ਤੋਂ 50 ਕਿਲੋਮੀਟਰ ਦੂਰ ਨਈਗਾਓਂ ਵਿੱਚ ਹੋਇਆ। ਸਾਵਿੱਤਰੀ ਬਾਈ ਇੱਕ ਅਜਿਹੀ ਔਰਤ ਸੀ ਜਿਸਨੇ ਬਾਲ ਵਿਆਹ, ਛੂਆ-ਛੂਤ, ਜਾਤ-ਪਾਤ ਅਤੇ ਵਿਧਵਾ ਵਿਆਹ 'ਤੇ ਰੋਕ ਜਿਹੀਆਂ ਕੁਰੀਤੀਆਂ ਖਿਲਾਫ ਸੰਘਰਸ਼ ਕੀਤਾ। ਉਹਨਾਂ ਸਮਾਜਿਕ ਕੁਰੀਤੀਆਂ 'ਤੇ ਸੱਟ ਮਾਰਨ ਤੇ ਔਰਤਾਂ ਨੂੰ ਸਿੱਖਿਅਤ ਕਰਨ ਦਾ ਕੰਮ ਉਹਨਾਂ ਸਮਿਆਂ ਵਿੱਚ ਕੀਤਾ ਜਦੋਂ ਇੱਕ ਪਾਸੇ ਭਾਰਤ ਅੰਗਰੇਜ਼ਾਂ ਦਾ ਗੁਲਾਮ ਸੀ ਤੇ ਦੂਜੇ ਪਾਸੇ ਸਮਾਜ ਵਿੱਚ ਜਗੀਰੂ ਕਦਰਾਂ-ਕੀਮਤਾਂ ਦਾ ਬੋਲਬਾਲਾ ਸੀ ਜਿੱਥੇ ਔਰਤਾਂ ਦਾ ਪੜਨਾ-ਲਿਖਣਾ ਤੇ ਕਿਸੇ ਸਮਾਜਿਕ ਲਹਿਰ ਦਾ ਹਿੱਸਾ ਬਣਨਾ ਤਾਂ ਦੂਰ ਸਗੋਂ ਉਹਨਾਂ ਦਾ ਘਰੋਂ ਬਾਹਰ ਨਿੱਕਲ਼ਣਾ ਵੀ ਮੁਸ਼ਕਿਲ ਸੀ।

1897 ਵਿੱਚ ਮਹਾਂਰਾਸ਼ਟਰ ਵਿੱਚ ਪਲੇਗ ਦੀ ਭਿਆਨਕ ਮਹਾਂਮਾਰੀ ਫੈਲ ਗਈ। ਪੂਨੇ ਦੇ ਖੇਤਰ ਵਿੱਚ ਸੈਂਕੜੇ ਲੋਕ ਪਲੇਗ ਨਾਲ ਮਰ ਰਹੇ ਸਨ। ਸਾਵਿੱਤਰੀ ਬਾਈ ਅਤੇ ਉਹਨਾਂ ਦੇ ਬੇਟੇ ਯਸ਼ਵੰਤ ਨੇ ਮਿ਼ਲ ਕੇ ਸ਼ਹਿਰ ਦੇ ਬਾਹਰ ਬਿਮਾਰਾਂ ਦੀ ਮਦਦ ਲਈ ਹਸਪਤਾਲ ਖੋਲ਼ਿਆ। ਉਹ ਮਰੀਜਾਂ ਕੋਲ਼ ਜਾਂਦੀ ਅਤੇ ਆਪ ਉਹਨਾਂ ਨੂੰ ਹਸਪਤਾਲ ਲੈ ਕੇ ਆਉਂਦੀ, ਭਾਵੇਂ ਕਿ ਉਹ ਜਾਣਦੀ ਸੀ ਕਿ ਪਲੇਗ ਇੱਕ ਛੂਤ ਦੀ ਬਿਮਾਰੀ ਹੈ। 10 ਮਾਰਚ 1897 ਨੂੰ ਪਲੇਗ ਕਾਰਨ ਸਾਵਿੱਤਰੀ ਬਾਈ ਦੀ ਮੌਤ ਹੋ ਗਈ। ਉਨਾਂ ਦਾ ਸਾਰਾ ਜੀਵਨ ਦਲਿਤਾਂ ਅਤੇ ਔਰਤਾਂ ਦੇ ਸੰਘਰਸ਼ ਲਈ ਬੀਤਿਆ। ਉਹਨਾਂ ਇਹ ਵੀ ਜਾਣ ਲਿਆ ਸੀ ਕਿ ਅੰਗਰੇਜ਼ਾਂ ਦੀ ਵੀ ਦਲਿਤਾਂ ਤੇ ਦੱਬੇ-ਕੁਚਲੇ ਲੋਕਾਂ ਨਾ਼ਲ ਕੋਈ ਹਮਦਰਦੀ ਨਹੀਂ ਹੈ। ਉਹਨਾਂ ਨੇ 'ਕਿਸਾਨ ਦਾ ਕੋੜਾ' ਵਿੱਚ ਲਿਖਿਆ ਹੈ ਕਿ ਅੰਗਰੇਜ਼ ਅਫਸਰਸ਼ਾਹੀ ਜਾਂ ਬ੍ਰਾਹਮਣਵਾਦੀ ਜਗੀਰਦਾਰ ਦੋਵਾਂ ਦੀ ਚਮੜੀ ਉਧੇੜੀ ਜਾਵੇ ਤਾਂ ਅੰਦਰੋ ਇੱਕ ਹੀ ਖੂਨ ਮਿ਼ਲੇਗਾ, ਭਾਵ ਦੋਹਾਂ ਵਿੱਚ ਕੋਈ ਅੰਤਰ ਨਹੀਂ ਹੈ।

ਭਾਰਤ ਦੇ ਹਾਕਮਾਂ ਨੇ ਸਾਵਿੱਤਰੀ ਬਾਈ ਫੂਲੇ ਨੂੰ ਭੁਲਾ ਦਿੱਤਾ ਹੈ ਪਰ ਕਿਰਤੀ ਲੋਕਾਂ ਦੀ ਬਿਹਤਰੀ ਲਈ ਜੂਝਣ ਵਾਲੇ ਨੌਜਵਾਨਾਂ ਨੂੰ ਆਪਣੀ ਮਹਾਨ ਵਿਰਾਸਤ ਦੇ ਤੌਰ 'ਤੇ ਸਾਵਿੱਤਰੀ ਬਾਈ ਫੂਲੇ ਨੂੰ ਯਾਦ ਰੱਖਣਾ ਚਾਹੀਦਾ ਹੈ ਤੇ ਉਸਦੇ ਜੀਵਨ ਤੇ ਕੰਮਾਂ ਨੂੰ ਲੋਕਾਂ ਵਿੱਚ ਲਿਜਾਣਾ ਚਾਹੀਦਾ ਹੈ। ਸਾਵਿੱਤਰੀ ਬਾਈ ਫੂਲੇ ਨੇ ਸਭ ਲਈ ਸਿੱਖਿਆ, ਔਰਤਾਂ ਤੇ ਦਲਿਤਾਂ ਦੀ ਬਿਹਤਰੀ ਲਈ ਜੋ ਸੁਪਨਾ ਦੇਖਿਆ ਸੀ ਉਹਨਾਂ ਨੂੰ ਪੂਰਾ ਕਰਨ ਲਈ ਅੱਜ ਦੇ ਸਮਾਜ ਦੀਆਂ ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰਨਾ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ।

# ਨਵਾਂ ਸਾਲ ਤੇ ਸਾਡਾ ਹਾਲ-ਪੜ੍ਹੋ ਵਿਚਾਰੋ ਕਰੋ ਖਿਆਲ!



ਅਵਤਾਰ ਸਿੰਘ ਮਿਸ਼ਨਰੀ
510-432-5827

ਨਵਾਂ ਸਾਲ-ਉਹ ਹਰ ਸਮਾਂ ਹੀ ਨਿੱਤ ਨਵਾਂ ਹੈ ਜੋ-ਸਾਹਿਬ ਮੇਰਾ ਨੀਤਿ ਨਵਾਂ ਸਦਾ ਸਦਾ ਦਾਤਾਰੁ (੬੬੦) ਦੀ ਯਾਦ ਵਿੱਚ ਲੰਘੇ-ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥ ਜਿਤੁ ਦਿਨਿ ਵਿਸਰੇ ਪਾਰਬ੍ਰਹਮੁ ਫਿਟੁ ਭੁਲੇਰੀ ਰੁਤਿ (੩੧੮) ਸੋ ਕੋਈ ਵੀ ਨਿਮਖ, ਪਲ, ਘੜੀ, ਪਹਰ, ਮਹੂਰਤ, ਦਿਨ, ਰਾਤ ਹਫਤਾ, ਮਹੀਨਾ, ਸਾਲ ਅਤੇ ਸਦੀ ਮਾੜਾ ਨਹੀਂ ਸਗੋਂ ਚੰਗੇ ਮਾੜੇ ਸਾਡੇ ਕਰਮ ਹਨ। ਜਿਵੇਂ ਹਰ ਸਾਲ ਬਨਾਸਪਤੀ ਨੂੰ ਨਵੇਂ ਫੁੱਲ ਖਿੜਦੇ ਅਤੇ ਨਵੀਆਂ ਕਰੂੰਬਲਾਂ ਨਿਕਲਦੀਆਂ ਹਨ ਇਵੇਂ ਹੀ ਸਾਡੇ ਹਿਰਦੇ ਵਿੱਚ ਵੀ ਸ਼ੁਭ ਗੁਣਾਂ ਦੇ ਫੁੱਲ ਅਤੇ ਅਗਾਂਹ ਵਧੂ ਵਿਚਾਰਾਂ ਦੀਆਂ ਕਰੂੰਬਲਾਂ ਪੈਦਾ ਹੋਣੀਆਂ ਚਾਹੀਦੀਆਂ ਹਨ। ਜਿਵੇਂ ਕੱਟ ਕੇ ਪਰੂਣੀ ਕੀਤੀ ਵੇਲ ਨੂੰ ਵਧੀਆ ਫਲ ਲੱਗਦੇ ਨੇ ਇਵੇਂ ਹੀ ਬੁਰੇ ਕਰਮ, ਗੰਦੀ ਸੋਚ, ਪਿਛਾਂਹ ਖਿੱਚੂ ਪੁਰਾਣੇ ਤੇ ਬੋਸੇ ਵਿਚਾਰ ਜੋ ਭਰਮ-ਗਿਆਨੀਆਂ, ਮਿਥਿਹਾਸਕ ਗ੍ਰੰਥਾਂ ਅਤੇ ਮਨਮਤਿ ਰਾਹੀਂ ਸਾਡੇ ਹਿਰਦੇ-ਦਿਲ, ਦਿਮਾਗ ਵਿੱਚ ਪਾ ਅਤੇ ਅਮਰਵੇਲ ਵਾਂਗ ਉੱਪਰ ਚੜ੍ਹਾ ਦਿੱਤੇ ਨੇ, ਉਨ੍ਹਾਂ ਨੂੰ ਗੁਰੂ ਸ਼ਬਦ ਗਿਆਨ ਦੇ ਨਸ਼ਤ੍ਰ ਨਾਲ ਕੱਟ ਛੱਟ ਕੇ ਹਰ ਸਾਲ ਪਰੂਣੀ ਕਰਨ ਦੀ ਲੋੜ ਹੈ ਤਾਂ ਕਿ ਸ਼ੁਭ ਗੁਣਾਂ ਅਤੇ ਸਰਬ ਪ੍ਰਵਾਣਤ ਅਗਾਂਹ ਵਧੂ ਉਸਾਰੂ ਵਿਚਾਰਾਂ ਦੇ ਚੰਗੇ ਫਲ ਲੱਗ ਸੱਕਣ। ਜਿਵੇਂ ਹਰੇਕ ਕਾਰੋਬਾਰ ਭਾਵ ਕਿਰਤ ਕਮਾਈ ਕਰਨ ਵਾਲਾ ਇਨਸਾਨ ਲਾਭ ਵਾਸਤੇ ਕੰਮ ਕਰਦਾ ਹੈ। ਹਰ ਸਾਲ ਦੇ ਅਖੀਰ ਤੇ ਲੇਖਾ ਜੋਖਾ ਕਰਦੈ ਕਿ ਕਿੰਨ੍ਹਾ ਲਾਭ, ਘਾਟਾ, ਅਤੇ ਖਰਚਾ ਹੋਇਆ? ਮੈਂ ਅੱਗੇ ਕਿਵੇਂ ਕਰਨਾ ਹੈ? ਇਵੇਂ ਹਿਸਾਬ ਕਿਤਾਬ ਰੱਖਣਵਾਲਾ ਇਨਸਾਨ ਹਾਨ-ਲਾਭ ਬਾਰੇ ਸੋਚ ਕੇ ਆਪਣੀ ਦੁਨੀਆਵੀ ਜ਼ਿੰਦਗੀ ਹੋਰ ਚੰਗੀ ਬਣਾਉਣ ਦੀ ਕੋਸ਼ਿਸ਼ ਕਰਦੈ ਪਰ ਬੇਹਿਸਾਬਾ ਵਿਅਕਤੀ ਹਮੇਸ਼ਾਂ ਘਾਟੇ ਵਿੱਚ ਰਹਿੰਦਾ ਅਤੇ ਸੰਸਾਰੀ ਵੀ ਉਸ ਦੀ ਇਜ਼ਤ ਨਹੀਂ ਕਰਦੇ। ਇਵੇਂ ਹੀ ਸਿੱਖ ਨੇ ਵੀ ਇਹ ਲੇਖਾ ਜੋਖਾ ਕਰਨੈ ਕਿ ਮੈ ਹੁਣ ਤੱਕ "ਸ਼ਬਦ ਗੁਰੂ ਗ੍ਰੰਥ" ਸਿੱਖ ਰਹਿਤ ਮਰਯਾਦਾ, ਫਿਲੌਸਫੀ ਅਤੇ ਇਤਿਹਾਸ ਤੋਂ ਕੀ ਸਿਖਿਆ ਹੈ? ਸਿੱਖ ਦੇ ਅਰਥ ਹੀ ਸਿਖਿਆਰਥੀ ਨੇ ਜੋ ਹਮੇਸ਼ਾ ਸਿੱਖਦਾ ਰਹਿੰਦਾ ਹੈ। ਹਰੇਕ ਸਿੱਖ ਨੂੰ ਗੁਰਬਾਣੀ ਦਾ ਆਪ ਪਾਠ ਕਰਨਾ, ਅਰਥ ਸਿੱਖਣੇ ਅਤੇ ਕਮਉਣੇ ਚਾਹੀਦੇ ਹਨ। ਸਿੱਖ ਰਹਿਤ ਮਰਯਾਦਾ, ਸਿੱਖ ਫਿਲੌਸਫੀ ਅਤੇ ਇਤਿਹਾਸ ਆਪ ਪੜਦੇ ਜਾਂ ਸੁਣਦੇ ਰਹਿਣਾ ਚਾਹੀਦਾ ਹੈ। ਭੇਖੀ ਸਾਧਾਂ-ਸੰਤਾਂ, ਸੰਪ੍ਰਦਾਈਆਂ ਅਤੇ ਪੁਜਾਰੀਆਂ ਤੇ ਹੀ ਨਿਰੀ ਟੇਕ ਨਹੀਂ ਰੱਖਣੀ ਚਾਹੀਦੀ ਜੋ ਜੋਕਾਂ ਵਾਂਗ ਸਿੱਖ ਕੌਮ ਦਾ ਖੂਨ ਪੀਂਦੇ ਹੋਏ ਕੌਮ ਵਿੱਚ ਵਹਿਮ-ਭਰਮ, ਫੋਕਟ-ਕਰਮਕਾਂਡ, ਸੁੱਚ-ਭਿੱਟ, ਛੂਆ-ਛਾਤ ਅਤੇ ਜਾਤ-ਪਾਤ ਆਦਿ ਫਲਾ ਰਹੇ ਹਨ। ਜਿਨ੍ਹਾਂ ਨੇ ਅਗਾਂਹ ਵਧੂ ਸਿੱਖੀ ਨੂੰ ਪੱਥਰ ਯੁੱਗ ਦਾ ਧਰਮ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਜੋ ਬ੍ਰਾਹਮਣੀ ਗ੍ਰੰਥਾਂ ਦੀਆਂ ਬੇ-ਫਜ਼ੂਲ ਮਿਥਿਹਾਸਕ ਕਥਾ-ਕਹਾਣੀਆਂ, ਗੁਰਦੁਆਰਿਆਂ ਵਿੱਚ ਸੁਣਾ-ਸੁਣਾ ਕੇ, ਸਿੱਖੀ ਦਾ ਬ੍ਰਾਹਮਣੀਕਰਨ ਕਰੀ ਜਾ ਰਹੇ ਹਨ। ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਅਖੌਤੀ ਦਸਮ ਗ੍ਰੰਥ ਵਰਗੇ ਅਸ਼ਲੀਲ ਗੰਦੀ ਕਵਿਤਾ ਵਾਲੇ ਗ੍ਰੰਥ ਨੂੰ, ਹਿੱਕ ਦੇ ਜੋਰ ਨਾਲ ਪ੍ਰਕਾਸ਼ ਕਰਕੇ, "ਸ਼ਬਦ ਗੁਰੂ ਗ੍ਰੰਥ" ਦੀ ਮਹਾਨਤਾ ਘਟਾ ਕੇ, ਸਿੱਖ ਸਿਧਾਤਾਂ ਦੀਆਂ ਜੜ੍ਹਾਂ ਵੱਢ ਰਹੇ ਹਨ।

### ਨਵੇਂ ਸਾਲ ਵਿੱਚ ਕਰਨ ਤੇ ਛੱਡਣਯੋਗ ਕੰਮ

ਆਓ ਨਵੇਂ ਸਾਲ ਤੇ ਪ੍ਰਣ ਕਰੀਏ ਕਿ ਅਸੀਂ ਔਗੁਣਾਂ ਦਾ ਤਿਆਗ ਕੇ ਸ਼ੁਭ ਗੁਣ ਧਾਰਨ ਕਰਾਂਗੇ। ਧਰਮ ਦੀ ਕਿਰਤ ਕਰਦੇ ਵੰਡ ਛਕਦੇ, ਅਕਾਲ ਪੁਰਖ ਦਾ ਨਾਮ ਜਪਾਂਗੇ। ਗੁਰਬਾਣੀ ਆਪ ਪੜ੍ਹਦੇ-ਪੜ੍ਹਾਂਦੇ, ਗਾਂਦੇ, ਵਿਚਾਰਦੇ ਅਤੇ ਧਾਰਦੇ ਹੋਏ ਹੋਰਨਾਂ ਨੂੰ ਵੀ ਸਿਖਾਉਂਦੇ, ਨਿਰਾ ਸਾਰੀ ਉਮਰ ਪਾਠੀਆਂ ਤੋਂ ਪਾਠ ਹੀ ਨਹੀਂ ਕਰਾਈ ਜਾਵਾਂਗੇ। ਹਰ ਗੁਰਦੁਆਰੇ ਨਾਲ ਲਾਇਬ੍ਰੇਰੀ, ਸਕੂਲ, ਕਾਲਜ ਆਦਿਕ ਖੋਲਾਂਗੇ ਜਿੱਥੇ ਦਨਿਆਵੀ ਵਿਦਿਆ ਦੇ ਨਾਲ-ਨਾਲ ਧਾਰਮਿਕ ਵਿਦਿਆ ਵੀ ਪ੍ਰਾਪਤ ਕੀਤੀ ਜਾ ਸਕੇ। ਗੁਰਦੁਆਰਿਆਂ, ਧਰਮ-ਅਸਥਾਨਾਂ ਵਿੱਚ ਪੜ੍ਹੇ ਲਿਖੇ ਯੋਗ ਪ੍ਰਚਾਰਕਾਂ ਅਤੇ ਰਾਗੀ ਗ੍ਰੰਥੀਆਂ ਨੂੰ ਭਰਤੀ ਕਰਾਂਗੇ, ਜੋ "ਸ਼ਬਦ ਗੁਰੂ ਗ੍ਰੰਥ" ਦੀ ਨਿਰੋਲ ਬਾਣੀ ਦੀ ਮਰਯਾਦਾ ਦੇ ਧਾਰਨੀ ਪ੍ਰਚਾਰਕ ਹੋਣ ਅਤੇ ਕਥਾ ਕੀਰਤਨ ਵਿੱਚ ਬ੍ਰਾਹਮਣੀ ਕਥਾ ਕਹਾਣੀਆਂ ਸੁਣਾ-ਸੁਣਾ ਕੇ ਸਿੱਖੀ ਦਾ ਭਗਵਾਕਰਨ ਨਾਂ ਕਰਨ। ਪੰਥ ਤੋਂ ਬਗੈਰ, ਕਿਸੇ ਭੇਖੀ ਸਾਧ-ਸੰਤ ਸੰਪ੍ਰਦਾਈ ਨੂੰ, ਮਾਨਤਾ ਨਹੀਂ ਦੇਵਾਂਗੇ ਅਤੇ ਨਾਂ ਹੀ ਆਪਣੇ ਜਾਂ ਆਪਣੇ ਤੋਂ ਵੱਡੀ ਕਿਸੇ ਵੀ ਹਸਤੀ ਦੇ ਨਾਂ ਦੇ ਅੱਗੇ-ਪਿਛੇ ਸੰਤ ਸ਼ਬਦ ਵਰਤਾਂਗੇ ਸਗੋਂ ਗੁਰੂ ਸਾਹਿਬ ਦੇ ਦਿੱਤੇ ਹੋਏ ਉਪਨਾਮ ਭਾਈ, ਬਾਬਾ, ਸਿੰਘ, ਕੌਰ ਅਤੇ ਸਰਦਾਰ ਆਦਿਕ ਸ਼ਬਦਾਂ ਦੀ ਵਰਤੋਂ ਕਰਾਂਗੇ। "ਸ਼ਬਦ ਗੁਰੂ ਗ੍ਰੰਥ" ਜੀ ਬਰਾਬਰ ਕਿਸੇ ਵੀ ਪੋਥੀ ਜਾਂ ਅਖੌਤੀ ਦਸਮ ਗ੍ਰੰਥ ਆਦਿ ਦਾ ਪ੍ਰਕਾਸ਼ ਨਹੀਂ ਕਰਾਂਗੇ ਅਤੇ ਨਾਂ ਹੀ ਕਿਸੇ ਦੋਖੀ ਨੂੰ ਕਰਨ ਦੇਵਾਂਗੇ। ਨੋਟ-ਡੇਰੇਦਾਰ ਤੇ ਟਕਸਾਲੀ ਅਜਿਹਾ ਅਨਰਥ ਸ਼ਰੇਆਮ ਕਰ ਰਹੇ ਹਨ।

ਸਿੱਖ ਗੁਰਦੁਆਰਿਆਂ ਤੇ ਆਪਣੇ ਘਰਾਂ ਵਿੱਚੋਂ ਕੁੰਭ, ਨਾਰੀਅਲ, ਜੋਤਾਂ, ਮੌਲੀਆਂ, ਹਵਨਨੁਮਾਂ ਗੁਗਲ ਦੀਆਂ ਧੂਫਾਂ ਅਤੇ ਹਵਨ ਸਮੱਗਰੀਆਂ ਕੱਢਾਂਗੇ। ਸ਼ਬਦ ਗੁਰੂ ਗ੍ਰੰਥ ਸਹਿਬ ਦੇ ਪਾਠ ਨਾਲ ਇਹ ਸਾਰੀ ਬ੍ਰਾਹਮਣੀ ਪੂਜਾ ਸਮੱਗਰੀ ਨਹੀਂ ਰੱਖਾਂਗੇ ਅਤੇ ਨਾਂ ਹੀ ਕਿਸੇ ਨੂੰ ਰੱਖਣ ਦਿਆਂਗੇ। ਮਾਰੂ ਨਸ਼ਿਆਂ ਦਾ ਤਿਆਗ ਕਰਦੇ ਹੋਏ ਜਨਤਾ ਨੂੰ ਇਸ ਬਾਰੇ ਜਾਗਰੂਕ ਕਰਾਂਗੇ ਕਿਉਂਕਿ ਨਸ਼ਿਆਂ ਨਾਲ ਜਿੱਥੇ ਧੰਨ ਬਰਬਾਦ ਹੁੰਦਾ, ਬੇਇਜ਼ਤੀ ਹੁੰਦੀ, ਭਿਆਨਕ ਰੋਗ ਲਗਦੇ ਉਥੇ ਮਤਿ ਵੀ ਮਾਰੀ ਜਾਂਦੀ ਹੈ-ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥ .....ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥(੫੫੪)

ਔਰਤ ਦਾ ਮਰਦ ਦੇ ਬਰਾਬਰ ਸਨਮਾਨ ਤੇ ਧੀਆਂ ਦੀ ਭਰੂਣ ਹਤਿਆ ਨਹੀਂ ਕਰਾਂਗੇ ਕਿਉਂਕਿ ਇਹ ਮਾਨ ਸਿੱਖ ਕੌਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਬਖਸ਼ਦਿਆਂ ਫੁਰਮਾਇਆ-ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ (੪੭੩) ਜੇ ਮਰਦ ਗੁਰਬਾਣੀ ਦਾ ਪਾਠ ਕਥਾ ਕੀਰਤਨ ਗੁਰੂ ਘਰ ਦੀ ਹਰੇਕ ਪ੍ਰਕਾਰ ਸੇਵਾ ਕਰ ਸਕਦੈ ਤਾਂ ਔਰਤ ਵੀ ਇਹ ਸਭ ਕੁਝ ਕਰ ਸਕਦੀ ਹੈ।

ਧਿਆਨ ਦਿਓ! ਸੰਪ੍ਰਦਾਈ ਤੇ ਕੇਸਾਧਾਰੀ ਬ੍ਰਾਹਮਣੀ ਟੋਲੇ ਅਜੋਕੇ ਸਿੰਘ ਸਹਿਬਾਨ ਰੂਪੀ ਆਦਿਕ ਅਖੌਤੀ ਆਗੂਆਂ ਨੇ ਬ੍ਰਹਮਣਾਂ ਵਾਂਗ ਹੀ ਸਿੱਖ ਔਰਤਾਂ ਤੇ ਵੀ ਅਜਿਹੀ ਮੰਨੂਵਾਦੀ ਪਾਬੰਦੀ ਲਾ ਰੱਖੀਐ ਜਿਸ ਨੂੰ ਰਲ ਕੇ ਤੋੜਾਂਗੇ ਕਿਉਂਕਿ ਗੁਰੂ ਅਮਰਦਾਸ ਸਾਹਿਬ ਜੀ ਨੇ ਵੀ ਬੀਬੀਆਂ ਨੂੰ ੫੨ ਪੀਹੜੇ ਬਖਸ਼ੇ ਸਨ। ਸਿੱਖ ਧਰਮ ਦੇ ਦਰਵਾਜੇ ਸਭ ਮਾਈ-ਭਾਈ ਲਈ ਖੁਲ੍ਹੇ ਰੱਖਾਂਗੇ ਕਿਉਂਕਿ-ਸਭੇ ਸਾਂਝੀਵਾਲ ਸਦਾਇਨਿ (੯੭) ਅਤੇ ਉਪਦੇਸੁ ਚਹੁ ਵਰਨਾ ਕਉ ਸਾਂਝਾ (੭੪੭) ਵੱਧ ਤੋਂ ਵੱਧ ਬੋਲੀਆਂ (ਭਾਸ਼ਾਵਾਂ) ਵਿੱਚ ਗੁਰਬਾਣੀ, ਸਿੱਖ ਇਤਿਹਾਸ ਅਤੇ ਫਿਲੌਸਫੀ (ਸਿਧਾਂਤ) ਆਦਿਕ ਦਾ ਪ੍ਰਚਾਰ ਬੜੀ ਫਰਾਕ ਦਿਲੀ ਨਾਲ ਕਰਾਂਗੇ। ਇਹ ਸਭ ਗੁਰੂ ਦੀ ਗੋਲਕ ਨਾਲ ਅਤੇ ਸਿੱਖਾਂ ਦੇ ਦਸਵੰਧ ਨਾਲ ਹੋ ਸਕਦਾ ਹੈ। ਅੱਜ ਕੱਲ੍ਹ ਅਖਬਾਰਾਂ, ਰਸਾਲੇ, ਸੀਡੀਆਂ, ਟੀ.ਵੀ., ਮੂਵੀਆਂ, ਈਮੇਲ, ਫੇਸ ਬੁੱਕ, ਤੇ ਇੰਟ੍ਰਨੈੱਟ ਆਦਿਕ ਦਾ ਜੁੱਗ ਹੈ। ਇਸ ਸਭ ਪ੍ਰਕਾਰ ਦੇ ਮੀਡੀਏ ਰਾਹੀਂ ਸਿੱਖੀ ਦਾ ਪ੍ਰਚਾਰ ਕਰਾਂਗੇ, ਇਸ ਨੂੰ ਗੁਰਬਾਣੀ ਦਾ ਪ੍ਰਚਾਰ ਸਮਝਾਂਗੇ ਨਾ ਕਿ ਬੇਅਦਬੀ।

ਕੁਝ ਸਵੇਦਨਸ਼ੀਲ ਮਸਲੇ ਜਿਵੇਂ ਰਾਗ ਮਾਲਾ, ਅਖੌਤੀ ਦਸਮ ਗ੍ਰੰਥ, ਸਿੱਖ ਬੀਬੀਆਂ ਦੀ "ਦਰਬਾਰ ਸਾਹਿਬ ਅੰਮ੍ਰਿਤਸਰ" ਵਿਖੇ ਕੀਰਤਨ ਅਤੇ ਪੰਜਾਂ ਪਿਆਰਿਆਂ ਵਿੱਚ ਲੱਗਨ ਦੀ ਸੇਵਾ, ਗੁਰਦੁਆਰਿਆਂ ਵਿੱਚ ਸਿਧਾਂਤਕ ਸਿੱਖ ਰਹਿਤ ਮਰਯਾਦਾ ਅਤੇ ਅਸਲੀ ਨਾਨਕਸ਼ਾਹੀ ਕੈਲੰਡਰ ਲਾਗੂ ਕਰਨਾਂ ਆਦਿਕ ਨੂੰ ਫੌਰਨ ਬੜੀ ਦ੍ਰਿੜਤਾ ਅਤੇ ਸੁਹਿਰਦਤਾ ਨਾਲ, ਨਿਕਟ ਭਵਿੱਖ ਵਿੱਚ ਹੱਲ ਕਰਾਂਗੇ "ਨੋਟ-ਮਰਯਾਦਾ ਚੋਂ ਭਗਾਉਤੀ=ਦੁਰਗਾ ਖੂੰਖਾਰ ਕਲਪਿਤ ਦੇਵੀ ਦੀ ਅਰਾਧਨਾ ਅਰਦਾਸ ਚੋਂ ਦ੍ਰਿੜਤਾ ਨਾਲ ਛੱਡਾਂਗੇ" ਆਏ ਦਿਨ ਸਾਧਾਂ ਸੰਪ੍ਰਦਾਈਆਂ ਦੇ ਦਬਾਅ ਥੱਲੇ ਆ ਕੇ, ਅਖੌਤੀ ਜਥੇਦਾਰਾਂ ਵਲੋਂ, ਪੰਥਕ ਵਿਦਵਾਨਾਂ ਨੂੰ ਪੰਥ ਵਿੱਚੋ ਛੇਕਣਾ ਅਤੇ ਛੇਕਣ ਦੀਆਂ ਧਮਕੀਆਂ ਦੇਣ ਦੀ ਬਜਾਏ ਸਗੋਂ ਵਿਚਾਰ ਗੋਸ਼ਟੀਆਂ ਦਾ ਸਿਲਸਿਲਾ ਚਲਾ ਕੇ, ਵਿਚਾਰ ਵਿਟਾਂਦਰੇ ਅਤੇ ਪ੍ਰੇਮ ਪਿਆਰ ਰਾਹੀਂ ਮਸਲੇ ਹੱਲ ਕਰਾਂਗੇ। ਪੰਥਕ ਅਖ਼ਬਾਰਾਂ, ਰਸਾਲੇ, ਰੇਡੀਓ, ਲਿਖਾਰੀ ਅਤੇ ਜੋ ਅਦਾਰੇ "ਸ਼ਬਦ ਗੁਰੂ ਗ੍ਰੰਥ" ਜੀ ਦੀ ਵਿਚਾਰਧਾਰਾ ਅਤੇ ਗੁਰੂ ਸਿਧਾਂਤਾਂ ਵਾਲੀ ਸਿੱਖ ਰਹਿਤ ਮਰਯਾਦਾ ਦਾ ਡਟ ਕੇ ਪ੍ਰਚਾਰ ਕਰਦੇ ਨੇ, ਉਨ੍ਹਾਂ ਦੀ ਹਰ ਤਰ੍ਹਾਂ ਮਦਦ ਕਰਾਂਗੇ। ਮਰਯਾਦਾ ਵਿੱਚ ਕਰਨਯੋਗ ਤਬਦੀਲੀਆਂ "ਸ਼ਬਦ ਗੁਰੂ ਗ੍ਰੰਥ" ਦੀ ਸਿਧਾਂਤਕ ਕਸਵਟੀ ਤੇ ਕਰਾਂਗੇ। ਜੋ ਡੇਰੇ ਜਾਂ ਗੁਰਦੁਆਰੇ ਗੁਰ ਮਰਯਾਦਾ ਨੂੰ ਨਹੀਂ ਮੰਨਦੇ ਉਥੇ ਜਾਣਾ ਅਤੇ ਖੂਨ ਪਸੀਨੇ ਦੀ ਕੀਤੀ ਕਮਾਈ ਚੋਂ ਭੇਟਾ ਚੜਾਉਣੀ ਬੰਦ ਕਰਾਂਗੇ ਜੋ ਕੌਮੀ ਪੈਸੇ ਦੀ ਦੁਰਵਰਤੋਂ ਕਰ ਰਹੇ ਹਨ।

**ਨੋਟ-** ਛੁੱਟੀਆਂ ਜਾਂ ਜਦੋਂ ਵੀ ਵਿਹਲ ਮਿਲੇ ਇਸਾਈ ਮਿਸ਼ਨਰੀਆਂ ਦੀ ਤਰ੍ਹਾਂ ਡੋਰ-ਟੂ-ਡੋਰ, ਹਰੇਕ ਮਾਈ-ਭਾਈ ਪ੍ਰਚਾਰ ਕਰੇ ਅਤੇ ਗੁਰਮਤਿ ਸਬੰਧੀ ਵਧੀਆ ਲਿਟ੍ਰੇਚਰ ਵੰਡਿਆ ਜਾਵੇ। ਜੇ ਅਜਿਹਾ ਕਰਦੇ ਹਾਂ ਤਾਂ ਨਵਾਂ ਸਾਲ ਮੁਬਾਰਕ ਤੇ ਭਾਗਾਂਵਾਲਾ ਹੋ ਸਕਦੈ ਵਰਨਾਂ ਰਸਮੀ ਪਾਠ, ਕੀਰਤਨ, ਕਥਾ, ਢਾਡੀ ਦਰਬਾਰਾਂ, ਵੰਨ ਸੁਵੰਨੇ ਲੰਗਰ ਅਤੇ ਡੈਕੋਰੇਸ਼ਨਾਂ ਦਾ ਸਮੇਂ ਅਤੇ ਧੰਨ ਦੀ ਬਰਬਾਦੀ ਤੋਂ ਬਿਨਾ, ਕੋਈ ਬਹੁਤਾ ਫਾਇਦਾ ਨਹੀਂ ਹੋਣਾ, ਜਿਨ੍ਹਾਂ ਚਿਰ ਗੁਰੂ ਬਾਬਾ ਨਾਨਕ ਜੀ ਦੀ ਸੱਚੀ-ਸੁੱਚੀ ਤੇ ਵਿਗਿਆਨਕ ਵਿਚਾਰਧਾਰਾ ਨੂੰ ਨਹੀਂ ਅਪਨਾਉਂਦੇ ਅਤੇ ਉਸ ਦਾ ਪ੍ਰਚਾਰ ਅਮਲੀ ਰੂਪ ਵਿੱਚ ਨਹੀਂ ਕਰਦੇ। ਪੁਜਰੀਵਾਦ, ਸਾਧਵਾਦ, ਭੇਖਵਾਦ, ਸੁੱਚ-ਭਿਟ, ਭਰਮ ਅਤੇ ਪਾਖੰਡਵਾਦ ਤੋਂ ਗੁਰੂ ਗਿਆਨ ਆਸਰੇ ਬਚ ਜਾਈਏ ਅਤੇ (ਏਕੁ ਪਿਤਾ ਏਕਸ ਕੇ ਹਮ ਬਾਰਿਕ-(੬੧੨) ਦਾ ਗੁਰੂ ਸਿਧਾਂਤ ਅਪਣਾ ਲਈਏ ਤਾਂ ਨਵਾਂ ਸਾਲ ਮੁਬਾਰਕ ਹੈ।

# ਹੈਰੀਟੇਜ ਟ੍ਰੈਕ 'ਤੇ ਇਸੇ ਸਾਲ ਸ਼ੁਰੂ ਹੋ ਜਾਵੇਗੀ ਹਾਈਡ੍ਰੋਜਨ ਟ੍ਰੇਨ

**ਨਵੀਂ ਦਿੱਲੀ-** ਭਾਰਤੀ ਰੇਲਵੇ ਨੇ ਦੇਸ਼ ਦੇ ਪ੍ਰਮੁੱਖ ਹੈਰੀਟੇਜ ਟ੍ਰੇਨ ਰੂਟਾਂ 'ਤੇ ਹਾਈਡ੍ਰੋਜਨ ਟ੍ਰੇਨਾਂ ਦੇ ਸੰਚਾਲਨ ਦੀ ਤਿਆਰੀ ਕਰ ਲਈ ਹੈ। ਜਰਮਨੀ, ਚੀਨ ਤੇ ਫਰਾਂਸ ਤੋਂ ਬਾਅਦ ਭਾਰਤ ਦੁਨੀਆ ਦਾ ਚੌਥਾ ਦੇਸ਼ ਹੋਵੇਗਾ, ਜਿੱਥੇ ਹਾਈਡ੍ਰੋਜਨ ਫਿਊਲ 'ਤੇ ਟ੍ਰੇਨਾਂ ਦਾ ਸੰਚਾਲਨ ਕੀਤਾ ਜਾਵੇਗਾ। ਚਾਲੂ ਵਰ੍ਹੇ 2023 ਦੌਰਾਨ ਚੁਣੇ ਅੱਠ ਪ੍ਰਮੁੱਖ ਹੈਰੀਟੇਜ ਰੇਲਵੇ ਟ੍ਰੈਕ ਰੂਟਾਂ 'ਤੇ ਪਹਿਲੇ ਪੜਾਅ 'ਚ ਇਨ੍ਹਾਂ ਟ੍ਰੇਨਾਂ ਨੂੰ ਚਲਾਇਆ




ਜਾਵੇਗਾ। ਇਸ ਸਾਲ ਦਸੰਬਰ ਤਕ ਨੈਰੋਗੇਜ ਦੇ ਹੈਰੀਟੇਜ ਰੂਟਾਂ 'ਤੇ ਹਾਈਡ੍ਰੋਜਨ ਟ੍ਰੇਨ ਚੱਲਣੀ ਸ਼ੁਰੂ ਹੋ ਜਾਵੇਗੀ। ਯਾਨੀ 2023 ਦਸੰਬਰ ਤੋਂ ਹੈਰੀਟੇਜ ਰੂਟ ਪੂਰੀ ਤਰ੍ਹਾਂ ਨਾਲ ਗ੍ਰੀਨ ਹੋ ਜਾਣਗੇ। ਭਾਰਤੀ ਰੇਲਵੇ ਮੁਤਾਬਕ ਇਨ੍ਹਾਂ ਸਾਰੇ ਹੈਰੀਟੇਜ ਰੇਲਵੇ ਲਾਈਨਾਂ 'ਤੇ ਫਿਲਹਾਲ ਡੀਜ਼ਲ ਇੰਜਣ ਵਾਲੀਆਂ ਟ੍ਰੇਨਾਂ ਚਲਾਈਆਂ ਜਾ ਰਹੀਆਂ ਹਨ। ਪਰ ਇਹ ਸਾਰੀਆਂ ਲਾਈਨਾਂ ਅਜਿਹੇ ਖੇਤਰਾਂ 'ਚੋਂ ਹੋ ਕੇ ਗੁਜ਼ਰਦੀਆਂ ਹਨ, ਜਿੱਥੋਂ ਦਾ ਵਾਤਾਵਰਨ ਬੇਹੱਦ ਸੰਵੇਦਨਸ਼ੀਲ ਹੈ। ਉਸਦੀ ਸੰਭਾਲ ਨੂੰ ਦੇਖਦਿਆਂ ਪ੍ਰਦੂਸ਼ਣ ਮੁਕਤ ਫਿਊਲ ਦੀ ਵਰਤੋਂ ਕੀਤੀ ਜਾਵੇਗੀ।

ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਣਵ ਨੇ ਮੰਗਲਵਾਰ ਨੂੰ ਦੱਸਿਆ ਕਿ ਪਾਇਲਟ ਪ੍ਰਾਜੈਕਟ ਦੇ ਤੌਰ 'ਤੇ ਰੇਲਵੇ ਹਾਈਡ੍ਰੋਜਨ ਗੈਸ ਨਾਲ ਸੰਚਾਲਿਤ ਟ੍ਰੇਨਾਂ ਦਾ ਪ੍ਰੋਟੋਟਾਈਪ ਨਾਦਰਨ ਰੇਲਵੇ ਦੀ ਵਰਕਸ਼ਾਪ 'ਚ ਬਣਾ ਰਿਹਾ ਹੈ। ਇਸਦਾ ਟੈਸਟ ਰਨ ਯਾਨੀ ਪ੍ਰੀਖਣ ਹਰਿਆਣਾ ਦੇ ਸੋਨੀਪਤ-ਜੀਂਦ ਬਲਾਕ 'ਚ ਹੋਵੇਗਾ। ਇੱਥੇ ਚਲਾਈਆਂ ਜਾਣ ਵਾਲੀਆਂ ਟ੍ਰੇਨਾਂ ਚੀਨ ਤੇ ਜਰਮਨੀ ਦੀ ਤਰਜ਼ 'ਤੇ ਤਿਆਰ ਕੀਤੀਆਂ ਗਈਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਦਸੰਬਰ 2023 ਤਕ ਦੇਸ਼ ਦੀਆਂ ਵਿਰਾਸਤਾਂ ਦੀ ਸੰਭਾਲ ਲਈ ਸਾਰੇ ਹੈਰੀਟੇਜ ਮਾਰਗਾਂ 'ਤੇ ਹਾਈਡ੍ਰੋਜਨ ਟ੍ਰੇਨਾਂ ਦਾ ਸੰਚਾਲਨ ਸ਼ੁਰੂ ਹੋ ਜਾਵੇਗਾ। ਇਨ੍ਹਾਂ ਟ੍ਰੇਨਾਂ ਦੇ ਸੰਚਾਲਨ ਨਾਲ ਵਾਤਾਵਰਨ ਦੀ ਸੁਰੱਖਿਆ ਦੇ ਨਾਲ ਹੀ ਟ੍ਰੇਨਾਂ ਨੂੰ ਰਫ਼ਤਾਰ ਮਿਲੇਗੀ। ਸੁਗਮ ਸਫ਼ਰ ਤੇ ਸਰਕਾਰ 'ਤੇ ਸਸਤੇ ਈਂਧਨ ਦੀ ਖ਼ਪਤ ਨਾਲ ਇਸਦੇ ਸੰਚਾਲਨ 'ਚ ਲਾਗਤ ਵੀ ਘੱਟ ਹੋਵੇਗੀ।

ਵੈਸ਼ਣਵ ਨੇ ਗ਼ੈਰ ਰਸਮੀ ਗੱਲਬਾਤ 'ਚ ਦੱਸਿਆ ਕਿ ਵਾਤਾਵਰਨ ਸੰਭਾਲ ਦੇ ਮੱਦੇਨਜ਼ਰ ਹੈਰੀਟੇਜ ਰੇਲ ਰੂਟਾਂ 'ਤੇ ਹਾਈਡ੍ਰੋਜਨ ਫਿਊਲ ਅਧਾਰਤ ਟ੍ਰੇਨਾਂ ਦਾ ਸੰਚਾਲਨ ਕੀਤਾ ਜਾਵੇਗਾ। ਇਨ੍ਹਾਂ 'ਚ ਜ਼ਿਆਦਾਤਰ ਨੈਰੋਗੇਜ ਲਾਈਨਾਂ ਹਨ, ਜਿੱਥੇ ਹਲਕੇ ਭਾਰ ਦੀਆਂ ਟ੍ਰੇਨਾਂ ਚਲਾਈਆਂ ਜਾਣਗੀਆਂ। ਇਨ੍ਹਾਂ ਟ੍ਰੇਨਾਂ ਨੂੰ 'ਵੰਦੇ ਮੈਟਰੋ' ਦੇ ਨਾਂ ਨਾਲ ਜਾਣਿਆ ਜਾਵੇਗਾ।' ਰੇਲ ਮੰਤਰੀ ਵੈਸ਼ਣਵ ਨੇ ਦੱਸਿਆ ਕਿ ਰੇਲਵੇ ਨੂੰ ਭਾਰੀ ਬਜਟ ਦੀ ਜ਼ਰੂਰਤ ਹੈ। ਰੇਲਵੇ ਭਾਰਤ ਸਰਕਾਰ ਦੀਆਂ ਤਰਜੀਹਾਂ 'ਚ ਹੈ। ਹਾਈਡ੍ਰੋਜਨ ਟ੍ਰੇਨਾਂ ਨੂੰ ਚਲਾਉਣ ਲਈ ਦੇਸ਼ 'ਚ ਪਹਿਲਾਂ ਤੋਂ ਚੱਲ ਰਹੀਆਂ ਟ੍ਰੇਨਾਂ ਦੇ ਇੰਜਣ ਤੇ ਡੱਬਿਆਂ 'ਚ ਕਈ ਸਾਰੇ ਜ਼ਰੂਰੀ ਬਦਲਾਅ ਕੀਤੇ ਹਨ। ਡੱਬਿਆਂ 'ਚ ਵੀ ਪ੍ਰੋਪਲਸ਼ਨ ਯੂਨਿਟ ਲਗਾਈ ਜਾਵੇਗੀ। ਇਸਦੇ ਨਾਲ ਹੀ ਵਿਸਟਾਡੋਮ ਕੋਚ ਲਗਾਏ ਜਾਣਗੇ। ਅਜਿਹਾ ਮੰਨਿਆ ਜਾ ਰਿਹਾ ਹੈ ਕਿ ਦੋ ਸਾਲਾਂ 'ਚ ਦੇਸ਼ 'ਚ ਪੂਰੀ ਤਰ੍ਹਾਂ ਨਾਲ ਹਾਈਡ੍ਰੋਜਨ ਟ੍ਰੇਨ ਸ਼ੁਰੂ ਹੋ ਜਾਵੇਗੀ। ਸੈਂਟਰਲ ਰੇਲਵੇ ਦੀ ਮਾਥੇਰਨ ਹਿਲਸ ਰੇਲਵੇ 'ਚ ਨੈਰੋਗੇਜ ਦੀ 19.97 ਕਿਮੀ, ਨਾਰਥਈਸਟ ਫਰੰਟੀਅਰ ਰੇਲਵੇ 'ਚ 88.6 ਕਿਮੀ ਲੰਬੀ ਨੈਰੋਗੇਜ ਲਾਈਨ, ਨਾਦਰਨ ਰੇਲਵੇ 'ਚ ਕਾਲਕਾ-ਸ਼ਿਮਲਾ ਰੇਲਵੇ ਦੀ 95.4 ਕਿਮੀ ਨੈਰੋਗੇਜ ਲਾਈਨ ਤੇ ਨਾਦਰਨ ਰੇਲਵੇ ਦੀ ਹੀ ਕਾਂਗੜਾ ਵੈਲੀ 'ਚ 164 ਕਿਮੀ ਦੀ ਨੈਰੋਗੇਜ ਲਾਈਨ 'ਤੇ ਹਾਈਡ੍ਰੋਜਨ ਇੰਜਣ ਵਾਲੀਆਂ ਟ੍ਰੇਨਾਂ ਦਾ ਸੰਚਾਲਨ ਕੀਤਾ ਜਾਵੇਗਾ। ਇਸੇ ਤਰ੍ਹਾਂ ਵੈਸਟਰਨ ਰੇਲਵੇ ਦੀ ਬਿਲਮੋਰਾ ਵਾਘਈ ਦੀ 62.7 ਕਿਮੀ ਮਾਹੂ-ਪਾਤਲਪਾਣੀ ਦੀ 58 ਕਿਮੀ ਲੰਬੀ ਮੀਟਰ ਗੇਜ, ਸਦਰਨ ਰੇਲਵੇ ਦੀ ਨੀਲਗਿਰੀ ਮਾਊਨਟੇਨ ਰੇਲਵੇ ਦੀ 46 ਕਿਮੀ ਮੀਟਰ ਗੇਜ ਲਾਈਨ ਤੇ ਨਾਰਥਵੈਸਟਰਨ ਰੇਲਵੇ ਦੀ ਮਾਰਵਾੜ-ਦੇਵਗੜ੍ਹ ਮਾਦ੍ਰਿਆ ਦੀ 52 ਕਿਮੀ ਲੰਬੀ ਮੀਟਰ ਗੇਜ ਲਾਈਨ ਨੂੰ ਹਾਈਡ੍ਰੋਜਨ ਨਾਲ ਚੱਲਣ ਵਾਲੀਆਂ ਟ੍ਰੇਨਾਂ ਲਈ ਚੁਣਿਆ ਗਿਆ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2023 ਦੀਆਂ ਲੱਖ-ਲੱਖ ਵਧਾਈਆਂ

















**ਗੁਰੂ ਘਰ ਦੇ ਮੌਜੂਦਾ ਸੇਵਾਦਾਰ**

ਗੁਰਨਾਮ ਸਿੰਘ ਭੰਡਾਲ (ਚੇਅਰਮੈਨ), ਪਰਸ਼ੋਤਮ ਸੂਦ (ਵਾਈਸ ਚੇਅਰਮੈਨ), ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ), ਮੋਹਿੰਦਰ ਸਿੰਘ ਰੱਤੂ (ਵਾਈਸ ਪ੍ਰਧਾਨ), ਕੁਲਦੀਪ ਸਿੰਘ (ਜਨਰਲ ਸਕੱਤਰ), ਦਲਵਿੰਦਰ ਰੱਲ੍ਹ (ਵਾਈਸ ਜਨਰਲ ਸਕੱਤਰ), ਰਾਮ ਸੇਵਕ ਭਾਟੀਆ (ਕੈਸ਼ੀਅਰ), ਜਗਮੇਲ ਸਿੰਘ, ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ), ਕ੍ਰਿਸ਼ਨ ਸਿੰਘ (ਵਾਈਸ ਸਟੇਜ ਸਕੱਤਰ), ਅਸ਼ੋਕ ਕੁਮਾਰ (ਮੀਡੀਆ ਪਰਸਨ), ਲਖਬੀਰ ਸੂਦ (ਡਾਇਰੈਕਟਰ), ਜਸਵਿੰਦਰ ਸਿੰਘ (ਡਾਇਰੈਕਟਰ)

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

| ਸ੍ਰੀ ਗੁਰਨਾਮ ਸਿੰਘ ਭੰਡਾਲ | ਸ੍ਰੀ ਸ਼ਿੰਗਾਰਾ ਸਿੰਘ ਰੱਲ | ਭਾਈ ਗੁਰਦਿਆਲ ਸਿੰਘ | ਸ੍ਰੀ ਕ੍ਰਿਸ਼ਨ ਸਿੰਘ |
|---|---|---|---|
| (530) 218-4468 | (530) 713-1823 | (530) 441-4165 | (916) 694-3546 |

**Shri Guru Ravidass Temple 1480 HAYNE AVE YUBA CITY, CA. Ph- 530-674-2564**

# ਯੂਕੇ: ਜਗਰਾਜ ਸਿੰਘ ਸਰਾਂ ਨੂੰ ਵੱਕਾਰੀ ਸਨਮਾਨ "ਬ੍ਰਿਟਿਸ਼ ਐਂਪਾਇਰ ਮੈਡਲ" ਮਿਲਣ ਦਾ ਐਲਾਨ

## ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਊਥਾਲ ਵਿਖੇ ਨਤਮਸਤਕ ਹੋਣ 'ਤੇ ਕੀਤਾ ਸਨਮਾਨਿਤ



**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਸੰਨ 2006 ਤੋਂ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਯੂਕੇ ਰਾਹੀਂ ਸਮਾਜ ਸੇਵਾ ਕਾਰਜਾਂ ਨੂੰ ਪ੍ਰਣਾਏ ਜਗਰਾਜ ਸਿੰਘ ਸਰਾਂ ਨੂੰ ਬਰਤਾਨਵੀ ਸ਼ਾਹੀ ਪਰਿਵਾਰ ਵੱਲੋਂ ਵੱਕਾਰੀ ਸਨਮਾਨ "ਬ੍ਰਿਟਿਸ਼ ਐਂਪਾਇਰ ਮੈਡਲ" ਦੇਣ ਦਾ ਐਲਾਨ ਹੋਣ ਨਾਲ ਭਾਈਚਾਰੇ ਵਿੱਚ ਖੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ। ਜਗਰਾਜ ਸਿੰਘ ਸਰਾਂ ਨੂੰ ਵਧਾਈਆਂ ਦੇਣ ਵਾਲਿਆਂ 'ਚ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਐਲਾਨ ਉਪਰੰਤ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਊਥਾਲ ਵਿਖੇ ਪ੍ਰਧਾਨ ਹਿੰਮਤ ਸਿੰਘ ਸੋਹੀ ਦੀ ਅਗਵਾਈ ਵਿੱਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਜਗਰਾਜ ਸਿੰਘ ਸਰਾਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਕਮੇਟੀ ਅਤੇ ਸੰਗਤ ਦਾ ਧੰਨਵਾਦ ਕਰਦਿਆਂ ਜਗਰਾਜ ਸਿੰਘ ਸਰਾਂ ਨੇ ਕਿਹਾ ਕਿ ਨਵਾਂ ਸਾਲ ਸਾਰੀ ਦੁਨੀਆਂ ਲਈ ਖੁਸ਼ੀਆਂ ਲੈ ਕੇ ਆਵੇ ਅਤੇ ਮਨੁੱਖਤਾ ਕੁਦਰਤ ਨਾਲ ਇੱਕ ਹੋ ਕੇ ਰਹੇ। ਉਹਨਾਂ ਪਿੰਗਲਵਾੜਾ ਸੰਸਥਾ ਨਾਲ ਜੁੜਣ ਲਈ ਵੀ ਸੰਗਤਾਂ ਦਾ ਧੰਨਵਾਦ ਕੀਤਾ। ਇਸ ਪ੍ਰਤੀਨਿਧ ਨਾਲ ਗੱਲਬਾਤ ਦੌਰਾਨ ਉਹਨਾਂ ਕਿਹਾ ਕਿ 17 ਸਾਲਾਂ ਦੀ ਸੇਵਾ ਘਾਲਣਾ ਬਦਲੇ ਮਿਲਿਆ ਇਹ ਸਨਮਾਨ ਉਹ ਆਪਣੇ ਮਾਤਾ ਪਿਤਾ, ਪਿੰਗਲਵਾੜਾ ਸੰਸਥਾ ਦੇ ਮੌਜੂਦਾ ਮੁੱਖ ਸੇਵਾਦਾਰ ਬੀਬੀ ਡਾ: ਇੰਦਰਜੀਤ ਕੌਰ ਜੀ ਅਤੇ ਸਮੂਹ ਸਾਥੀਆਂ ਅਤੇ ਸੰਗਤਾਂ ਨੂੰ ਸਮਰਪਿਤ ਕਰਦਾ ਹਾਂ, ਜਿਹਨਾਂ ਨੇ ਹਰ ਸਮੇਂ ਸਾਥ ਦਿੱਤਾ ਹੈ। ਜਿਕਰਯੋਗ ਹੈ 1978 ਵਿੱਚ ਜ਼ਿਲ੍ਹਾ ਮੋਗਾ ਦੇ ਪਿੰਡ ਮੰਡੀਰਾਂ ਵਾਲਾ ਤੋਂ ਇੰਗਲੈਂਡ ਆ ਵਸੇ ਜਗਰਾਜ ਸਿੰਘ ਸਰਾਂ ਹੀਥਰੋ ਇਸਟੇਟ ਨਾਮ ਦੇ ਕਾਰੋਬਾਰ ਦੇ ਕਰਤਾ ਧਰਤਾ ਹਨ। 2006 ਤੋਂ ਸੇਵਾ ਕਾਰਜ ਕਰਦਿਆਂ ਉਹਨਾਂ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਯੂਕੇ ਨੂੰ 2018 'ਚ ਚੈਰਿਟੀ ਦੇ ਤੌਰ 'ਤੇ ਰਜਿਸਟਰਡ ਕਰਵਾਇਆ। ਮਾਨਵ ਸੇਵਾ ਦੇ ਦੂਜੇ ਨਾਮ ਵਜੋਂ ਜਾਣੇ ਜਾਂਦੇ ਭਗਤ ਪੂਰਨ ਸਿੰਘ ਜੀ ਅਤੇ ਡਾ: ਇੰਦਰਜੀਤ ਕੌਰ ਜੀ ਦੀ ਸਖਸ਼ੀਅਤ ਤੋਂ ਬੇਹੱਦ ਪ੍ਰਭਾਵਿਤ ਜਗਰਾਜ ਸਿੰਘ ਸਰਾਂ ਰਹਿੰਦੇ ਜੀਵਨ ਦਾ ਹਰ ਸਾਹ ਮਾਨਵਤਾ ਲੇਖੇ ਲਾਉਣਾ ਲੋਚਦੇ ਹਨ। ਉਹਨਾਂ ਇਸ ਸਨਮਾਨ ਲਈ ਨਾਮਜ਼ਦ ਹੋਣ 'ਤੇ ਜਿੱਥੇ ਬਰਤਾਨਵੀ ਸ਼ਾਹੀ ਪਰਿਵਾਰ ਦਾ ਧੰਨਵਾਦ ਕੀਤਾ ਹੈ, ਉੱਥੇ ਸੁਸਾਇਟੀ ਦੇ ਸਮੂਹ ਮੈਂਬਰਾਨ ਅਤੇ ਸਹਿਯੋਗੀਆਂ ਨੂੰ ਵੀ ਹਾਰਦਿਕ ਵਧਾਈ ਪੇਸ਼ ਕੀਤੀ ਹੈ।

# ਪੱਖੋਕੇ ਕੁਸ਼ਤੀ ਅਖਾੜਾ ਦੇ ਬਾਨੀ ਹਰਭਜਨ ਸਿੰਘ ਪੱਖੋਕੇ ਦੀ ਮੌਤ ’ਤੇ ਗਹਿਰਾ ਦੁੱਖ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਡਾਕਟਰ ਸਵੈਮਾਨ ਦੇ ਪਿਤਾ ਜਸਵਿੰਦਰਪਾਲ ਸਿੰਘ ਦੇ ਚਾਚਾ ਜੀ ਅਤੇ ਰੁਸਤਮ-ਏ-ਜਮਾ ਦਾਰਾ ਸਿੰਘ ਦੇ ਛੋਟੇ ਭਰਾ ਸਰਦਾਰਾ ਸਿੰਘ ਰੰਧਾਵਾ ਦੇ ਕੁੜਮ ਹਰਭਜਨ ਸਿੰਘ ਪਹਿਲਵਾਨ ਦੀ ਮੌਤ ਦੀ ਖਬਰ ਸੁਣ ਕੇ ਦੇਸ਼-ਵਿਦੇਸ਼ ਦੇ ਪਹਿਲਵਾਨਾਂ ਵੱਲੋਂ ਗਹਿਰਾ ਦੁੱਖ ਪ੍ਰਗਟ ਕੀਤਾ ਜਾ ਰਿਹਾ ਹੈ। ਹਰਭਜਨ ਸਿੰਘ ਪੱਖੋਕੇ ਆਪਣੇ ਸਮੇਂ ਦੇ ਫ੍ਰੀ ਸਟਾਈਲ ਕੁਸ਼ਤੀ ਦੇ ਨਾਮੀ ਪਹਿਲਵਾਨ ਰਹੇ ਹਨ, ਜਿਹਨਾਂ ਦੇਸ਼ ਵਿਦੇਸ਼ ਵਿਚ ਪੱਖੋਕੇ ਦਾ ਨਾਂ ਰੌਸ਼ਨ ਕੀਤਾ ਅਤੇ ਦਾਰਾ ਸਿੰਘ ਪਹਿਲਵਾਨ ਦੀ ਅਗਵਾਈ ਹੇਠ ਅਨੇਕਾਂ ਕੁਸ਼ਤੀਆਂ ਲੜੀਆਂ, ਜੋ ਅੱਜਕਲ੍ਹ ਪੱਖੋਕੇ ਰਹਿ ਕੇ ਕੁਸ਼ਤੀ ਅਖਾੜਾ ਚਲਾ ਰਹੇ ਸਨ ਪਰ ਪਿਛਲੇ 2 ਸਾਲ ਤੋਂ ਬਿਮਾਰ ਚੱਲ ਰਹੇ ਸਨ, ਜਿਹਨਾਂ ਦਾ ਕੱਲ੍ਹ ਪੱਖੋਕੇ ਵਿਖੇ ਦਿਹਾਂਤ ਹੋ ਗਿਆ। ਉਹ ਆਪਣੇ ਪਿੱਛੇ ਇਕ ਲੜਕੀ ਤੇ ਦੋ ਲੜਕੇ, ਪੋਤੇ, ਪੋਤੀਆਂ ਛੱਡ ਗਏ ਹਨ। ਉਹਨਾਂ ਦੀ ਮੌਤ ਤੇ ਪੰਜਾਬ ਕੁਸ਼ਤੀ ਸੰਸਥਾ ਦੇ ਪ੍ਰਧਾਨ ਪਦਮਸ੍ਰੀ ਕਰਤਾਰ ਸਿੰਘ ਆਈ. ਜੀ. (ਸੇਵਾ ਮੁਕਤ), ਵਿੱਤ ਸਕੱਤਰ ਪੀ. ਆਰ. ਸੋਧੀ, ਸਕੱਤਰ ਆਰ. ਐਸ. ਕੁੰਡੂ, ਸੋਹਣ ਸਿੰਘ ਪਹਿਲਵਾਨ, ਸਾਊਥ ਏਸ਼ੀਆ ਚੈਂਪੀਅਨ ਸਰਵਣ ਸਿੰਘ, ਅਰਜਨਾ ਅਵਾਰਡੀ ਰਣਧੀਰ ਸਿੰਘ ਧੀਰਾ, ਸਰਪ੍ਰਸਤ ਰਾਜਿੰਦਰ ਸਿੰਘ ਕੁਮੈਂਟਰ, ਸਿਆਟਲ ਤੋਂ ਜਗਦੇਵ ਸਿੰਘ ਧਾਲੀਵਾਲ ਕੁਸ਼ਤੀ ਕੋਚ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।







# ਸ਼ਿਵਾ ਚੌਹਾਨ ਬਣੀ ਸਿਆਚਿਨ ਗਲੇਸ਼ੀਅਰ ’ਚ ਤਾਇਨਾਤ ਹੋਣ ਵਾਲੀ ਪਹਿਲੀ ਮਹਿਲਾ ਫੌਜੀ ਅਧਿਕਾਰੀ

**ਨਵੀਂ ਦਿੱਲੀ–** ਇੰਜਨੀਅਰਜ਼ ਕੋਰ ਦੀ ਕੈਪਟਨ ਸ਼ਿਵਾ ਚੌਹਾਨ ਨੂੰ ਸਿਆਚਿਨ ਗਲੇਸ਼ੀਅਰ ਵਿੱਚ ਸਰਹੱਦੀ ਚੌਕੀ ’ਤੇ ਤਾਇਨਾਤ ਕੀਤਾ ਗਿਆ ਹੈ। ਵਿਸ਼ਵ ਦੇ ਸਭ ਤੋਂ ਉੱਚੇ ਜੰਗ ਦੇ ਮੈਦਾਨ ਵਿੱਚ ਪਹਿਲੀ ਵਾਰ ਕਿਸੇ ਮਹਿਲਾ ਫੌਜੀ ਅਧਿਕਾਰੀ ਨੂੰ ਅਪਰੇਸ਼ਨਲ ਪੋਸਟਿੰਗ ਦਿੱਤੀ ਗਈ ਹੈ। ਮਹਿਲਾ ਅਧਿਕਾਰੀ ਨੂੰ ਕੁਮਾਰ ਪੋਸਟ ’ਤੇ ਤਾਇਨਾਤੀ ਮਿਲੀ ਹੈ, ਜੋ ਸਿਆਚਿਨ ਵਿੱਚ ਕਰੀਬ 15,600 ਫੁੱਟ ਦੀ ਉਚਾਈ ’ਤੇ ਸਥਿਤ ਹੈ। ਫੌਜੀ ਅਧਿਕਾਰੀਆਂ ਨੇ ਕਿਹਾ ਕਿ ਮਹਿਲਾ ਫੌਜੀ ਨੂੰ ਸਿਆਚਿਨ ’ਚ ਤਾਇਨਾਤ ਕੀਤੇ ਜਾਣ ਤੋਂ ਪਹਿਲਾਂ ਤਿੰਨ ਮਹੀਨੇ ਦੀ ਸਖ਼ਤ ਸਿਖਲਾਈ ਦਿੱਤੀ ਗਈ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕੈਪਟਨ ਚੌਹਾਨ ਨੂੰ ਇਸ ਨਵੀਂ ਤਾਇਨਾਤੀ ਲਈ ਸ਼ੁਭ ਕਾਮਨਾਵਾਂ ਦਿੱਤੀਆਂ ਹਨ।




SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਇਸ ਸਾਲ ਮੁਫ਼ਤ ਅਨਾਜ ਯੋਜਨਾ ਤੇ ਖ਼ਰਚੇਗੀ 2 ਲੱਖ ਕਰੋੜ ਰੁਪਏ- ਅਸ਼ਵਨੀ ਸ਼ਰਮਾ

**ਚੰਡੀਗੜ੍ਹ : 1 ਜਨਵਰੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਦੀ ਕੇਂਦਰ ਸਰਕਾਰ ਦੇਸ਼ ਵਿੱਚੋਂ ਗਰੀਬੀ ਖਤਮ ਕਰਨ, ਗਰੀਬਾਂ ਦਾ ਜੀਵਨ ਪੱਧਰ ਉੱਚਾ ਚੁੱਕਣ, ਉਹਨਾਂ ਨੂੰ ਸਿੱਖਿਆ, ਰੋਜ਼ਗਾਰ, ਭੋਜਨ ਅਤੇ ਹੋਰ ਕਈ ਸਾਰੀਆਂ ਬੁਨਿਆਦੀ ਸਹੂਲਤਾਂ ਉਪਲੱਬਧ ਕਰਵਾਉਣ ਲਈ ਨਿਰੰਤਰ ਕੰਮ ਕਰ ਰਹੀ ਹੈ। ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਇਸ ਬਾਰੇ ਜਾਰੀ ਆਪਣੇ ਪ੍ਰੈਸ ਬਿਆਨ 'ਚ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਵਲੋਂ ਇਸ ਸਾਲ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਤਹਿਤ ਦੇਸ਼ ਦੇ 81.35 ਕਰੋੜ ਲਾਭਪਾਤਰੀਆ ਨੂੰ ਇਸ ਸਾਲ ਵੀ ਮੁਫ਼ਤ ਅਨਾਜ ਮੁਹੱਈਆ ਕਰਵਾਇਆ ਜਾਏਗਾ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਸ ਲਈ ਕੇਂਦਰ ਸਰਕਾਰ ਇਸ ਸਾਲ 31 ਦਸੰਬਰ 2023 ਤੱਕ ਇਸ ਸਭ ਤੇ 2 ਲੱਖ ਕਰੋੜ ਰੁਪਏ ਖਰਚ ਕਰੇਗੀ।


ਅਸ਼ਵਨੀ ਸ਼ਰਮਾ ਨੇ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਦੀ ਤਿੱਖੀ ਆਲੋਚਨਾ ਕਰਦੇ ਹੋਏ ਕਿਹਾ ਕਿ ਜਦੋਂ ਤੋਂ ਇਹ ਸਰਕਾਰ ਬਣੀ ਹੈ, ਲੋਕ ਭਲਾਈ ਦੀਆਂ ਸਾਰੀਆਂ ਸਕੀਮਾਂ ਬੰਦ ਹੋ ਚੁੱਕੀਆਂ ਹਨੀ ਉਹਨਾਂ ਪੰਜਾਬ ਸਰਕਾਰ ਨੂੰ ਨਸੀਹਤ ਦਿੰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਇਸ਼ਤਿਹਾਰਾਂ 'ਤੇ ਹਰ ਰੋਜ ਕਰੋੜਾਂ ਰੁਪਏ



ਬਰਬਾਦ ਕਰਨ ਦੀ ਬਜਾਏ ਲੋਕ ਭਲਾਈ ਸਕੀਮਾਂ 'ਤੇ ਅਤੇ ਲੋਕਾਂ ਨਾਲ ਕੀਤੇ ਹੋਏ ਵਾਅਦਿਆਂ ਨੂੰ ਪੂਰਾ ਕਰਨ 'ਤੇ ਖਰਚ ਕਰੇਗੀ ਭਗਵੰਤ ਮਾਨ ਸਰਕਾਰ ਪੰਜਾਬ ਦੀ ਜਨਤਾ ਤੇ ਟੈਕਸਾਂ ਦਾ ਨਵਾਂ ਬੋਝ ਵਧਾਉਣਾ ਬੰਦ ਕਰੇ। ਉਹਨਾਂ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਹਾਲਤ ਬਦਤਰ ਹੈ, ਪੰਜਾਬ ਸਰਕਾਰ ਦਾ ਇਸ ਵੱਲ ਕੋਈ ਧਿਆਨ ਨਹੀਂ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਜੀਐਸਟੀ 'ਤੋਂ ਕਮਾਈ ਦਿਨੋ ਦਿਨ ਘੱਟ ਰਹੀ ਹੈ, ਜੋ ਕਿ ਬਹੁਤ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਜੋ ਥਾਂ-ਥਾਂ ਧਰਨੇ ਲੱਗੇ ਹੋਏ ਹਨ, ਪੰਜਾਬ ਸਰਕਾਰ ਉਹਨਾਂ ਸਾਰੇ ਧਰਨਾਕਾਰੀਆਂ ਦੇ ਮਸਲੇ ਹੱਲ ਕਰੇ ਅਤੇ ਧੱਕੇਸ਼ਾਹੀ ਕਰਨੀ ਬੰਦ ਕਰੇ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਕੀਤੇ ਆਪਣੇ ਵਾਅਦਿਆਂ ਨੂੰ ਪੂਰਾ ਕਰ ਰਹੀ ਹੈ, ਖੇਤੀਬਾੜੀ ਲਈ ਪਾਣੀ ਦੀ ਸਿੰਚਾਈ ਵਿਵਸਥਾ ਨੂੰ ਦਰੁਸਤ ਕਰਨ ਲਈ ਇਸ ਸਾਲ 70 ਹਜ਼ਾਰ ਕਰੋੜ ਰੁਪਏ ਖਰਚ ਕਰ ਰਹੀ ਹੈ।ਉਹਨਾਂ ਪੰਜਾਬ ਸਰਕਾਰ ਨੂੰ ਬੇਨਤੀ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਡਿਪੂ ਹੋਲਡਰਾਂ ਦੀਆਂ ਸਾਰੀਆਂ ਸਮੱਸਿਆਵਾਂ ਵੱਲ ਧਿਆਨ ਦੇਵੇ ਤੇ ਤੁਰੰਤ ਹੱਲ ਕਰੇ।

# ਅਸ਼ਵਨੀ ਸ਼ਰਮਾ ਨੇ ਕੇਂਦਰੀ ਮੰਤਰੀ ਹਰਦੀਪ ਪੁਰੀ ਨਾਲ ਕੀਤੀ ਮੁਲਾਕਾਤ, ਰਾਜਨੀਤਿਕ ਹਾਲਾਤਾਂ ਬਾਰੇ ਕੀਤੀ ਚਰਚਾ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਦਿੱਲੀ ਵਿਖੇ ਕੇਂਦਰੀ ਮੰਤਰੀ ਹਰਦੀਪ ਸਿੰਘ



ਪੁਰੀ ਨਾਲ ਮੁਲਾਕਾਤ ਕਰਕੇ ਉਹਨਾਂ ਨੂੰ ਪੰਜਾਬ ਦੇ ਮੌਜੂਦਾ ਰਾਜਨੀਤਿਕ ਹਾਲਾਤਾਂ ਬਾਰੇ ਚਰਚਾ ਕੀਤੀ ਇਸ ਮੌਕੇ ਉਨ੍ਹਾਂ ਦੇ ਨਾਲ ਸੰਗਠਨ ਦੇ ਜਨਰਲ ਸਕੱਤਰ ਸ੍ਰੀਨਿਵਾਸੁਲੂ ਅਤੇ ਭਾਜਪਾ ਦੇ ਸੂਬਾ ਜਨਰਲ ਸਕੱਤਰ ਰਾਜੇਸ਼ ਬਾਘਾ ਵੀ ਮੌਜੂਦ ਸਨ।

ਰਾਜੇਸ਼ ਬਾਗਾ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆ ਕਿਹਾ ਕਿ ਭਾਜਪਾ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨਾਲ ਮੁਲਾਕਾਤ ਕਰ ਜਿੱਥੇ ਉਨ੍ਹਾਂ ਨੂੰ ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਸੰਗਠਨ ਮਹਾਮੰਤਰੀ ਸ਼੍ਰੀਨਿਵਾਸੁਲੁ ਨੇ ਭਾਜਪਾ ਪੰਜਾਬ ਦੇ ਸੰਗਠਨਾਤਮਕ ਢਾਂਚੇ ਬਾਰੇ ਕੇਂਦਰੀ ਮੰਤਰੀ ਨਾਲ ਚਰਚਾ ਕੀਤੀ। ਅਸ਼ਵਨੀ ਸ਼ਰਮਾ ਨੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਪੰਜਾਬ ਤੋਂ ਦੇਸ਼-ਵਿਦੇਸ਼ ਲਈ ਚੱਲਣ ਵਾਲੀਆਂ ਉਡਾਣਾਂ, ਜੋ ਕਿ ਕੁਝ ਕਾਰਨਾਂ ਕਰਕੇ ਇਥੋਂ ਬੰਦ ਜਾਂ ਡਾਇਵਰਟ ਕੀਤੀਆਂ ਗਈਆਂ ਸਨ, ਉਹਨਾਂ ਨੂੰ ਦੋਬਾਰਾ ਪੰਜਾਬ 'ਤੋਂ ਹੀ ਸ਼ੁਰੂ ਕੀਤੇ ਜਾਣ ਦੀ ਵੀ ਅਪੀਲ ਕੀਤੀ ਹੈ। ਅਸ਼ਵਨੀ ਸ਼ਰਮਾ ਨੇ 'ਗਰੀਬ ਕਲਿਆਣ ਅੰਨ ਯੋਜਨਾ' ਤਹਿਤ ਸਾਲ 2023 ਦੇ ਅੰਤ ਤੱਕ ਪੰਜਾਬ ਦੇ 1.80 ਕਰੋੜ ਲੋੜਵੰਦਾਂ ਅਤੇ ਗਰੀਬ ਲੋਕਾਂ ਨੂੰ ਅਨਾਜ ਮੁਹੱਈਆ ਕਰਵਾਉਣ ਦੀ ਯੋਜਨਾ ਦਾ ਵਿਸਥਾਰ ਕਰਨ ਲਈ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦਾ ਧੰਨਵਾਦ ਕੀਤਾ।

# ਨਵਾਂ ਸਾਲ 2023!!

ਨਵਾਂ ਸਾਲ ਤੁਹਾਡੇ ਲਈ ਪਰਿਵਾਰ ਸਮੇਤ ਢੇਰ ਸਾਰੀਆਂ ਖੁਸ਼ੀਆਂ ਲਿਆਵੇ ਅਤੇ ਸਿਹਤਮੰਦ ਹੋਵੇ!

2022ਵਾਂ ਸਾਲ ਕੌੜੀਆਂ -ਕੁਸੈਲੀਆਂ, ਮਿੱਠੀਆਂ -ਫਿੱਕੀਆਂ ਯਾਦਾਂ ਅਤੇ ਲੁੱਟ ਰਹੀ ਜਮਾਤ ਵਿਰੁੱਧ ਸੰਘਰਸ਼ਾਂ ਦੀਆਂ ਜਿੱਤਾਂ-ਹਾਰਾਂ ਨਾਲ ਬੀਤਿਆ।

ਬੀਤੇ ਸਾਲ ਦੌਰਾਨ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਅਣਹੋਣੀਆਂ ਘਟਨਾਵਾਂ ਨੇ ਆਪਣਾ ਗ਼ਲਬਾ ਬਣਾਕੇ ਰੱਖਿਆ। ਇਹ ਘਟਨਾਵਾਂ ਹਰੇਕ ਸੂਝਵਾਨ ਅਤੇ ਸਮਾਜੀ ਚਿੰਤਕਾਂ ਦਾ ਧਿਆਨ ਵੀ ਖਿੱਚਦੀਆਂ ਹੋਣਗੀਆਂ ਕਿ ਸੰਸਾਰ ਵਿੱਚ ਕਿਤੇ ਦੇਸ਼ਾਂ ਦੀਆਂ ਦੂਸਰੇ ਦੇਸ਼ਾਂ ਨਾਲ ਜੰਗਾਂ ਕਿਤੇ ਭੂਗੋਲਿਕ ਵਾਤਾਵਰਨ ਵਿੱਚ ਤਬਦੀਲੀਆਂ ਕਾਰਨ ਜਾਨਲੇਵਾ ਬਰਫ਼ੀਲੇ ਤੂਫ਼ਾਨ , ਕਿਤੇ ਸੋਕੇ, ਕਿਤੇ ਹੜ੍ਹ ਅਤੇ ਸਾਰੇ ਸੰਸਾਰ ਵਿੱਚ ਅਸਹਿ ਮਹਾਂ-ਮਾਰੀਆਂ ਨੇ ਲੱਖਾਂ-ਕਰੋੜਾਂ ਮਨੁੱਖੀ ਜਾਨਾਂ ਦੀਆਂ ਬਲ਼ੀਆਂ ਲਈਆਂ, ਜਿੰਨ੍ਹਾ ਵਾਰੇ ਬਾਰੀਕੀ ( Micro ) ਦੀ ਨਜ਼ਰ ਨਾਲ ਦੇਖਣ ਅਤੇ ਵਿਸ਼ਾਲ ਹਿਰਦੇ ਨਾਲ ਅਗਾਂਹ-ਵਧੂ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ।

ਨਵਾਂ ਸਾਲ 2023 ਵੀ ਬੀਤੇ ਸਾਲ ਵਾਂਗ ਕਿਰਤੀ ਜਮਾਤ ਲਈ ਚੁਣੌਤੀ ਭਰਿਆ ਹੀ ਹੋਵੇਗਾ ਕਿਉਂਕਿ ਜਦੋਂ ਤੱਕ ਸਮਾਜ ਦੀ ਬਣਤਰ ਲੋਕ ਹਿਤੈਸ਼ੀ ਨਹੀਂ ਹੋਵੇਗੀ ਉਸ ਸਮੇਂ ਤੱਕ ਨਵਾਂ ਸਾਲ ਨਵੀਆਂ ਵੰਗਾਰਾਂ ਜਾਂ ਚਨੌਤੀਆਂ ਨਾਲ ਹੀ ਲੈ ਕੇ ਆਵੇਗਾ।

ਅਸੀਂ ਆਸ ਕਰਦੇ ਹਾਂ ਕਿ ਨਵਾਂ ਸਾਲ 2023 ਲੁੱਟ ਰਹਿਤ ਸਮਾਜ ਦੀ ਸਿਰਜਨਾ ਲਈ ਅਤੇ ਜੰਨਤਾ ਦੇ ਹੱਕ-ਹਕੂਕਾਂ ਲਈ ਸੰਘਰਸ਼ ਕਰ ਰਹੀਆਂ ਉਸਾਰੂ ਪਾਰਟੀਆਂ, ਜੱਥੇਬੰਦੀਆਂ ਅਤੇ ਲੋਕ ਲਹਿਰਾਂ ਨੂੰ "ਏਕੇ" ਦਾ ਵਿਸ਼ਾਲ ਪਲੇਟ ਫ਼ਾਰਮ ਉਸਾਰਨ ਲਈ ਰਾਹ ਪੱਧਰੇ ਕਰੇਗਾ। ਜਿਹੜੇ ਕ੍ਰਾਂਤੀਕਾਰੀਆਂ ਨੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨੂੰ ਖ਼ਤਮ ਕਰਨ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਦੀ ਯਾਦ ਕਰਾਵੇਗਾ।

ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਮੰਨਕੇ ਚੱਲਣ ਦੀ ਜੀਵਨ ਜਾਂਚ ਸਿਖਾਵੇਗਾ।

**ਵੱਲੋਂ :-**

**ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ**

**ਮਨਮੋਹਨ ਪੂਨੀ ਅਤੇ ਸਮੂਹ ਸਹਾਇਕ**






# ਭਾਰਤ ’ਚ 2021 ‘ਚ ਲਾਪਤਾ ਹੋਏ 77 ਹਜ਼ਾਰ ਬੱਚੇ

**ਨਵੀਂ ਦਿੱਲੀ–** ਗ੍ਰਹਿ ਮੰਤਰਾਲਾ ਦੀ ਹਾਲੀਆ ਰਿਪੋਰਟ ‘ਚ ਵੀ ਮਾਸੂਮਾਂ ਦੇ ਗੁੰਮ ਹੋਣ ਦੇ ਜੋ ਅੰਕੜੇ ਹੈਰਾਨ ਕਰਨ ਵਾਲੇ ਹਨ। ਅੰਕੜੇ ਦੱਸਦੇ ਹਨ ਕਿ ਸਾਲ 2021 ‘ਚ ਦੇਸ਼ ‘ਚ 77,535 ਬੱਚੇ ਲਾਪਤਾ ਹੋਏ। ਪਿਛਲੇ 3 ਸਾਲਾਂ ‘ਚ ਲਾਪਤਾ ਹੋਣ ਵਾਲੇ ਬੱਚਿਆਂ ਦੇ ਰਿਕਾਰਡ ‘ਤੇ ਨਜ਼ਰ ਮਾਰੀਏ ਤਾਂ ਸਾਲ 2019 ‘ਚ 73885 ਬੱਚੇ ਲਾਪਤਾ ਹੋਏ ਜਦਕਿ ਸਾਲ 2020 ‘ਚ ਇਹ ਅੰਕੜਾ ਘੱਟ ਕੇ 59262 ਹੋ ਗਿਆ ਪਰ ਸਾਲ 2021 ‘ਚ ਲਾਪਤਾ ਹੋਣ ਵਾਲੇ ਬੱਚਿਆਂ ਦਾ ਅੰਕੜਾ ਮੁੜ ਵੱਧ ਕੇ 77535 ਹੋ ਗਿਆ।




ਇਨ੍ਹਾਂ ਸੂਬਿਆਂ ‘ਚ ਗੁੰਮ ਹੋਏ ਸਭ ਤੋਂ ਜ਼ਿਆਦਾ ਬੱਚੇ ਮੱਧ ਪ੍ਰਦੇਸ਼, ਪੱਛਮੀ ਬੰਗਾਲ, ਤਾਮਿਲਨਾਡੂ, ਦਿੱਲੀ ਅਤੇ ਰਾਜਸਥਾਨ ਉਹ ਸੂਬੇ ਹਨ ਜਿੱਥੇ ਬੱਚਿਆਂ ਦੇ ਗੁੰਮਸ਼ੁਦਾ ਹੋਣ ਦੇ ਸਭ ਤੋਂ ਜ਼ਿਆਦਾ ਮਾਮਲੇ ਸਾਹਮਣੇ ਆਏ। ਮੱਧ ਪ੍ਰਦੇਸ਼ ‘ਚ 2021 ‘ਚ ਸਭ ਤੋਂ ਜ਼ਿਆਦਾ 11607 ਬੱਚੇ ਗੁੰਮ ਹੋਏ। ਇਸ ਤੋਂ ਬਾਅਦ ਪੱਛਮੀ ਬੰਗਾਲ ‘ਚ 9996, ਤਾਮਿਲਨਾਡੂ ‘ਚ 6399, ਦਿੱਲੀ ‘ਚ 5772 ਅਤੇ ਰਾਜਸਥਾਨ ‘ਚ 4936 ਬੱਚੇ 2021 ‘ਚ ਗੁੰਮ ਹੋਏ। ਉੱਥੇ ਹੀ ਪੰਜਾਬ ਦੀ ਗੱਲ ਕਰੀਏ ਤਾਂ ਇੱਥੇ ਸਾਲ 2021 ‘ਚ 1045 ਬੱਚੇ ਗੁੰਮ ਹੋਏ।

ਇੱਕ ਪਾਸੇ ਜਿੱਥੇ ਦੇਸ਼ ‘ਚ ਬੱਚਿਆਂ ਦੇ ਗੁੰਮਸ਼ੁਦਾ ਹੋਣ ਦੇ ਮਾਮਲੇ ਵੱਧ ਰਹੇ ਹਨ ਉੱਥੇ ਹੀ ਦੂਜੇ ਪਾਸੇ ਬੱਚਿਆਂ ਨੂੰ ਲੱਭਣ ‘ਚ ਪੁਲਸ ਵੀ ਅਹਿਮ ਭੂਮਿਕਾ ਨਿਭਾਅ ਰਹੀ ਹੈ। ਗ੍ਰਹਿ ਮੰਤਰਾਲਾ ਵੱਲੋਂ ਜਿੱਥੇ ਬੱਚਿਆਂ ਦੇ ਗੁੰਮਸ਼ੁਦਾ ਹੋਣ ਦੇ ਅੰਕੜੇ ਜਾਰੀ ਕੀਤੇ ਗਏ ਹਨ ਉੱਥੇ ਨਾਲ ਹੀ ਗੁੰਮ ਹੋਏ ਬੱਚਿਆਂ ਨੂੰ ਟ੍ਰੇਸ ਕਰਨ ਦੇ ਅੰਕੜੇ ਹਨ। ਰਿਪੋਰਟ ਮੁਤਾਬਕ, ਕੁਝ ਸੂਬੇ ਅਜਿਹੇ ਵੀ ਹਨ ਜਿੱਥੇ ਗੁੰਮ ਹੋਏ ਬੱਚਿਆਂ ਨਾਲੋਂ ਟ੍ਰੇਸ ਹੋਏ ਬੱਚਿਆਂ ਦੀ ਗਿਣਤੀ ਜ਼ਿਆਦਾ ਹੈ। ਹੋ ਸਕਦਾ ਹੈ ਕਿ ਪੁਲਸ ਨੂੰ ਕੁਝ ਸਾਲ ਪਹਿਲਾਂ ਤੋਂ ਗੁੰਮ ਹੋਏ ਬੱਚੇ ਮਿਲੇ ਹੋਣ।

ਪੁਲਸ ਵੱਲੋਂ ਟ੍ਰੇਸ ਕੀਤੇ ਗਏ ਗੁੰਮਸ਼ੁਦਾ ਬੱਚਿਆਂ ਦੀ ਸੂਚੀ ਮੱਧ ਪ੍ਰਦੇਸ਼ ‘ਚ ਸਾਲ 2019 ‘ਚ 11022 ਬੱਚੇ ਗੁੰਮ ਹੋਏ ਜਦਕਿ ਪੁਲਸ ਨੇ 11256 ਬੱਚਿਆਂ ਨੂੰ ਟ੍ਰੇਸ ਕੀਤਾ। 2020 ‘ਚ 8751 ਬੱਚੇ ਗੁੰਮ ਹੋਏ ਤਾਂ 9944 ਬੱਚਿਆਂ ਨੂੰ ਟ੍ਰੇਸ ਕੀਤਾ ਗਿਆ। ਉੱਥੇ ਹੀ ਸਾਲ 2021 ‘ਚ ਮੱਧ ਪ੍ਰਦੇਸ਼ ‘ਚ 11607 ਬੱਚੇ ਗੁੰਮ ਹੋਏ ਅਤੇ ਪੁਲਸ ਨੇ 12486 ਬੱਚਿਆਂ ਨੂੰ ਟ੍ਰੇਸ ਕੀਤਾ। ਪੱਛਮੀ ਬੰਗਾਲ ‘ਚ ਸਾਲ 2019 ‘ਚ 8952 ਬੱਚੇ ਗੁੰਮ ਹੋਏ, 8526 ਟ੍ਰੇਸ ਕੀਤੇ ਗਏ। 2020 ‘ਚ 7648 ਬੱਚੇ ਗੁੰਮ ਹੋਏ ਜਦਕਿ 7937 ਟ੍ਰੇਸ ਕੀਤੇ ਗਏ। ਸਾਲ 2021 ‘ਚ ਪੱਛਮੀ ਬੰਗਾਲ ‘ਚ 9996 ਬੱਚੇ ਗੁੰਮ ਹੋਏ ਅਤੇ 9045 ਬੱਚੇ ਪੁਲਸ ਵੱਲੋਂ ਟ੍ਰੇਸ ਕੀਤੇ ਗਏ।

# ਜਗਜੋਤ ਸਿੰਘ ਸੋਹੀ ਬਣੇ ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ

**ਪਟਨਾ–**ਤਖਤ ਸ੍ਰੀ ਹਰਿਮੰਦਰ ਜੀ ਪ੍ਰਬੰਧਕ ਕਮੇਟੀ ਪਟਨਾ ਸਾਹਿਬ ਦੇ ਮੈਂਬਰ ਜਗਜੋਤ ਸਿੰਘ ਸੋਹੀ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ ਹੈ। ਦਰਅਸਲ ਸਾਬਕਾ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਹਿੱਤ ਦੇ ਦੇਹਾਂਤ ਤੋਂ ਬਾਅਦ ਪ੍ਰਧਾਨ ਦਾ ਅਹੁਦਾ ਖ਼ਾਲੀ ਹੋ ਗਿਆ ਸੀ।ਜਿਸ ਤੋਂ ਬਾਅਦ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ



ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ 15 ਜਨਵਰੀ ਤੋਂ ਪਹਿਲਾਂ ਨਵੇਂ ਪ੍ਰਧਾਨ ਦੀ ਚੋਣ ਕਰਵਾਉਣ ਦੇ ਆਦੇਸ਼ ਦੀ ਪਾਲਣਾ ਕਰਦੇ ਹੋਏ ਸ਼ਨਿੱਚਰਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪ੍ਰਬੰਧਕ ਕਮੇਟੀ ਪਟਨਾ ਸਾਹਿਬ ਕਮੇਟੀ ਮੈਂਬਰਾਂ ਦੀ ਬੈਠਕ ਸੱਦੀ ਗਈ ਸੀ।

ਇਸ ਦੌਰਾਨ ਜਗਜੋਤ ਸਿੰਘ ਸੋਹੀ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ ਹੈ। ਨਵੇਂ ਨਿਯੁਕਤ ਪ੍ਰਧਾਨ ਜਗਜੋਤ ਸਿੰਘ ਸੋਹੀ ਨੇ ਸਾਰੇ ਮੈਂਬਰਾਂ ਤੇ ਸਮਰਥਕਾਂ ਨਾਲ ਤਖ਼ਤ ਸਾਹਿਬ ’ਚ ਨਤਮਸਤਕ ਹੋ ਕੇ ਗੁਰੂ ਮਹਾਰਾਜ ਦਾ ਸ਼ੁਕਰਾਨਾ ਕੀਤਾ।ਇਸ ਸਮੇਂ ਬੈਠਕ ਸ਼ੁਰੂ ਹੋਣ ਤੋਂ ਪਹਿਲਾਂ ਤਖ਼ਤ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਬਲਦੇਵ ਸਿੰਘ ਨੇ ਅਰਦਾਸ ਕੀਤੀ। ਜਨਰਲ ਸਕੱਤਰ ਇੰਦਰਜੀਤ ਸਿੰਘ ਨੇ ਪ੍ਰਕਾਸ਼ ਪੁਰਬ ਦੌਰਾਨ ਸਾਰੇ ਮੈਂਬਰਾਂ ਦਾ ਸਹਿਯੋਗ ਦੇਣ ਲਈ ਉਨ੍ਹਾਂ ਦਾ ਖਾਸ ਤੌਰ ’ਤੇ ਧੰਨਵਾਦ ਕੀਤਾ। ਇਸ ਤੋਂ ਬਾਅਦ ਇੰਦਰਜੀਤ ਸਿੰਘ ਨੇ ਜਗਜੋਤ ਸਿੰਘ ਸੋਹੀ ਨੂੰ ਪ੍ਰਧਾਨ ਬਣਾਉਣ ਦਾ ਮਤਾ ਪੇਸ਼ ਕੀਤਾ। ਚਰਨਜੀਤ ਸਿੰਘ ਅਤੇ ਗੁਰਵਿੰਦਰ ਸਿੰਘ ਨੇ ਇਸ ਮਤੇ ਦਾ ਸਮਰਥਨ ਕੀਤਾ।ਇਸ ਤਰ੍ਹਾਂ ਸ਼ਨਿੱਚਰਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪ੍ਰਬੰਧਕ ਕਮੇਟੀ ਪਟਨਾ ਸਾਹਿਬ ਦੇ ਮੈਂਬਰ ਜਗਜੋਤ ਸਿੰਘ ਸੋਹੀ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ ਹੈ।

# ਪੰਤ ਦੀ ਜਾਨ ਬਚਾਉਣ ਵਾਲੇ ਬੱਸ ਡਰਾਈਵਰ ਤੇ ਕੰਡਕਟਰ ਹੋਣਗੇ ਸਨਮਾਨਤ

**ਨਵੀਂ ਦਿੱਲੀ–** ਇੱਥੇ ਇੱਕ ਹੋਸਟਲ ਦੇ ਉਦਘਾਟਨ ਮੌਕੇ ਬੋਲਦਿਆਂ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਰੁੜਕੀ ਨੇੜੇ ਸੜਕ ਹਾਦਸੇ ਦੌਰਾਨ ਕ੍ਰਿਕਟਰ ਰਿਸ਼ਭ ਪੰਤ ਨੂੰ ਬਚਾਉਣ ਵਾਲੇ ਹਰਿਆਣਾ ਰੋਡਵੇਜ਼ ਬੱਸ ਦੇ ਡਰਾਈਵਰ ਅਤੇ ਕੰਡਕਟਰ ਦਾ ਸਨਮਾਨ ਕਰੇਗੀ। ਧਾਮੀ ਨੇ ਕਿਹਾ ਕਿ ਹਰਿਆਣਾ ਰੋਡਵੇਜ਼ ਦੇ ਡਰਾਈਵਰ ਅਤੇ ਆਪਰੇਟਰ ਨੇ ਕ੍ਰਿਕਟਰ ਦੀ ਜਾਨ ਬਚਾਉਣ ਲਈ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਦੂਜਿਆਂ ਲਈ ਇੱਕ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ 26 ਜਨਵਰੀ ਨੂੰ ਉਨ੍ਹਾਂ ਦਾ ਸਨਮਾਨ ਕਰੇਗੀ।

ਪੰਤ ਨੇ ਸ਼ੁੱਕਰਵਾਰ ਸਵੇਰੇ ਦਿੱਲੀ ਤੋਂ ਰੁੜਕੀ ਜਾਂਦੇ ਸਮੇਂ ਆਪਣੀ ਮਰਸਡੀਜ਼ ਕਾਰ ‘ਤੇ ਕੰਟਰੋਲ ਗੁਆ ਦਿੱਤਾ, ਜੋ ਡਿਵਾਈਡਰ ਨਾਲ ਟਕਰਾ ਗਈ। ਉਸ ਦਾ ਮੈਕਸ ਦੇਹਰਾਦੂਨ ‘ਚ ਇਲਾਜ ਚੱਲ ਰਿਹਾ ਹੈ। ਹਾਦਸੇ ਸਮੇਂ ਹਾਦਸੇ ਵਾਲੀ ਥਾਂ ਨੇੜੇ ਮੌਜੂਦ ਬੱਸ ਡਰਾਈਵਰ ਸੁਸ਼ੀਲ ਕੁਮਾਰ ਅਤੇ ਕੰਡਕਟਰ ਪਰਮਜੀਤ ਨੇ ਪੰਤ ਨੂੰ ਕਾਰ ‘ਚੋਂ ਬਾਹਰ ਕੱਢਿਆ ਅਤੇ ਪੁਲਿਸ ਨੂੰ ਸੂਚਨਾ ਦਿੱਤੀ ਸੀ।



ਦਿੱਲੀ-ਉਤਰਾਖੰਡ ਹਾਈਵੇਅ ‘ਤੇ ਰਿਸ਼ਭ ਪੰਤ ਦੀ ਕਾਰ ਦੇ ਡਿਵਾਈਡਰ ਨਾਲ ਟਕਰਾਉਣ ਦੀਆਂ ਅਫਵਾਹਾਂ ‘ਤੇ ਰੋਕ ਲਗਾਉਂਦੇ ਹੋਏ ਹਰਿਦੁਆਰ ਦੇ ਐਸਐਸਪੀ ਅਜੈ ਸਿੰਘ ਨੇ ਕਿਹਾ ਹੈ ਕਿ ਕੁਝ ਲੋਕ ਕ੍ਰਿਕਟਰ ਦੇ ਸ਼ਰਾਬੀ ਹੋਣ ਅਤੇ ਓਵਰਸਪੀਡ ਕਰਨ ਦੀ ਝੂਠੀਆਂ ਖਬਰਾਂ ਫੈਲਾ ਰਿਹਾ ਹਾਂ। ਟੱਕਰ ਤੋਂ ਬਾਅਦ ਪੰਤ ਦੀ ਕਾਰ ਨੂੰ ਅੱਗ ਲੱਗ ਗਈ ਪਰ ਅੱਗ ਲੱਗਣ ਤੋਂ ਪਹਿਲਾਂ ਪੰਤ ਨੂੰ ਗੱਡੀ ਤੋਂ ਬਾਹਰ ਕੱਢ ਲਿਆ ਗਿਆ ਅਤੇ ਫਿਰ ਸਥਾਨਕ ਹਸਪਤਾਲ ਲਿਜਾਇਆ ਗਿਆ। ਫਿਰ ਉਸ ਨੂੰ ਦੇਹਰਾਦੂਨ ਵਿੱਚ ਇੱਕ ਵੱਖਰੀ ਸਿਹਤ ਸਹੂਲਤ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਹ ਇਸ ਸਮੇਂ ਆਪਣੀਆਂ ਸੱਟਾਂ ਦਾ ਇਲਾਜ ਕਰ ਰਿਹਾ ਹੈ।

ਉੱਤਰਾਖੰਡ ਪੁਲਿਸ ਨੇ ਐਤਵਾਰ ਨੂੰ ਕਿਹਾ ਕਿ ਕ੍ਰਿਕਟਰ ਰਿਸ਼ਭ ਪੰਤ ਸ਼ੁੱਕਰਵਾਰ ਤੜਕੇ ਹਾਦਸੇ ਦਾ ਸ਼ਿਕਾਰ ਹੋ ਗਿਆ ਜਦੋਂ ਉਹ ਡਰਾਈਵਿੰਗ ਕਰਦੇ ਸਮੇਂ ਸੌਂ ਗਿਆ। ਪੁਲਿਸ ਨੇ ਅੱਗੇ ਦੱਸਿਆ ਕਿ ਜਿਸ ਥਾਂ ‘ਤੇ ਹਾਦਸਾ ਹੋਇਆ ਹੈ, ਉਹ ਥਾਂ ਤੰਗ ਹੈ।






ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਸਾਬਕਾ ਰਾਸ਼ਟਰਪਤੀ ਟਰੰਪ ਦੀਆਂ ਰਿਟਰਨਾਂ ਆਮ ਜਨਤਾ ਲਈ ਕੀਤੀਆਂ ਜਾਰੀ

## ਟਰੰਪ ਨੇ ਕਿਹਾ ਇਹ ਸੱਤਾ ਦਾ ਦੁਰਉਪਯੋਗ ਹੈ

**ਸੈਕਰਾਮੈਂਟੋ 1 ਜਨਵਰੀ–** ਅਮਰੀਕੀ ਕਾਂਗਰਸ ਦੀ ਟੈਕਸਾਂ ਬਾਰੇ ਇਕ ਉੱਚ ਕਮੇਟੀ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਆਮ ਜਨਤਾ ਲਈ ਰਿਟਰਨਾਂ ਜਾਰੀ ਕਰਕੇ ਸਾਬਕਾ ਰਾਸ਼ਟਰਪਤੀ ਨਾਲ ਇਕ ਸਾਲ ਤੋਂ ਚਲੀ ਆ ਰਹੀ ਕਾਨੂੰਨੀ ਲੜਾਈ ਖਤਮ ਕਰ ਦਿੱਤੀ। ਸਾਬਕਾ ਰਾਸ਼ਟਰਪਤੀ ਰਿਟਰਨਾਂ ਜਾਰੀ ਕਰਨ ਦਾ ਵਿਰੋਧ ਕਰਦੇ ਆ ਰਹੇ ਹਨ। ਹਾਲਾਂ ਕਿ ਆਮ ਜਨਤਾ ਲਈ ਰਿਟਰਨਾਂ ਨੂੰ ਸਮਝ ਸਕਣਾ ਇਕ ਔਖਾ ਕੰਮ ਹੈ ਪਰੰਤੂ ਇਹ ਰਿਟਰਨਾਂ ਸਾਬਕਾ ਰਾਸ਼ਟਰਪਤੀ ਦੇ ਕਾਰੋਬਾਰ ਉਪਰ ਚੰਗੀ ਰੋਸ਼ਨੀ ਪਾਉਂਦੀਆਂ ਹਨ। ਜਾਰੀ 6 ਰਿਟਰਨਾਂ 2015 ਤੋਂ 2020 ਤੱਕ ਦੀਆਂ ਹਨ ਜਦੋਂ ਡੋਨਲਡ ਟਰੰਪ ਰਾਸ਼ਟਰਪਤੀ ਸਨ ਤੇ ਉਨਾਂ ਨੇ ਦੁਬਾਰਾ ਰਾਸ਼ਟਰਪਤੀ ਬਣਨ ਲਈ ਚੋਣ ਮੁਹਿੰਮ ਚਲਾਈ ਸੀ। ਹਜਾਰਾਂ ਸਫਿਆਂ ਉਪਰ ਅਧਾਰਤ ਰਿਟਰਨਾਂ ਵਿਚ ਟਰੰਪ ਦੀਆਂ ਨਿੱਜੀ ਰਿਟਰਨਾਂ ਤੇ ਉਸ ਦੀ ਪਤਨੀ ਮੇਲਾਨੀਆ ਦੀਆਂ ਰਿਟਰਨਾਂ ਸ਼ਾਮਿਲ ਹਨ। ਇਸ ਤੋਂ ਇਲਾਵਾ ਉਨਾਂ ਦੀਆਂ ਕੰਪਨੀਆਂ ਡੀ ਜੇ ਟੀ ਹੋਲਡਿੰਗਜ ਤੇ ਡੀ ਜੇ ਟੀ ਮੈਨੇਜਿੰਗ ਮੈਂਬਰ ਐਲ ਐਲ ਸੀ ਦੀਆਂ ਰਿਟਰਨਾਂ ਹਨ।

ਰਿਟਰਨਾਂ ਦੇ ਕੁਲ ਤਕਰੀਬਨ 6000 ਸਫਿਆਂ ਵਿਚ 2700 ਤੋਂ ਵਧ ਸਫੇ ਟਰੰਪ ਤੇ ਉਨਾਂ ਦੀ ਪਤਨੀ ਦੀਆਂ ਰਿਟਰਨਾਂ ਨਾਲ ਸਬੰਧਤ ਹਨ ਜਦ ਕਿ 3000 ਤੋਂ ਵਧ ਸਫੇ ਟਰੰਪ ਦੀਆਂ ਕਾਰੋਬਾਰੀ ਕੰਪਨੀਆਂ ਨਾਲ ਸਬੰਧਤ ਹਨ। ਪ੍ਰਮੁੱਖ ਕਾਂਗਰਸ ਕਮੇਟੀ ਨੇ ਰਿਟਰਨਾਂ ਜਾਰੀ ਕਰਨ ਤੋਂ ਪਹਿਲਾਂ ਉਨਾਂ ਦੀ ਛਾਣਬੀਣ ਕਰਕੇ ਲੱਖਾਂ ਡਾਲਰਾਂ ਦੀ ਕਟੌਤੀ ਕਰਨ ਉਪਰ ਸਵਾਲ ਖੜੇ ਕੀਤੇ ਸਨ ਤੇ ਕਿਹਾ ਸੀ ਕਿ ਉਨਾਂ ਦੀਆਂ ਕੰਪਨੀਆਂ ਨੂੰ ਟੈਕਸ ਦੀ ਅਦਾਇਗੀ ਕਰਨੀ ਪਵੇਗੀ। ਕਮੇਟੀ ਨੇ ਰਿਟਰਨਾਂ ਵਿਚ ਕੀਤੇ ਗਏ ਅਸਧਾਰਨ ਜੋੜ ਤੋੜ ਬਾਰੇ ਵੀ ਸਵਾਲ ਖੜੇ ਕੀਤੇ ਸਨ। ਟੈਕਸ ਬਾਰੇ ਜੋਆਇੰਟ ਕਮੇਟੀ ਜਿਸ ਵਿਚ ਸਟਾਫ ਤੇ ਟੈਕਸ ਮਾਹਿਰ ਸ਼ਾਮਲ ਹਨ, ਨੇ ਪਾਇਆ ਕਿ ਟਰੰਪ ਨੇ ਰਾਸ਼ਟਰਪਤੀ ਵਜੋਂ ਆਪਣੇ ਪਹਿਲੇ 3 ਸਾਲ ਦੇ ਕਾਰ-ਜਕਾਲ ਦੌਰਾਨ ਸੰਘੀ ਟੈਕਸ ਵਿਚ ਕੇਵਲ 11 ਲੱਖ ਡਾਲਰ ਟੈਕਸ ਵਜੋਂ ਦਿੱਤੇ ਜਦ ਕਿ ਆਖਰੀ ਸਾਲ 2020 ਵਿਚ ਕੋਈ ਟੈਕਸ ਨਹੀਂ ਦਿੱਤਾ ਤੇ ਦਾਅਵਾ ਕੀਤਾ ਕਿ ਉਸ ਨੂੰ 48 ਲੱਖ ਡਾਲਰ ਦਾ ਘਾਟਾ ਪਿਆ ਹੈ।

ਸਾਬਕਾ ਰਾਸ਼ਟਰਪਤੀ ਨੇ ਇਕ ਵੀਡੀਓ ਬਿਆਨ ਵਿਚ ਰਿਟਰਨਾਂ ਜਾਰੀ ਕਰਨ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਇਹ ਸੱਤਾ ਦਾ ਦੁਰਉਪਯੋਗ ਹੈ। ਉਨਾਂ ਨੇ ਰਾਸ਼ਟਰਪਤੀ ਜੋ ਬਾਈਡਨ ਦੀਆਂ ਰਿਟਰਨਾਂ ਜਾਰੀ ਕਰਨ ਉਪਰ ਜੋਰ ਦਿੰਦਿਆਂ ਕਿਹਾ ਹੈ ਕਿ ਰਿਟਰਨਾਂ ਮੇਰੇ ਵੱਲੋਂ ਪ੍ਰਾਪਤ ਕੀਤੀ ਸ਼ਾਨਦਾਰ ਸਫਲਤਾ ਨੂੰ ਦਰਸਾਉਂਦੀਆਂ ਹਨ। ਉਨਾਂ ਕਿਹਾ ਕਿ ਜਿਆਦਾਤਰ ਰਾਜਸੀ ਆਗੂ ਨੌਕਰੀਆਂ ਨੂੰ ਖਤਮ ਕਰਨਾ ਜਾਣਦੇ ਹਨ ਪਰੰਤੂ ਮੈ ਨੌਕਰੀਆਂ ਪੈਦਾ ਕੀਤੀਆਂ ਹਨ ਉਹ ਵੀ ਹਜਾਰਾਂ ਦੀ ਗਿਣਤੀ ਵਿਚ।

# ਅਮਰੀਕਾ ਵਿਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਵਿਚ ਹੋਇਆ ਭਾਰੀ ਵਾਧਾ

**ਸੈਕਰਾਮੈਂਟੋ 1 ਜਨਵਰੀ–** ਹਾਲ ਹੀ ਵਿਚ ਟੈਕਸਾਸ ਦੀ ਸਰਹੱਦ ਉਪਰਲੀ ਕੰਧ ਟੱਪ ਕੇ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਦੌਰਾਨ ਇਕ ਭਾਰਤੀ ਦੀ ਹੋਈ ਮੌਤ ਨੇ ਇਕ ਵਾਰ ਫਿਰ ਗੈਰ ਕਾਨੂੰਨੀ ਪ੍ਰਵਾਸ ਦੇ ਮੁੱਦੇ ਉਪਰ ਚਰਚਾ ਛੇੜ ਦਿੱਤੀ ਹੈ। ਪਿਛਲੇ ਦੋ ਮਹੀਨਿਆਂ ਦੌਰਾਨ ਮੈਕਸੀਕੋ ਸਰਹੱਦ ਰਾਹੀਂ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ ਹੈ। ਇਸ ਸਾਲ ਅਕਤੂਬਰ ਤੇ ਨਵੰਬਰ ਵਿਚ ਯੂ ਐਸ ਬਾਰਡਰ ਗਸ਼ਤੀ ਦਲਾਂ ਨੇ 4297 ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਜੋ ਮੈਕਸੀਕੋ ਸਰਹੱਦ ਪਾਰ ਕਰਕੇ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ ਜਦ ਕਿ 2021 ਦੇ ਇਨ੍ਹਾਂ ਦੋ ਮਹੀਨਿਆਂ ਦੌਰਾਨ 1426 ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਅਮਰੀਕੀ ਸਰਕਾਰ ਦੇ ਅੰਕੜਿਆਂ ਅਨੁਸਾਰ ਸਤੰਬਰ ਵਿਚ ਖਤਮ ਹੋਏ ਵਿੱਤੀ ਸਾਲ ਦੌਰਾਨ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਦੌਰਾਨ 16236 ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਸਮੁੱਚੇ ਤੌਰ 'ਤੇ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਸਰਹੱਦ ਤੇ ਹੋਰ ਥਾਵਾਂ 'ਤੇ ਗ੍ਰਿਫਤਾਰ ਕੀਤੇ ਭਾਰਤੀਆਂ ਦੀ ਗਿਣਤੀ ਦੁੱਗਣੀ ਹੋ ਗਈ ਹੈ। ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ਡੈਟਾ ਅਨੁਸਾਰ 2021-22 ਵਿੱਤੀ ਸਾਲ ਦੌਰਾਨ 63927 ਭਾਰਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਸੀ ਜਦ ਕਿ ਪਿਛਲੇ ਸਾਲ ਦੌਰਾਨ ਗ੍ਰਿਫਤਾਰ ਕੀਤੇ ਭਾਰਤੀਆਂ ਦੀ ਗਿਣਤੀ 30662 ਸੀ। ਪਿਛਲੇ ਦੋ ਮਹੀਨਿਆਂ ਦੌਰਾਨ 13655 ਗੈਰ ਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਜਦ ਕਿ 2021 ਦੇ ਇਨ੍ਹਾਂ ਹੀ ਦੋ ਮਹੀਨਿਆਂ ਦੌਰਾਨ 6865 ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। 2019-20 ਵਿੱਤੀ ਸਾਲ ਦੌਰਾਨ ਗ੍ਰਿਫਤਾਰ ਕੀਤੇ ਭਾਰਤੀਆਂ ਦੀ ਗਿਣਤੀ ਕੇਵਲ 19883 ਸੀ। ਕੁਝ ਅਮਰੀਕੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਜੋਅ ਬਾਈਡਨ ਦੇ ਰਾਸ਼ਟਰਪਤੀ ਤੇ ਕਮਲਾ ਹੈਰਿਸ ਦੇ ਉਪ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਭਾਰਤੀਆਂ ਦੇ ਗੈਰ ਕਾਨੂੰਨੀ ਪ੍ਰਵਾਸ ਦੀਆਂ ਕੋਸ਼ਿਸ਼ਾਂ ਵਿਚ ਵਾਧਾ ਹੋਇਆ ਹੈ। ਇਮੀਗ੍ਰੇਸ਼ਨ ਅਦਾਲਤਾਂ ਵਿਚ ਨਵੰਬਰ 2022 ਤੱਕ 34230 ਭਾਰਤੀਆਂ ਵੱਲੋਂ ਸ਼ਰਨ ਲੈਣ ਦੇ ਮਾਮਲੇ ਸੁਣਵਾਈ ਅਧੀਨ ਹਨ। ਇਨ੍ਹਾਂ ਭਾਰਤੀਆਂ ਵਿਚ ਸਭ ਤੋਂ ਵਧ ਗਿਣਤੀ ਪੰਜਾਬੀ ਬੋਲਣ ਵਾਲੇ ਲੋਕਾਂ ਦੀ 21961 ਹੈ ਜਦ ਕਿ ਦੂਸਰੇ ਨੰਬਰ 'ਤੇ ਹਿੰਦੀ ਬੋਲਣ ਵਾਲੇ ਲੋਕਾਂ ਦੀ ਗਿਣਤੀ 6770 ਹੈ। ਬੰਗਾਲੀ ਤੀਸਰੇ ਸਥਾਨ 'ਤੇ ਹਨ ਜ੍ਹਿਨ੍ਹਾਂ ਦੀ ਗਿਣਤੀ 6315 ਹੈ। ਅਮਰੀਕਾ ਵੱਲੋਂ 2017-18 ਵਿਚ 1302, 2018-19 ਵਿਚ 2256 ਤੇ 2019-20 ਵਿਚ ਕੇਵਲ 1337 ਭਾਰਤੀਆਂ ਨੂੰ ਸ਼ਰਨ ਦਿੱਤੀ ਗਈ।




# ਸੀਤ ਲਹਿਰ ਨੇ ਪੰਜਾਬ ਤੇ ਹਰਿਆਣਾ 'ਚ ਛੇੜਿਆ ਕਾਂਬਾ

**ਚੰਡੀਗੜ੍ਹ–** ਪੰਜਾਬ ਅਤੇ ਹਰਿਆਣਾ ਵਿੱਚ ਅੱਜ ਸੀਤ ਲਹਿਰ ਦੀ ਲਪੇਟ 'ਚ ਰਹੇ ਅਤੇ ਕਈ ਥਾਵਾਂ 'ਤੇ ਤਾਪਮਾਨ ਆਮ ਨਾਲੋਂ ਕਾਫ਼ੀ ਹੇਠਾਂ ਚਲਾ ਗਿਆ। ਇਸ ਦੌਰਾਨ ਦੋਵਾਂ ਸੂਬਿਆਂ ਵਿੱਚ ਬਹੁਤੀਆਂ ਥਾਵਾਂ 'ਤੇ ਸੰਘਣੀ ਧੁੰਦ ਛਾਈ ਰਹੀ।

ਮੌਸਮ ਵਿਭਾਗ ਦੀ ਰਿਪੋਰਟ ਮੁਤਾਬਕ ਪੰਜਾਬ ਵਿੱਚ ਬਠਿੰਡਾ ਸਭ ਤੋਂ ਠੰਢਾ ਸਥਾਨ ਰਿਹਾ ਜਿੱਥੇ ਘੱਟੋ-ਘੱਟ ਤਾਪਮਾਨ 1.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦਕਿ ਹਰਿਆਣਾ ਦੇ ਸਿਰਸਾ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਪੰਜਾਬ ਦੇ ਗੁਰਦਾਸਪੁਰ ਵਿੱਚ ਘੱਟੋ-ਘੱਟ ਤਾਪਮਾਨ 5.8 ਡਿਗਰੀ, ਲੁਧਿਆਣਾ 'ਚ 5.8, ਪਟਿਆਲਾ 'ਚ 4.8, ਪਠਾਨਕੋਟ 'ਚ 6.6, ਫਰੀਦਕੋਟ 'ਚ 4.8, ਜਦਕਿ ਅੰਮ੍ਰਿਤਸਰ ਵਿੱਚ ਘੱਟੋ-ਘੱਟ ਤਾਪਮਾਨ 5.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸੇ ਤਰ੍ਹਾਂ ਹਰਿਆਣਾ ਦੇ ਨਾਰਨੌਲ ਵਿੱਚ ਘੱਟੋ-ਘੱਟ ਤਾਪਮਾਨ 4 ਡਿਗਰੀ, ਹਿਸਾਰ 'ਚ 4.5, ਭਿਵਾਨੀ ਵਿੱਚ 6.9 ਅਤੇ ਝੱਜਰ ਵਿੱਚ ਘੱਟੋ-ਘੱਟ ਤਾਪਮਾਨ 5.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਦੋਵਾਂ ਸੂਬਿਆਂ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਦਾ ਘੱਟੋ-ਘੱਟ ਤਾਪਮਾਨ 6.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।



# ਕੈਲੀਫੋਰਨੀਆ ਵਿਚ ਬਰਫ਼ੀਲੇ ਤੂਫਾਨ ਤੇ ਬਰਫ਼ਬਾਰੀ ਉਪਰੰਤ ਆਏ ਹੜ੍ਹ ਨੇ ਲੋਕਾਂ ਦੀਆਂ ਮੁਸੀਬਤਾਂ ਵਿਚ ਕੀਤਾ ਵਾਧਾ

**ਸੈਕਰਾਮੈਂਟੋ 2 ਜਨਵਰੀ–** ਕੈਲੀਫੋਰਨੀਆ ਵਿਚ ਬਰਫ਼ੀਲੇ ਤੂਫਾਨ ਉਪਰੰਤ ਪਈ ਬਾਰਿਸ਼ ਤੇ ਬਰਫ਼ਬਾਰੀ ਪਿਘਲਣ ਕਾਰਨ ਲੋਕਾਂ ਦੀਆਂ ਮੁਸੀਬਤਾਂ ਵਧ ਗਈਆਂ ਹਨ। ਵਿਸ਼ੇਸ਼ ਕਰਕੇ ਰਾਜ ਦਾ ਅੱਧਾ ਉੱਤਰੀ ਹਿੱਸਾ ਬਰਫ਼ ਪਿਘਲਣ ਕਾਰਨ ਆਏ ਹੜ੍ਹ ਤੋਂ ਪ੍ਰਭਾਵਿਤ ਹੈ। ਸੜਕਾਂ ਉਪਰ ਗੋਡੇ-ਗੋਡੇ ਪਾਣੀ ਫਿਰ ਰਿਹਾ ਹੈ। ਕੈਲੀਫੋਰਨੀਆ ਦੇ ਸਭ ਤੋਂ ਮਸ਼ਹੂਰ ਮਾਰਗ ਯੂ ਐਸ ਹਾਈ ਵੇਅ 101 ਨੂੰ ਦੱਖਣੀ ਸਨ ਫਰਾਂਸਿਸਕੋ ਵਿਚ ਦੋਨਾਂ ਪਾਸਿਆਂ ਤੋਂ ਬੰਦ ਕਰਨਾ ਪਿਆ ਹੈ। ਕੌਮੀ ਮੌਸਮ ਸੇਵਾ ਨੇ ਬਾਰਿਸ਼ ਪੈਣ ਤੇ ਬਰਫ਼ ਪਿਘਲਣ ਕਾਰਨ ਸੰਭਾਵੀ ਹੜ੍ਹ ਦੀ ਪਹਿਲਾਂ ਹੀ ਭਵਿੱਖਬਾਣੀ ਕਰ ਦਿੱਤੀ ਸੀ ਤੇ ਲੋਕਾਂ ਨੂੰ ਚੌਕਸ ਰਹਿਣ ਲਈ ਕਹਿ ਦਿੱਤਾ ਸੀ। ਪਿਛਲੇ ਦੋ ਦਿਨ ਪਈ ਭਾਰੀ ਬਾਰਿਸ਼ ਨੇ ਉੱਤਰੀ ਤੇ ਕੇਂਦਰੀ ਕੈਲੀਫੋਰਨੀਆ ਵਿਚ ਹੜ੍ਹ ਦਾ ਖਤਰਾ ਪੈਦਾ ਕਰ ਦਿੱਤਾ ਹੈ। ਹੜ੍ਹ ਕਾਰਨ ਉੱਤਰੀ ਕੈਲੀਫੋਰਨੀਆ ਵਿਚ ਕੁਝ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਣ ਦਾ ਆਦੇਸ਼ ਦਿੱਤਾ ਗਿਆ ਹੈ।

# ਬੁਫਾਲੋ ਦੇ ਇਕ ਘਰ ਨੂੰ ਲੱਗੀ ਅੱਗ ਵਿਚ ਸੜ ਕੇ 3 ਬੱਚੀਆਂ ਦੀ ਮੌਤ, ਦਾਦੀ ਸਮੇਤ 4 ਹੋਰ ਬੱਚੇ ਗੰਭੀਰ ਜ਼ਖਮੀ

**ਸੈਕਰਾਮੈਂਟੋ 2 ਜਨਵਰੀ–** ਬੁਫਾਲੋ (ਨਿਊਯਾਰਕ) ਦੇ ਇਕ ਘਰ ਵਿਚ ਲੱਗੀ ਅੱਗ ਵਿੱਚ ਸੜ ਕੇ 7,8 ਤੇ 9 ਸਾਲ ਦੀਆਂ 3 ਬੱਚੀਆਂ ਦੀ ਮੌਤ ਹੋ ਗਈ ਤੇ ਦਾਦੀ ਸਮੇਤ 3 ਹੋਰ ਬੱਚੇ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਬੁਫਾਲੋ ਫਾਇਰ ਕਰਮਿਸ਼ਨਰ ਵਿਲੀਅਮ ਰੇਨਾਲਡੋ ਨੇ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਅੱਗ ਦਰਮਾਊਥ ਐਵਨਿਊ ਦੇ 200 ਬਲਾਕ ਵਿਚ ਸਵੇਰੇ 7.30 ਵਜੇ ਦੇ ਆਸ ਪਾਸ ਲੱਗੀ। ਹਸਪਤਾਲ ਦਾਖਲ ਕਰਵਾਏ ਗਈ ਇਕ ਲੜਕੀ ਤੇ ਇਕ ਲੜਕੇ ਦੀ ਹਾਲਤ ਗੰਭੀਰ ਹੈ ਜਦ ਕਿ ਇਕ ਹੋਰ 7 ਸਾਲਾ ਲੜਕੀ ਦੀ ਹਾਲਤ ਸਥਿੱਰ ਹੈ। 63 ਸਾਲਾ ਦਾਦੀ ਦੀ ਹਾਲਤ ਵੀ ਗੰਭੀਰ ਹੈ ਜਿਸ ਨੂੰ ਏਰੀ ਕਾਊਂਟੀ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਰੇਨਾਲਡੋ ਅਨੁਸਾਰ ਬੱਚਿਆਂ ਦਾ ਪਾਲਣ ਪੋਸਣ ਦਾਦਾ-ਦਾਦੀ ਵੱਲੋਂ ਕੀਤਾ ਗਿਆ ਸੀ ਤੇ ਅੱਗ ਲੱਗਣ ਸਮੇ ਦਾਦਾ ਘਰ ਵਿਚ ਨਹੀਂ ਸੀ। ਅੱਗ ਲੱਗਣ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਇਥੇ ਜਿਕਰਯੋਗ ਹੈ ਕਿ ਪਿਛਲੇ ਹਫਤੇ ਬੁਫਾਲੋ ਨੂੰ ਬਰਫ਼ੀਲੇ ਤੂਫਾਨ ਤੇ ਬਰਫ਼ਬਾਰੀ ਨੇ ਬੁਰੀ ਤਰਾਂ ਝੰਬ ਸੁੱਟਿਆ ਹੈ ਜਿਸ ਦੌਰਾਨ 39 ਲੋਕ ਮਾਰੇ ਗਏ। ਅਜਿਹੇ ਹਾਲਾਤ ਵਿਚ ਘਰ ਨੂੰ ਅੱਗ ਲੱਗਣ ਦੀ ਘਟਨਾ ਕਾਰਨ ਖੇਤਰ ਵਿਚ ਰਹਿੰਦੇ ਲੋਕਾਂ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ।




# ਟੈਕਸਾਸ ਵਿਚ ਪਿਛਲੇ ਸਾਲ ਚੋਣ ਜਿੱਤੇ 3 ਭਾਰਤੀ ਅਮਰੀਕੀਆਂ ਨੇ ਜੱਜ ਵਜੋਂ ਸਹੁੰ ਚੁੱਕੀ

**ਸੈਕਰਾਮੈਂਟੋ 4 ਜਨਵਰੀ–** 8 ਨਵੰਬਰ 2022 ਨੂੰ ਮੱਧਕਾਲੀ ਚੋਣਾਂ ਜਿੱਤਣ ਵਾਲੇ 3 ਜੱਜਾਂ ਜੂਲੀ ਏ ਮੈਥੀਊ, ਕੇ ਪੀ ਜਾਰਜ ਤੇ ਸੁਰੇਦਰਨ ਕੇ ਪਟੇਲ ਨੇ ਟੈਕਸਾਸ ਵਿਚ ਆਪਣੇ ਅਹੁੰਦੇ ਦੀ ਸਹੁੰ ਚੁੱਕੀ। ਇਹ ਸਾਰੇ ਡੈਮੋਕਰੈਟਿਕ ਪਾਰਟੀ ਨਾਲ ਸਬੰਧਤ ਹਨ। ਮੈਥੀਊ ਜਿਸ ਦਾ ਪਿਛੋਕੜ ਤੀਰੂਵਲਾ (ਕੇਰਲਾ) ਨਾਲ ਹੈ, ਨੇ ਵੀਡੀਓ ਕਾਨਫਰੰਸ ਰਾਹੀਂ ਸਹੁੰ ਚੁੱਕੀ। ਉਹ ਫੋਰਟ ਬੈਂਡ ਕਾਊਂਟੀ ਦੀ 3 ਨੰਬਰ ਕੋਰਟ ਦੇ ਪ੍ਰੀਜਾਈਡਿੰਗ ਜੱਜ ਵੱਜੋਂ 4 ਸਾਲ ਲਈ ਸੇਵਾ ਨਿਭਾਉਣਾ ਜਾਰੀ ਰਖਣਗੇ। ਉਨ੍ਹਾਂ ਨੇ ਦੁਬਾਰਾ ਚੋਣ ਲੜੀ ਸੀ ਤੇ ਆਪਣੇ ਵਿਰੋਧੀ ਰਿਪਬਲੀਕਨ ਉਮੀਦਵਾਰ ਐਂਡਰੀਊ ਡੌਰਨਬਰਗ ਨੂੰ 123116 ਵੋਟਾਂ ਨਾਲ ਹਰਾਇਆ ਸੀ। 2018 ਵਿਚ ਮੈਥੀਊ ਨੇ ਪਹਿਲੀ ਭਾਰਤੀ ਅਮਰੀਕੀ ਔਰਤ ਵਜੋਂ ਉਸ ਵੇਲੇ ਇਤਹਾਸ ਰਚ ਦਿੱਤਾ ਸੀ ਜਦੋਂ ਉਹ ਅਮਰੀਕੀ ਬੈਂਚ ਲਈ ਚੁਣੀ ਗਈ ਸੀ। ਉਸ ਨੇ ਰਿਪਬਲੀਕਨ ਉਮੀਦਵਾਰ ਟਰੀਸੀਆ ਕਰੇਨਕ ਨੂੰ 8. 25% ਦੇ ਪ੍ਰਭਾਵਸ਼ਾਲੀ ਫਰਕ ਨਾਲ ਹਰਾਇਆ ਸੀ। 57 ਸਾਲਾ ਜਾਰਜ ਨੇ ਫੋਰਟ ਬੈਂਡ ਕਾਊਂਟੀ ਜੱਜ ਵਜੋਂ ਫਸਵੇਂ ਮੁਕਾਬਲੇ ਵਿਚ ਦੂਸਰੀ ਵਾਰ ਚੋਣ ਜਿੱਤੀ ਸੀ। ਉਨ੍ਹਾਂ ਦਾ ਪਿਛੋਕੜ ਵੀ ਕੇਰਲਾ ਨਾਲ ਜੁੜਿਆ ਹੋਇਆ ਹੈ। 52 ਸਾਲਾ ਪਟੇਲ ਜਿਨ੍ਹਾਂ ਨੇ 240ਵੇਂ ਜੁਡੀਸ਼ੀਅਲ ਡਿਸਟ੍ਰਿਕਟ ਤੋਂ ਚੋਣ ਜਿੱਤੀ ਹੈ, ਨੇ ਡਿਸਟ੍ਰਿਕਟ ਜੱਜ ਵਜੋਂ ਸਹੁੰ ਚੁੱਕੀ।

# ਭਾਰਤ-ਤਿੱਬਤ ਸਰਹੱਦ 'ਤੇ ਘੁਸਪੈਠ ਚੀਨ ਵੱਲੋਂ ਹੀ ਕੀਤੀ ਗਈ: ਸ਼ੇਰਿੰਗ

**ਕੋਲਕਾਤਾ–** ਤਿੱਬਤ ਦੀ ਜਲਾਵਤਨ ਸਰਕਾਰ ਦੇ ਮੁਖੀ ਯਾ ਸਿਕਯੋਂਗ ਪੇਨਪਾ ਸ਼ੇਰਿੰਗ ਨੇ ਕਿਹਾ ਹੈ ਕਿ ਭਾਰਤ-ਤਿੱਬਤ ਸਰਹੱਦ 'ਤੇ ਘੁਸਪੈਠ ਦੀਆਂ ਸਾਰੀਆਂ ਘਟਨਾਵਾਂ ਇਕਪਾਸੜ ਹਨ ਅਤੇ ਚੀਨ ਵੱਲੋਂ ਕੀਤੀਆਂ ਗਈਆਂ ਹਨ। ਸ਼ੇਰਿੰਗ ਨੇ ਇੰਟਰਵਿਊ 'ਚ ਕਿਹਾ ਕਿ ਤਿੱਬਤ ਨੇ 1914 ਦੀ ਸੰਧੀ 'ਤੇ ਦਸਤਖਤ ਕੀਤੇ ਸਨ, ਜਿਸ 'ਚ 'ਮੈਕਮੋਹਨ ਲਾਈਨ' 'ਤੇ ਉਸ ਅਤੇ ਭਾਰਤ ਵਿਚਾਲੇ ਸੀਮਾ ਤੈਅ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਉਦੋਂ ਤੋਂ ਹੀ ਤਵਾਂਗ ਭਾਰਤ ਦਾ ਅਨਿੱਖੜਵਾਂ ਅੰਗ ਹੈ। ਉਨ੍ਹਾਂ ਇੱਥੇ ਕਿਹਾ, 'ਅਸੀਂ ਜਾਣਦੇ ਹਾਂ ਕਿ ਘੁਸਪੈਠ ਪੂਰੀ ਤਰ੍ਹਾਂ ਚੀਨੀ ਪਾਸਿਓਂ ਹੋ ਰਹੀ ਹੈ। ਉਹ ਤਵਾਂਗ ਅਤੇ ਲੱਦਾਖ ਵਿੱਚ ਭਾਰਤੀ ਫੌਜ ਅਤੇ ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ (ਪੀਐੱਲਏ) ਦਰਮਿਆਨ ਝੜਪਾਂ ਦੀਆਂ ਘਟਨਾਵਾਂ ਦੇ ਸੰਦਰਭ ਵਿੱਚ ਬੋਲ ਰਹੇ ਸਨ। ਉਨ੍ਹਾਂ ਕਿਹਾ, '1959 ਤੱਕ ਭਾਰਤ ਅਤੇ ਚੀਨ ਵਿਚਾਲੇ ਕੋਈ ਸਰਹੱਦ ਨਹੀਂ ਸੀ, ਇਹ ਤਿੱਬਤ ਨਾਲ ਸੀ। ਅਸੀਂ 1914 ਦੇ ਸ਼ਿਮਲਾ ਸਮਝੌਤੇ ਦੀ ਇੱਜ਼ਤ ਕਰਦੇ ਹਾਂ ਅਤੇ ਮੈਕਮੋਹਨ ਰੇਖਾ ਨੂੰ ਜਾਇਜ਼ ਸੀਮਾ ਮੰਨਦੇ ਹਾਂ।''



ਸ਼ੇਰਿੰਗ ਨੇ ਕਿਹਾ, 'ਅਸੀਂ ਤਵਾਂਗ ਨੂੰ ਪੂਰੀ ਤਰ੍ਹਾਂ ਨਾਲ ਭਾਰਤ ਦਾ ਅਨਿੱਖੜਵਾਂ ਅੰਗ ਮੰਨਦੇ ਹਾਂ। ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ (ਪੀਐੱਲਏ) ਦੇ ਅੱਤਿਆਚਾਰਾਂ ਖ਼ਿਲਾਫ਼ ਤਿੱਬਤੀਆਂ ਨੇ ਬਗਾਵਤ ਕੀਤੀ, ਜਿਸ ਤੋਂ ਬਾਅਦ 1959 ਵਿੱਚ ਦਲਾਈ ਲਾਮਾ, ਤਿੱਬਤੀ ਸਰਕਾਰ ਦੇ ਉਸ ਸਮੇਂ ਦੇ ਮੁਖੀ, ਲਹਾਸਾ ਤੋਂ ਭਾਰਤ ਚਲੇ ਗਏ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਾਤਾ ਹੀਰਾਬੇਨ ਚਲ ਵਸੇ; ਦੇਸ਼ ਵਿਦੇਸ਼ ਤੋਂ ਦੁੱਖ ਦਾ ਪ੍ਰਗਟਾਵਾ







**ਜਲੰਧਰ ਤੋਂ ਜੇ. ਸਿੰਘ 'ਭੜਿਆਰ'**

ਬੀਤੇ ਦਿਨੀਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਮਾਤਾ ਸ੍ਰੀਮਤੀ ਹੀਰਾਬੇਨ (100) ਦਾ ਦਿਹਾਂਤ ਹੋ ਗਿਆ। ਸ੍ਰੀਮਤੀ ਹੀਰਾਬੇਨ ਦਾ ਅੰਤਿਮ ਸਸਕਾਰ ਅਹਿਮਦਾਬਾਦ ਵਿਖੇ ਕਰ ਦਿੱਤਾ ਗਿਆ। ਚਿਖ਼ਾ ਨੂੰ ਅਗਨੀ ਖ਼ੁਦ ਪ੍ਰਧਾਨ ਮੰਤਰੀ ਮੋਦੀ ਉਨ੍ਹਾਂ ਦੇ ਵੱਡੇ ਭਰਾ ਸੋਮਾਭਾਈ ਨੇ ਵਿਖ਼ਾਈ। ਸ੍ਰੀਮਤੀ ਹੀਰਾਬੇਨ ਦੀ ਤਬੀਅਤ ਵਿਗੜਣ 'ਤੇ ਉਨ੍ਹਾਂ ਨੂੰ ਅਹਿ-ਮਦਾਬਾਦ ਦੇ ਯੂ.ਐਨ.ਮਹਿਤਾ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਯੂ.ਐਨ. ਮਹਿਤਾ ਇੰਸਟੀਚਿਊਟ ਆਫ਼ ਕਾਰਡੀਆਲੋਜੀ ਐਂਡ ਰਿਸਰਚ ਸੈਂਟਰ ਵੱਲੋਂ ਜਾਰੀ ਇਕ ਬਿਆਨ ਵਿੱਚ ਦੱਸਿਆ ਗਿਆ ਕਿ ਸ੍ਰੀਮਤੀ ਹੀਰਾਬੇਨ ਮੋਦੀ ਨੇ ਸ਼ੁੱਕਰਵਾਰ 30 ਦਸੰਬਰ ਤੜਕੇ 3.30 ਵਜੇ ਆਖ਼ਰੀ ਸਾਹ ਲਏ।

ਪੀਐਮ ਮੋਦੀ ਦੀ ਮਾਂ ਹੀਰਾਬੇਨ ਦੀ ਮੌਤ 'ਤੇ ਪਰਿਵਾਰ ਨੇ ਬਿਆਨ ਜਾਰੀ ਕੀਤਾ ਹੈ। ਹੀਰਾਬੇਨ ਦੇ ਪਰਿਵਾਰ ਨੇ ਕਿਹਾ, 'ਅਸੀਂ ਇਸ ਮੁਸ਼ਕਲ ਸਮੇਂ ਦੌਰਾਨ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਲਈ ਸਾਰਿਆਂ ਦਾ ਧੰਨਵਾਦ ਕਰਦੇ ਹਾਂ।' ਸਾਡੀ ਸਾਰਿਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਵਿਛੜੀ ਰੂਹ ਨੂੰ ਆਪਣੇ ਵਿਚਾਰਾਂ ਵਿੱਚ ਰੱਖੋ ਅਤੇ ਆਪਣੇ ਪਹਿਲਾਂ ਤੋਂ ਨਿਰਧਾਰਤ ਪ੍ਰੋਗਰਾਮਾਂ ਅਤੇ ਵਚਨਬੱਧਤਾਵਾਂ ਨੂੰ ਜਾਰੀ ਰੱਖੋ। ਇਹ ਹੀਰਾਬਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਇੱਥੇ ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਆਪਣੀ ਮਾਂ ਦੇ ਬਹੁਤ ਕਰੀਬ ਸਨ ਅਤੇ ਅਕਸਰ ਉਨ੍ਹਾਂ ਨੂੰ ਮਿਲਣ ਆਉਂਦੇ ਸਨ। ਤਿਉਹਾਰਾਂ ਦਾ ਸਮਾਂ ਹੋਵੇ ਜਾਂ ਕੋਈ ਵੀ ਚੋਣ ਦੌਰ, ਪ੍ਰਧਾਨ ਮੰਤਰੀ ਹਮੇਸ਼ਾ ਆਪਣੀ ਮਾਂ ਤੋਂ ਅਸ਼ੀਰਵਾਦ ਲੈਣ ਜਾਂਦੇ ਸਨ।

### ਸਿਆਸਤਦਾਨਾਂ ਵਲੋਂ ਦੁੱਖ ਦਾ ਪ੍ਰਗਟਾਵਾ

ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਾਂ ਹੀਰਾਬੇਨ ਮੋਦੀ ਦੇ ਦਿਹਾਂਤ 'ਤੇ ਦੁੱਖ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਪੀਐਮ ਮੋਦੀ ਦੀ ਮਾਂ ਦੇ ਦਿਹਾਂਤ ਦੀ ਖ਼ਬਰ ਸੁਣ ਕੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ।

ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਾਂ ਹੀਰਾਬੇਨ ਮੋਦੀ ਦੇ ਦੇਹਾਂਤ 'ਤੇ ਸੋਗ ਪ੍ਰਗਟ ਕੀਤਾ ਹੈ।

ਸੀਐਮ ਯੋਗੀ ਆਦਿਤਿਆਨਾਥ ਨੇ ਟਵੀਟ ਕਰਕੇ ਕਿਹਾ, 'ਇੱਕ ਮਾਂ ਪੁੱਤਰ ਲਈ ਪੂਰੀ ਦੁਨੀਆ ਹੁੰਦੀ ਹੈ। ਮਾਂ ਦੀ ਮੌਤ ਪੁੱਤਰ ਲਈ ਇੱਕ ਅਸਹਿ ਅਤੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਸਤਿਕਾਰਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਸਤਿਕਾਰਯੋਗ ਮਾਤਾ ਦਾ ਦੇਹਾਂਤ ਬਹੁਤ ਦੁਖਦ ਹੈ। ਭਗਵਾਨ ਸ਼੍ਰੀ ਰਾਮ ਵਿਛੜੀ ਪਵਿੱਤਰ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ। ਓਮ ਸ਼ਾਂਤੀ!'

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਦੀ ਮਾਂ ਦੇ ਦਿਹਾਂਤ ਦੀ ਦੁਖਦਾਈ ਖਬਰ ਮਿਲੀ...ਮਾਂ ਦੀ ਮੌਤ ਜ਼ਿੰਦਗੀ ਦੀ ਸਭ ਤੋਂ ਵੱਡੀ ਅਧੂਰੀ ਘਾਟ ਹੈ...ਮੈਂ ਇਸ ਦੁੱਖ ਦੀ ਘੜੀ ਵਿੱਚ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਪੂਰੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ... ਪ੍ਰਮਾਤਮਾ ਮਾਤਾ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ।

### ਬਾਲੀਵੁੱਡ ਸਿਤਾਰਿਆਂ ਨੇ ਮੋਦੀ ਦੀ ਮਾਂ ਦੇ ਦਿਹਾਂਤ 'ਤੇ ਦਿੱਤੀ ਸ਼ਰਧਾਂਜਲੀ

ਪ੍ਰਧਾਨ ਮੰਤਰੀ ਦੀ ਮਾਂ ਦੇ ਦਿਹਾਂਤ 'ਤੇ ਅਨੁਪਮ ਖੇਰ, ਕਪਿਲ ਸ਼ਰਮਾ, ਸੋਨੂੰ ਸੂਦ, ਅਕਸ਼ੈ ਕੁਮਾਰ ਸਮੇਤ ਬਾਲੀਵੁੱਡ ਦੇ ਕਈ ਕਲਾਕਾਰਾਂ ਨੇ ਦੁੱਖ ਪ੍ਰਗਟ ਕੀਤਾ ਹੈ।

#### ਅਕਸ਼ੈ ਕੁਮਾਰ

ਅਕਸ਼ੇ ਕੁਮਾਰ ਲਿਖਦੇ ਹਨ ਕਿ 'ਮਾਂ ਨੂੰ ਗੁਆਉਣ ਤੋਂ ਵੱਡਾ ਕੋਈ ਦੁੱਖ ਨਹੀਂ ਹੈ'। ਪ੍ਰਮਾਤਮਾ ਤੁਹਾਨੂੰ ਇਹ ਦੁੱਖ ਸਹਿਣ ਦੀ ਤਾਕਤ ਦੇਵੇ ਨਰਿੰਦਰ ਮੋਦੀ ਜੀ, ਓਮ ਸ਼ਾਂਤੀ।

#### ਅਨੁਪਮ ਖੇਰ

ਅਦਾਕਾਰ ਅਨੁਪਮ ਖੇਰ ਨੇ ਲਿਖਿਆ, 'ਸਤਿਕਾਰਯੋਗ ਪ੍ਰਧਾਨ ਮੰਤਰੀ, ਮੈਂ ਤੁਹਾਡੀ ਮਾਂ ਸ਼੍ਰੀ ਹੀਰਾਬੇਨ ਦੇ ਦਿਹਾਂਤ ਬਾਰੇ ਸੁਣ ਕੇ ਦੁਖੀ ਹਾਂ। ਉਨ੍ਹਾਂ ਲਈ ਤੁਹਾਡਾ ਪਿਆਰ ਅਤੇ ਸਤਿਕਾਰ ਜਗ ਜ਼ਾਹਿਰ ਹੈ। ਕੋਈ ਵੀ ਤੁਹਾਡੀ ਜ਼ਿੰਦਗੀ ਵਿੱਚ ਉਨ੍ਹਾਂ ਦੀ ਜਗ੍ਹਾ ਨਹੀਂ ਭਰ ਪਾਏਗਾ। ਪਰ ਤੁਸੀਂ ਭਾਰਤ ਮਾਤਾ ਦੇ ਪੁੱਤਰ ਹੋ। ਦੇਸ਼ ਦੀ ਹਰ ਮਾਂ ਦਾ ਆਸ਼ੀਰਵਾਦ ਤੁਹਾਡੇ 'ਤੇ ਹੈ, ਮੇਰੀ ਮਾਂ ਦਾ ਵੀ।

#### ਕਪਿਲ ਸ਼ਰਮਾ

ਕਪਿਲ ਸ਼ਰਮਾ ਨੇ ਟਵੀਟ 'ਚ ਲਿਖਿਆ, 'ਸਤਿਕਾਰਯੋਗ ਨਰਿੰਦਰ ਮੋਦੀ ਜੀ, ਮਾਂ ਦਾ ਦੁਨੀਆ ਤੋਂ ਚਲੇ ਜਾਣਾ ਬਹੁਤ ਦੁਖਦਾਈ ਹੁੰਦਾ ਹੈ। ਉਨ੍ਹਾਂ ਦਾ ਆਸ਼ੀਰਵਾਦ ਹਮੇਸ਼ਾ ਤੁਹਾਡੇ ਨਾਲ ਰਹੇਗਾ। ਪ੍ਰਮਾਤਮਾ ਮਾਤਾ ਜੀ ਨੂੰ ਆਪਣੇ ਚਰਨਾਂ 'ਚ ਸਥਾਨ ਦੇਣ, ਅਸੀਂ ਇਹੀ ਅਰਦਾਸ ਕਰਦੇ ਹਾਂ। ਓਮ ਸ਼ਾਂਤੀ'।

#### ਸੋਨੂੰ ਸੂਦ

ਸੋਨੂੰ ਸੂਦ ਨੇ ਲਿਖਿਆ ਕਿ 'ਸਤਿਕਾਰਯੋਗ ਮੋਦੀ ਜੀ, ਮਾਂ ਕਿਤੇ ਜਾਂਦੀ ਨਹੀਂ ਹੈ ਸਗੋਂ ਕਦੇ-ਕਦੇ ਭਗਵਾਨ ਦੇ ਚਰਨਾਂ 'ਚ ਬੈਠ ਜਾਂਦੀ ਹੈ ਤਾਂ ਜੋ ਉਨ੍ਹਾਂ ਦਾ ਪੁੱਤਰ ਦੂਜਿਆਂ ਲਈ ਬਿਹਤਰ ਕਰ ਸਕੇ। ਮਾਤਾ ਜੀ ਹਮੇਸ਼ਾ ਤੁਹਾਡੇ ਨਾਲ ਸਨ ਅਤੇ ਤੁਹਾਡੇ ਨਾਲ ਰਹਿਣਗੇ, ਓਮ ਸ਼ਾਂਤੀ।

## ਵਿਸ਼ਵ ਦੇ ਨੇਤਾਵਾਂ ਨੇ ਮੋਦੀ ਦੀ ਮਾਂ ਦੇ ਦਿਹਾਂਤ 'ਤੇ ਪ੍ਰਗਟਾਇਆ ਦੁੱਖ

ਅੰਤਰਰਾਸ਼ਟਰੀ ਪੱਧਰ 'ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਅਤੇ ਨੇਪਾਲ ਦੇ ਪ੍ਰਧਾਨ ਮੰਤਰੀ ਪੁਸ਼ਪਾ ਕਮਲ ਦਹਿਲ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਾਤਾ ਜੀ ਦੇ ਦਿਹਾਂਤ ਦੀ ਖ਼ਬਰ ਸੁਣ ਕੇ ਦੁੱਖ ਸਾਂਝਾ ਕੀਤਾ। ਦੁੱਖ ਦੀ ਇਸ ਘੜੀ ਵਿਚ ਉਹਨਾਂ ਨੇ ਟਵੀਟ ਕਰਦਿਆਂ ਮੋਦੀ ਨਾਲ ਹਮਦਰਦੀ ਪ੍ਰਗਟ ਕੀਤੀ। ਆਪਣੇ ਟਵੀਟ ਵਿਚ ਸ਼ਰੀਫ ਨੇ ਲਿਖਿਆ ਕਿ ਮਾਂ ਨੂੰ ਗੁਆਉਣ ਤੋਂ ਵੱਡਾ ਕੋਈ ਘਾਟਾ ਨਹੀਂ ਹੈ। ਮੈਂ ਪ੍ਰਧਾਨ ਮੰਤਰੀ ਪ੍ਰਤੀ ਆਪਣੀ ਹਮਦਰਦੀ ਪ੍ਰਗਟ ਕਰਦਾ ਹਾਂ।

ਇਸੇ ਤਰ੍ਹਾਂ ਨੇਪਾਲ ਦੇ ਪ੍ਰਧਾਨ ਮੰਤਰੀ ਪੁਸ਼ਪਾ ਕਮਲ ਦਹਿਲ ਨੇ ਵੀ ਪ੍ਰਧਾਨ ਮੰਤਰੀ ਦੀ ਮਾਂ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਨੇ ਟਵਿੱਟਰ 'ਤੇ ਲਿਖਿਆ ਕਿ "ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਿਆਰੀ ਮਾਂ, ਸ਼੍ਰੀਮਤੀ ਹੀਰਾਬਾ ਮੋਦੀ ਦੇ ਦਿਹਾਂਤ ਬਾਰੇ ਜਾਣ ਕੇ ਮੈਂ ਬਹੁਤ ਦੁਖੀ ਹਾਂ। ਦੁੱਖ ਦੀ ਇਸ ਘੜੀ ਵਿੱਚ ਮੈਂ ਪ੍ਰਧਾਨ ਮੰਤਰੀ ਮੋਦੀ ਜੀ ਅਤੇ ਪਰਿਵਾਰ ਦੇ ਮੈਂਬਰਾਂ ਪ੍ਰਤੀ ਦਿਲੀ ਹਮਦਰਦੀ ਪ੍ਰਗਟ ਕਰਦਾ ਹਾਂ ਅਤੇ ਵਿਛੜੀ ਆਤਮਾ ਦੀ ਸਦੀਵੀ ਸ਼ਾਂਤੀ ਲਈ ਪ੍ਰਾਰਥਨਾ ਕਰਦਾ ਹਾਂ।"

ਜਾਪਾਨ ਦੇ ਪ੍ਰਧਾਨ ਮੰਤਰੀ ਫੂਮਿਓ ਕਿਸ਼ਿਦਾ ਪਹਿਲੇ ਵਿਸ਼ਵ ਨੇਤਾਵਾਂ ਵਿੱਚੋਂ ਇੱਕ ਸਨ, ਜਿਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਉਨ੍ਹਾਂ ਦੀ ਮਾਂ ਹੀਰਾਬੇਨ ਮੋਦੀ ਦੇ ਦੇਹਾਂਤ 'ਤੇ ਸੋਗ ਪ੍ਰਗਟ ਕੀਤਾ।ਕਿਸ਼ਿਦਾ ਨੇ ਟਵੀਟ ਕੀਤਾ," ਪ੍ਰਧਾਨ ਮੰਤਰੀ ਮੋਦੀ ਮੈਂ ਤੁਹਾਡੀ ਪਿਆਰੀ ਮਾਂ ਦੇ ਦੇਹਾਂਤ 'ਤੇ ਡੂੰਘੀ ਸੰਵੇਦਨਾ ਪ੍ਰਗਟ ਕਰਨਾ ਚਾਹਾਂਗਾ। ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਮਿਲੇ।"

ਸ਼੍ਰੀਲੰਕਾ ਦੇ ਸਾਬਕਾ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਾਂ ਦੇ ਦੇਹਾਂਤ 'ਤੇ ਸੋਗ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਟਵੀਟ ਕੀਤਾ, "ਸ਼੍ਰੀਮਤੀ ਹੀਰਾਬੇਨ ਮੋਦੀ ਦੇ ਦੇਹਾਂਤ ਬਾਰੇ ਸੁਣ ਕੇ ਬਹੁਤ ਦੁੱਖ ਹੋਇਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੂੰ ਉਨ੍ਹਾਂ ਦੀ ਪਿਆਰੀ ਮਾਂ ਦੀ ਮੌਤ 'ਤੇ ਮੇਰੀ ਦਿਲੀ ਸੰਵੇਦਨਾ। ਦੁੱਖ ਦੀ ਇਸ ਘੜੀ ਵਿੱਚ ਸਾਡੇ ਵਿਚਾਰ ਅਤੇ ਪ੍ਰਾਰਥਨਾਵਾਂ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਹਨ।"

ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਸ਼ੇਰ ਬਹਾਦੁਰ ਦੇਉਬਾ ਨੇ ਹੀਰਾਬੇਨ ਦੇ ਦਿਹਾਂਤ 'ਤੇ ਸੋਗ ਜ਼ਾਹਰ ਕਰਦੇ ਹੋਏ ਟਵੀਟ ਕੀਤਾ, "ਸ਼੍ਰੀ ਨਰਿੰਦਰ ਮੋਦੀ ਜੀ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਉਨ੍ਹਾਂ ਦੀ ਪੂਜਨੀਕ ਮਾਤਾ ਹੀਰਾਬੇਨ ਮੋਦੀ ਦੇ ਦੇਹਾਂਤ 'ਤੇ ਮੇਰੀ ਦਿਲੀ ਸੰਵੇਦਨਾ। ਉਨ੍ਹਾਂ ਦੀ ਸਦੀਵੀ ਆਤਮਾ ਨੂੰ ਮੋਕਸ਼ ਪ੍ਰਾਪਤ ਹੋਵੇ।"

ਭਾਰਤ 'ਚ ਰੂਸ ਦੇ ਰਾਜਦੂਤ ਡੇਨਿਸ ਅਲੀਪੋਵ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਉਨ੍ਹਾਂ ਦੀ ਮਾਂ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਟਵੀਟ ਕੀਤਾ, "ਸਭ ਤੋਂ ਵੱਡੇ ਨੁਕਸਾਨ 'ਤੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਪ੍ਰਤੀ ਮੇਰੀ ਦਿਲੀ ਸੰਵੇਦਨਾ। ਓਮ ਸ਼ਾਂਤੀ ਤੁਹਾਡੇ ਲਈ ਮੇਰਾ ਦਿਲ ਟੁੱਟ ਗਿਆ ਹੈ।"

ਭਾਰਤ ਵਿੱਚ ਜਰਮਨ ਰਾਜਦੂਤ ਫਿਲਿਪ ਐਕਰਮੈਨ ਨੇ ਟਵੀਟ ਕੀਤਾ, "ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪ੍ਰਤੀ ਡੂੰਘੀ ਅਤੇ ਦਿਲੋਂ ਸੰਵੇਦਨਾ। ਅਸੀਂ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਦੁੱਖ ਵਿੱਚ ਉਨ੍ਹਾਂ ਦੇ ਦੁੱਖ ਵਿੱਚ ਸ਼ਾਮਲ ਹਾਂ।

# ਨਵਜੋਤ ਸਾਹਿਤ ਸੰਸਥਾ ਔੜ ਵਲੋਂ 'ਮਹਿਲਾ ਸ਼ਕਤੀਕਰਨ' ਨੂੰ ਸਮਰਪਿਤ ਰਹੇਗਾ 'ਨਵਾਂ ਵਰ੍ਹਾ'

## ਨਵ ਨਿਯੁਕਤ ਮਹਿਲਾ ਟੀਮ ਵਲੋਂ ਨਵੇਂ ਵਰ੍ਹੇ 'ਚ ਮਹਿਲਾ ਵਰਗ ਲਈ ਮਹੀਨਾਵਾਰ ਸਮਾਗਮਾਂ ਦਾ ਐਲਾਨ

**ਔੜ, (ਰੇਸ਼ਮ ਕਰਨਾਣਵੀ)–** ਨਵੇਂ ਵਰ੍ਹੇ ਦੌਰਾਨ ਮਹਿਲਾ ਸ਼ਕਤੀਕਰਨ ਦੀ ਉਦਾਹਰਣ ਵਜੋਂ ਨਵਜੋਤ ਸਾਹਿਤ ਸੰਸਥਾ (ਰਜਿ.) ਔੜ ਦੀ ਅਗਵਾਈ ਮਹਿਲਾਵਾਂ ਕਰਨਗੀਆਂ। ਜਿਸ ਵਿੱਚ ਪ੍ਰਧਾਨ ਦੀ ਜ਼ਿੰਮੇਵਾਰੀ ਨਾਮਵਰ ਸ਼ਾਇਰਾ ਰਜਨੀ ਸ਼ਰਮਾ ਨਿਭਾਉਣਗੇ, ਅਮਰਜੀਤ ਜਿੰਦ ਸਕੱਤਰ ਤੇ ਨੀਰੂ ਜੱਸਲ ਖਜ਼ਾਨਚੀ ਹੋਣਗੇ। ਇਵੇਂ ਮਹਿਲਾਵਾਂ ਦੀ ਹੀ ਬਾਕੀ ਕਾਰਜਕਾਰਨੀ 'ਚ ਹਰਬੰਸ ਕੌਰ, ਰਣਜੀਤ ਕੌਰ, ਇੰਦਰਪ੍ਰੀਤ ਕੌਰ, ਪ੍ਰੋ. ਸੰਦੀਪ ਕੌਰ, ਰੀਨਾ ਰਾਣੀ ਆਦਿ ਸਾਥ ਦੇਣਗੇ।



ਸੰਸਥਾ ਦੇ ਮਿਸ਼ਨ 'ਤੇ ਪਹਿਰਾ ਦਿੰਦਿਆਂ ਨਵ ਨਿਯੁਕਤ ਟੀਮ ਵਲੋਂ 12 ਮਹੀਨਾਵਾਰ ਸਮਾਗਮ ਕਰਾਉਣ ਦਾ ਐਲਾਨ ਕੀਤਾ ਗਿਆ ਹੈ। ਇਹ ਸਾਰੇ ਸਮਾਗਮ ਖੇਤਰ ਦੇ ਵੱਖ ਵੱਖ ਵਿੱਦਿਅਕ ਅਦਾਰਿਆਂ ਅਤੇ ਪਿੰਡਾਂ ਵਿੱਚ ਕਰਵਾਏ ਜਾਣਗੇ। ਪਲੇਠਾ ਉੱਦਮ 'ਧੀਆਂ ਦੀ ਲੋਹੜੀ' ਵਜੋਂ ਧੀਆਂ ਦੇ ਗੀਤਾਂ ਦੀ ਮਹਿਫ਼ਲ ਦਾ ਹੋਵੇਗਾ। ਦੂਜਾ ਸਮਾਗਮ 'ਸਾਹਿਤ 'ਚ ਮਹਿਲਾ ਵਰਗ ਦੀ ਭੂਮਿਕਾ' ਵਿਸ਼ੇ 'ਤੇ ਸੈਮੀਨਾਰ ਦੇ ਰੂਪ 'ਚ ਕਰਵਾਇਆ ਜਾਵੇਗਾ। ਇਵੇਂ 'ਮਹਿਲਾ ਦਿਵਸ' ਮੌਕੇ ਵੱਖ ਵੱਖ ਖੇਤਰਾਂ 'ਚ ਸੇਵਾਵਾਂ ਲਈ ਮਹਿਲਾਵਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਨਾਮਵਰ ਕਵਿੱਤਰੀਆਂ ਦਾ ਕਵੀ ਦਰਬਾਰ ਵੀ ਜੁੜ੍ਹੇਗਾ। ਇਵੇਂ ਅਗਲੀ ਲੜੀ 'ਚ ਵਿਦਿਆਰਥਣਾਂ ਦੀ ਮਹਿਲਾ ਵਰਗ ਨਾਲ ਸਬੰਧਤ ਸਵਾਲਾਂ ਦੇ ਅਧਾਰਿਤ ਲਿਖਤੀ ਪ੍ਰੀਖਿਆ ਅਤੇ 'ਤੀਆਂ' ਮੌਕੇ ਮਹਿਲਾ ਜਨ ਜੀਵਨ ਦੇ ਵਿਰਸੇ ਨਾਲ ਜੁੜੀਆਂ ਵਸਤੂਆਂ ਦੀ ਪ੍ਰਦਰਸ਼ਨੀ ਸ਼ਾਮਲ ਹੋਣਗੇ। ਇਸ ਤੋਂ ਇਲਾਵਾ ਮਹਿਲਾਵਾਂ ਦੇ ਜੀਵਨ ਸੰਘਰਸ਼ ਸਬੰਧੀ ਕਵਿਤਾ, ਭਾਸ਼ਣ, ਲੋਕ ਬੋਲੀਆਂ ਦੀਆਂ ਪ੍ਰਤੀਯੋਗਤਾਵਾਂ ਹੋਣਗੀਆਂ। ਮਹਿਲਾ ਲੇਖਕਾਵਾਂ ਨੂੰ 'ਰੂਬਰੂ' ਵੀ ਕਰਵਾਇਆ ਜਾਵੇਗਾ ਅਤੇ ਮਹਿਲਾ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਕੁਰੀਤੀਆਂ ਖਿਲਾਫ਼ 'ਜਾਗ੍ਰਤੀ ਮਾਰਚ' ਵੀ ਕੱਢਿਆ ਜਾਵੇਗਾ। ਸੰਸਥਾ ਦੇ ਸਲਾਨਾ ਸਮਾਗਮ ਦੌਰਾਨ ਪੰਜਾਬੀ ਮਾਂ ਬੋਲੀ ਅਤੇ ਸਾਹਿਤ ਦੀ ਸੇਵਾ ਹਿੱਤ ਪੰਜ ਮਹਿਲਾ ਹਸਤਾਖ਼ਰਾਂ ਨੂੰ 'ਨਵਜੋਤ ਪੁਰਸਕਾਰ-2023' ਨਾਲ ਨਿਵਾਜਿਆ ਜਾਵੇਗਾ। ਨਵੀਂ ਮਹਿਲਾ ਟੀਮ ਨੂੰ ਵਧਾਈ ਦਿੰਦਿਆਂ ਸੰਸਥਾ ਦੇ ਸੰਸਥਾਪਕ ਗੁਰਦਿਆਲ ਰੌਸ਼ਨ, ਪ੍ਰੋ. ਸੰਧੂ ਵਰਿਆਣਵੀ, ਸਤਪਾਲ ਸਾਹਲੋਂ ਅਤੇ ਸੁਰਜੀਤ ਮਜਾਰੀ ਨੇ ਕਿਹਾ ਕਿ ਸੰਸਥਾ ਨੂੰ ਮਹਿਲਾ ਟੀਮ ਵਲੋਂ ਅਗਵਾਈ ਮਿਲਣੀ ਬਹੁਤ ਮਾਣ ਵਾਲੀ ਗੱਲ ਹੈ।

ਉਹਨਾਂ ਆਸ ਪ੍ਰਗਟਾਈ ਕਿ ਨਵੀਂ ਟੀਮ ਵਲੋਂ ਆਪਣੇ ਕਾਰਜਕਾਲ ਦੌਰਾਨ ਨਵੇਂ ਕੀਰਤੀਮਾਨ ਸਥਾਪਿਤ ਹੋਣਗੇ ਅਤੇ ਨਵਜੋਤ ਸਾਹਿਤ ਸੰਸਥਾ ਔੜ ਦਾ ਨਾਂ ਹੋਰ ਚਮਕੇਗਾ। ਸੰਸਥਾ ਦੇ ਇਸ ਫ਼ੈਸਲੇ ਲਈ ਅਦਬੀ ਮਹਿਕ ਦੇ ਮੁੱਖ ਸੰਪ-ਾਦਿਕਾ ਸ਼੍ਰੀਮਤੀ ਕਮਲਾ ਸੱਲ੍ਹਣ, ਥਾਣਾ ਔੜ ਦੇ ਮੁੱਖੀ ਮੈਡਮ ਨਰੇਸ਼ ਕੁਮਾਰੀ, ਇਸਤਰੀ ਜਾਗ੍ਰਤੀ ਮੰਚ ਦੇ ਪ੍ਰਧਾਨ ਬੀਬੀ ਗੁਰਬਖਸ਼ ਕੌਰ ਸੰਘਾ, ਪੰਜਾਬ/ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਬੰਗਾ ਇਕਾਈ ਦੇ ਕਾਰਜਕਾਰਨੀ ਪ੍ਰਧਾਨ ਮੈਡਮ ਜਤਿੰਦਰ ਕੌਰ ਮੂੰਗਾ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਸੀਨੀਅਰ ਮੀਤ ਪ੍ਰਧਾਨ ਡਾ. ਗੁਰਚਰਨ ਕੌਰ ਕੋਚਰ, ਮਾਨਵਤਾ ਕਲਾ ਮੰਚ ਦੇ ਨਿਰਦੇਸ਼ਕ ਕੁਲਵੰਤ ਕੌਰ ਨਗਰ ਅਤੇ ਇਲਾਕੇ ਦੇ ਮਹਿਲਾ ਸਰਪੰਚ/ਨੰਬਰਦਾਰਾਂ ਨੇ ਵੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।



ਮਾਸਟਰ ਸੰਤੋਖ ਸਿੰਘ ਗਿੱਲ ਪਰਿਵਾਰ ਵੱਲੋਂ ਲੋਹੀਆ ਖਾਸ ਵਿਖੇ ਸਰਦੀ ਨੂੰ ਧਿਆਨ 'ਚ ਰੱਖਦਿਆਂ ਹਰ ਸਾਲ ਵਾਂਗ ਪੰਜਾਹ ਲੋੜਵੰਦ ਲੋਕਾਂ ਕੋਟੀਆਂ ਵੰਡੀਆਂ ਗਈਆਂ।

# ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੰਧਕੋਟ ਵਿਖੇ ਵਾਹਿਗੁਰੂ ਸਿਮਰਨ ਦੇ ਨਾਲ 2023 ਦੀ ਸ਼ੁਰੂਆਤ

## 2022 ਦੇ ਰਾਤ ਦੇ 12 ਵੱਜਣ ਤੋਂ ਕੁਝ ਮਿੰਟਾਂ ਸੰਗਤੀ ਰੂਪ ਨਾਮ ਸਿਮਰਨ ਸ਼ੁਰੂ ਅਤੇ 2023 ਵਿਚ ਪ੍ਰਵੇਸ਼ ਕਰਦਿਆਂ ਜੈਕਾਰਿਆਂ ਦੇ ਨਾਲ ਆਰੰਭਤਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਿੱਖ ਸਭਾ ਕੰਧਕੋਟ ਵਿਖੇ 31 ਦਸੰਬਰ ਨੂੰ ਰਾਤ ਦਾ ਵਿਸ਼ੇਸ਼ ਕੀਰਤਨ ਦੀਵਾਨ ਸਜਾਇਆ ਗਿਆ। ਨਵੇਂ ਸਾਲ ਦੀ ਆਮਦ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਸ ਸਮਾਗਮ ਵਿਚ 5000 ਤੋਂ ਵੱਧ ਦੀ ਸੰਗਤ ਜੁੜੀ। ਬੀਬੀ ਮਹਿਮਾ ਕੌਰ ਅਤੇ ਭਾਈ ਅਨੀਲ ਸਿੰਘ ਪਾਕਿਸਤਾਨ ਦੇ ਜੱਥੇ ਨੇ ਕੀਰਤਨ ਰਾਹੀਂ ਹਾਜ਼ਰੀ ਲਗਵਾਈ। 2022 ਦੇ ਰਾਤ ਦੇ 12 ਵੱਜਣ ਤੋਂ ਚੰਦ ਮਿੰਟ ਪਹਿਲਾਂ ਰੌਸ਼ਨੀਆਂ ਨੂੰ ਮੱਧਮ ਕਰਦਿਆਂ ਸਮੂਹ ਸੰਗਤ ਨੇ ਸੰਗਤੀ ਰੂਪ ਵਿਚ ਨਾਮ





ਸਿਮਰਨ ਸ਼ੁਰੂ ਕੀਤਾ ਅਤੇ ਫਿਰ ਨਵਾਂ ਸਾਲ 2023 ਚੜ੍ਹਦਿਆਂ ਹੀ ਜੈਕਾਰੇ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਨਵੇਂ ਸਾਲ ਦੀ ਸ਼ੁਰੂਆਤ ਕੀਤੀ ਗਈ। ਸੰਗਤ ਅਤੇ ਨੌਜਵਾਨ ਬੱਚੇ ਨਵੇਂ ਸਾਲ ਦੇ ਦੂਸਰੇ ਜਸ਼ਨਾਂ ਦੇ ਵਿਚ ਜਾਣ ਦੀ ਬਜਾਏ ਆਪਣੇ ਪਰਿਵਾਰਾਂ ਦੇ ਨਾਲ ਗੁਰਦੁਆਰਾ ਸਾਹਿਬ ਆਉਣ, ਇਸ ਕਰਕੇ ਇਹ ਸਮਾਗਮ ਹਰ ਸਾਲ ਉਲੀਕੇ ਜਾਂਦੇ ਹਨ। ਰਾਤ 12 ਵਜੇ ਤੱਕ ਐਨੀ ਵੱਡੀ ਗਿਣਤੀ ਦੇ ਵਿਚ ਸੰਗਤ ਦਾ ਇਕੱਤਰ ਹੋਣਾ ਆਪਣੇ ਆਪ ਵਿਚ ਇਕ ਉਦਾਹਰਣ ਹੈ। ਗੁਰਦੁਆਰਾ ਸਾਹਿਬ ਦੀ ਗੈਲਰੀ ਵੀ ਭਰੀ ਨਜ਼ਰ ਆ ਰਹੀ ਹੈ।

# "ਕਿੱਕ ਬਾਕਸਿੰਗ "ਦੀ ਖਿਡਾਰਨ "ਮੁਸਕਾਨ " ਦਾ ਚੱਕ ਕਲਾਲ ਦੀ ਪੰਚਾਇਤ ਵਲੋਂ ਵਿਸ਼ੇਸ਼ ਸਨਮਾਨ





**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਨਵੇਂ ਸਾਲ ਦੀਆਂ ਖੁਸ਼ੀਆ ਨੂੰ ਮੁੱਖ ਰੱਖਦੇ ਹੋਏ ਬੰਗਾ ਇਲਾਕੇ ਦੇ ਨਾਮਚੀਨ ਲੇਖਕ ਤੇ ਬਹੁਜਨ ਸਮਾਜ ਦੇ ਚਿੰਤਕ ਪੰਚਾਇਤ ਯੂਨੀਅਨ ਦੇ ਸੀਨੀਅਰ ਆਗੂ ਤੇ ਤਹਿਸੀਲ ਯੂਨੀਅਨ ਬੰਗਾ ਦੇ ਪ੍ਰਧਾਨ ਸ਼੍ਰੀ ਸੰਤੋਖ ਜੱਸੀ ਦੀ ਵਿਸ਼ੇਸ਼ ਰਹਿਨੁਮਾਈ ਹੇਠ ਪਿੰਡ ਚੱਕ ਕਲਾਲ ਦੀ ਗ੍ਰਾਮ ਪੰਚਾਇਤ ਵਲੋਂ ਇੱਕ ਯਾਦਗਾਰੀ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਵਿੱਚ ਕਿੱਕ ਬਾਕਸਿੰਗ ਦੀ ਇਲਾਕੇ ਦੀ ਮਸ਼ਹੂਰ ਖਿਡਾਰਨ ਮੁਸਕਾਨ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਆਏ ਹੋਏ ਮੁੱਖ ਮਹਿਮਾਨ ਬੰਗਾ ਹਲਕੇ ਦੇ ਵਿਧਾਇਕ ਡਾਕਟਰ ਸੁਖਵਿੰਦਰ ਸਿੰਘ ਸੁੱਖੀ ਵਲੋਂ ਮੁਸਕਾਨ ਦੀ ਗਰੀਬੀ ਦੀ ਹਾਲਤ ਨੂੰ ਵੇਖਦਿਆਂ ਤੇ ਸਰਕਾਰ ਵਲੋ ਯੋਗ ਖਿਡਾਰਨ ਦੀ ਕੋਈ ਆਰਥਿਕ ਸਹਾਇਤਾ ਨਾ ਕਰਨ ਤੇ ਰੋਸ ਵੀ ਜਾਹਰ ਕੀਤਾ ਤੇ ਆਪਣੀ ਜੇਬ ਵਿੱਚੋਂ ਮੁਸਕਾਨ ਨੂੰ 25,000 ਰੁਪਏ ਦੇਣ ਦਾ ਐਲਾਨ ਵੀ ਕੀਤਾ।ਡਾਕਟਰ ਸੁੱਖੀ ਨੇ ਆਖਿਆ ਕਿ ਪੰਜਾਬ ਵਿੱਚ ਅਗਰ ਸ਼੍ਰੋਮਣੀ ਅਕਾਲੀ ਦੱਲ ਦੀ ਸਰਕਾਰ ਹੁੰਦੀ ਤਾ ਅਸੀਂ ਸਰਕਾਰ ਵਲੋਂ ਇਸ ਕਿੱਕ ਬਾਕਸਿੰਗ ਦੀ ਮਹਾਨ ਖਿਡਾਰਨ ਨੂੰ ਹਰ ਤਰ੍ਹਾਂ ਨਾਲ ਆਰਥਿਕ ਤੌਰ ਤੇ ਸਹਿਯੋਗ ਕਰਨਾ ਸੀ। ਇਸ ਮੌਕੇ ਤੇ ਉਨ੍ਹਾਂ ਮੁਸਕਾਨ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ,ਤੇ ਅੱਗੇ ਤੋਂ ਵੀ ਹਰ ਤਰ੍ਹਾਂ ਨਾਲ ਸਹਿਯੋਗ ਦਿੰਦੇ ਰਹਿਣ ਦਾ ਭਰੋਸਾ ਦਿੱਤਾ।ਇਸ ਅਹਿਮ ਦਿਨ ਤੇ ਪ੍ਰਧਾਨ ਸੰਤੋਖ ਜੱਸੀ ਵਲੋਂ ਆਪਣੀ ਲਿਖੀ ਕਿਤਾਬ "ਸੱਤ ਸੰਮੁਦਰੋਂ ਪਾਰ" ਦੇ ਕੇ ਬੱਚੀ ਮੁਸਕਾਨ ਦੀ ਹੌਂਸਲਾ ਅਫਜਾਈ ਵੀ ਕੀਤੀ।ਇਸ ਮੌਕੇ ਤੇ ਮਿਸ਼ਨਰੀ ਕਲਾਕਾਰ ਗਾਇਕ ਧਰਮਿੰਦਰ ਮਸਾਣੀ ਵਲੋਂ ਇੱਕ ਮਿਸ਼ਨਰੀ ਗੀਤ "ਇੱਕ ਰੋਟੀ ਘੱਟ ਖਾ ਲਿਓ,ਤੇ ਬੱਚਿਆਂ ਨੂੰ ਜਰੂਰ ਪੜਾਉਣਾਂ " ਗਾ ਕੇ ਪਹੁੰਚੇ ਮਿਸ਼ਨਰੀ ਲੋਕਾਂ ਨੂੰ ਮਿਸ਼ਨ ਪ੍ਰਤੀ ਚੇਤੰਨ ਵੀ ਕੀਤਾ। ਇਸ ਮੌਕੇ ਤੇ ਪ੍ਰਧਾਨ ਸੰਤੋਖ ਜੱਸੀ,ਸਰਪੰਚ ਗੁਰਦੀਪ ਕੌਰ ਜੱਸੀ,ਸਾਬਕਾ ਸਰਪੰਚ ਅਮਰਜੀਤ ਕੌਰ, ਡਾਕਟਰ ਚਰਨਜੀਤ ਸਿੰਘ ਸੱਲ੍ਹਾਂ, ਸਮੂਹ ਗ੍ਰਾਮ ਪੰਚਾਇਤ,ਨੰਬਰਦਾਰ ਗੁਰਮੀਤ ਸਿੰਘ, ਬਸਪਾ ਬੰਗਾ ਦੇ ਹਲਕਾ ਇੰਚਾਰਜ ਹਰਮੇਸ਼ ਸਿੰਘ, ਪੰਚ ਜਤਿੰਦਰ ਕੁਮਾਰ, ਪੰਚ ਚਰਨ ਦਾਸ ਅਤੇ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ ਹਾਜ਼ਰ ਸਨ।

# ਸਕਾਈ ਟਾਵਰ ਔਕਲੈਂਡ ਵਿਖੇ ਅੱਜ ਅੱਧੀ ਰਾਤ ਦਿਲਕਸ਼ ਆਤਿਸ਼ਬਾਜੀ ਨਾਲ ਨਵੇਂ ਸਾਲ ਨੂੰ ਜੀ ਆਇਆਂ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਬੀਤਿਆ ਵਰ੍ਹਾ 2022 ਜਦੋਂ ਸ਼ੁਰੂ ਹੋਇਆ ਸੀ ਤਾਂ ਕਰੋਨਾ ਕਰਕੇ ਜਸ਼ਨ ਰਹਿਤ ਹੀ ਹੋਇਆ ਸੀ, ਪਰ ਇਸ ਵਾਰ 2023 ਦਾ ਵਰ੍ਹਾ ਵੱਡੇ ਜਸ਼ਨਾ ਦੇ ਨਾਲ ਸ਼ੁਰੂ ਹੋਇਆ। 27 ਫਰਵਰੀ ਤੋਂ ਬਾਅਦ ਇਥੇ ਟੀਕਾਕਰਣ ਵਾਲੇ ਲੋਕਾਂ ਦੀ ਵਾਪਿਸੀ ਹੋਣੀ ਸ਼ੁਰੂ ਹੋ ਗਈ ਸੀ ਅਤੇ ਫਿਰ 1 ਅਗਸਤ ਨੂੰ ਇਥੇ ਸਾਰਿਆਂ ਵਾਸਤੇ ਆਉਣਾ ਸੌਖਾ ਕਰ ਦਿੱਤਾ ਗਿਆ ਸੀ। ਸੋ ਹੁਣ ਨਿਊਜ਼ੀਲੈਂਡ



ਦੇ ਵਿਚ ਵਿਦੇਸ਼ੀਆਂ ਦੀਆਂ ਰੌਣਕਾਂ ਵੀ ਵੇਖਣ ਵਾਲੀਆਂ ਹਨ। ਅੱਜ ਨਿਊਜ਼ੀਲੈਂਡ ਦੀ ਸ਼ਾਨ ਸਕਾਈ ਟਾਵਰ ਜਿਸ ਦੀ ਉਚਾਈ 1076 ਫੁੱਟ ਹੈ, ਤੋਂ ਕੀਤੀ ਜਾਣ ਵਾਲੀ ਦਿਲਕਸ਼ ਆਤਿਸ਼ਬਾਜੀ ਦੇ ਨਾਲ ਨਵੇਂ ਸਾਲ 2023 ਨੂੰ ਜੀ ਆਇਆਂ ਆਖਿਆ ਗਿਆ। ਰਾਤ 12 ਵੱਜਣ ਸਾਰ ਹੀ 500 ਕਿਲੋ ਪਟਾਖੇ ਜਿਸ ਦੇ ਵਿਚ 3500 ਦੇ ਕਰੀਬ ਰੌਸ਼ਨੀਆ ਦਾ ਸੰਗਮ ਸੀ, ਸਕਾਈ ਟਾਵਰ ਤੋਂ ਚਲਾਏ ਗਏ। ਪਟਾਖੇ ਚਲਾਉਣ ਦੇ ਲਈ ਲਗਪਗ 6 ਮਹੀਨੇ ਤੋਂ ਤਿਆਰੀ ਹੋ ਰਹੀ ਸੀ। ਅੱਜ ਸਵੇਰ ਤੋਂ ਹੀ ਸ਼ਹਿਰ ਵਿਚ ਚਹਿਲ-ਪਹਿਲ ਸੀ ਅਤੇ ਲੋਕਾਂ ਦਾ ਤਾਂਤਾ ਲੱਗਾ ਹੋਇਆ ਸੀ। 12 ਵੱਜਣ ਤੋਂ ਇਕ ਮਿੰਟ ਪਹਿਲਾਂ ਕਾਊਂਟਡਾਊਨ ਸ਼ੁਰੂ ਕਰ ਦਿੱਤਾ ਗਿਆ ਸੀ। ਨਿਊਜ਼ੀਲੈਂਡ ਦੇ ਗਿਸਬੌਰਨ ਇਲਾਕੇ ਦੇ ਵਿਚ ਦੁਨੀਆ ਦਾ ਸਭ ਤੋਂ ਪਹਿਲਾਂ ਸੂਰਜ ਚੜ੍ਹਦਾ ਹੈ। ਈਸਟ ਕੇਪ ਜੋ ਸੈਰ ਸਪਾਟਾ ਵਾਲੀ ਥਾਂ ਹੈ, ਵਿਖੇ ਲੋਕ ਹਰ ਰੋਜ਼ ਇਥੇ ਚੜ੍ਹਦਾ ਸੂਰਜ ਵੇਖਣ ਜਾਂਦੇ ਹਨ। ਪ੍ਰਕਾਸ਼ ਦੀ ਇਕ ਕਿਰਨ 2,99,792 ਕਿਲੋਮੀਟਰ ਪ੍ਰਤੀ ਸੈਕਿੰਡ ਸਪੀਡ ਨਾਲ ਆਪਣਾ ਸਫਰ ਤੈਅ ਕਰਦੀ ਹੈ ਅਤੇ ਇਹ 499 ਸੈਕਿੰਡ (8 ਮਿੰਟ 19 ਸੈਕਿੰਡ) ਦੇ ਵਿਚ ਧਰਤੀ ਨਾਲ ਟਕਰਾਉਂਦੀ ਹੈ। ਇਹੀ ਕਿਰਨ ਜੇਕਰ ਪਲੂਟੋ ਗ੍ਰਹਿ ਤੱਕ ਜਾਣੀ ਹੋਵੇ ਤਾਂ ਉਹ 328 ਮਿੰਟ (5 ਘੰਟੇ 46 ਮਿੰਟ) ਦਾ ਸਮਾਂ ਲਵੇਗੀ।

ਇਸ ਦੇ ਨਾਲ ਹੀ ਵੱਖ-ਵੱਖ ਗੁਰੂ ਘਰਾਂ ਅੰਦਰ ਵੀ ਅੱਜ ਕੀਰਤਨ ਦੀਵਾਨ ਹੋ ਰਹੇ ਹਨ ਅਤੇ ਨਵਾਂ ਸਾਲ ਗੁਰੂ ਦੇ ਨਾਲ ਆਰੰਭ ਕੀਤਾ ਜਾਣਾ ਹੈ। ਇਸ ਸਬੰਧੀ ਕਈ ਜਗ੍ਹਾ ਅੱਜ ਸ਼ਾਮ ਦੇ ਪ੍ਰੋਗਰਾਮ ਵੀ ਰੱਖੇ ਗਏ ਸਨ ਜੋ ਦੇਰ ਰਾਤ ਤੱਕ ਚੱਲਣਗੇ। ਬੇਗਮਪੁਰਾ ਗੁਰਦੁਆਰਾ ਸਾਹਿਬ ਵਿਖੇ ਸ਼ਾਮ ਦੇ ਵਿਸ਼ੇਸ਼ ਦੀਵਾਨ ਸਜਾਏ ਗਏ। ਗੁਰਦੁਆਰਾ ਸਾਹਿਬ ਮੈਨੁਰੇਵਾ ਵਿਖੇ ਵੀ ਸ਼ਾਮ ਦੇ ਦੀਵਾਨ ਸਜਾਏ ਗਏ ਜੋ ਕਿ ਅੱਧੀ ਰਾਤ ਤੱਕ ਜਾਰੀ ਰਹਿਣਗੇ।

# ਪੰਜਾਬ ਸਾਹਿਤ ਅਕਾਦਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦਾ ਨਵਾਂ ਸਾਲ ਪਦਮ ਸ੍ਰੀ ਡਾ : ਸੁਰਜੀਤ ਪਾਤਰ ਜੀ ਨਾਲ

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)–** ਸਿਰਜਨਾ ਦੇ ਆਰ ਪਾਰ ਵਿੱਚ ਪੰਜਾਬ ਸਾਹਿਤ ਅਕਾਦਮੀ ਅਤੇ ਅੰਤਰਰਾਸਟਰੀ ਸਾਹਿਤਕ ਸਾਂਝਾਂ ਦੇ ਪ੍ਰੋਗਰਾਮ ਦੌਰਾਨ ਪਦਮਸ੍ਰੀ ਡਾ ਸੁਰਜੀਤ ਪਾਤਰ ਜੀ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਸਾਹਿਤਕ ਸਾਂਝਾ ਦੇ ਪ੍ਰਧਾਨ ਰਿੰਟੂ ਭਾਟੀਆ ਨੇ ਆਪਣੀ ਸੁਰੀਲੀ ਆਵਾਜ ਵਿੱਚ ਪਾਤਰ ਸਾਹਿਬ ਦੀ ਗਜਲ 'ਸਾਡੀ ਤੁਹਾਡੀ ਮੁਲਾਕਾਤ ਹੋਈ' ਗਾ ਕੇ ਸਭ ਦਾ ਮਨ ਮੋਹ ਲਿਆ। ਪਦਮ ਸ੍ਰੀ ਸੁਰਜੀਤ ਪਾਤਰ ਜੀ ਦੀ ਜਿੰਦਗੀ, ਸਾਇਰੀ ਅਤੇ ਸਿਰਜਣਾਤਮਕ ਪਲਾਂ ਦੇ ਅਨੁਭਵ ਸਬੰਧੀ ਗੱਲਬਾਤ ਪ੍ਰੋ ਕੁਲਜੀਤ ਕੌਰ ਨੇ ਬੜੇ ਦਿਲਚਸਪ ਅੰਦਾਜ ਵਿੱਚ ਕੀਤੀ ਅਤੇ ਪਾਤਰ ਸਾਹਿਬ ਦੀਆਂ ਲੋਕ ਮਨਾਂ ਵਿੱਚ ਘਰ ਕਰ ਗਈਆਂ ਕੁਝ ਤੁਕਾਂ ਸੁਣਾ ਕੇ ਗੱਲਬਾਤ ਦਾ ਸਿਲਸਿਲਾ ਆਰੰਭ ਕੀਤਾ। ਪਦਮਸ੍ਰੀ ਪਾਤਰ ਸਾਹਿਬ ਨੇ ਸਭ ਦਰਸਕਾਂ ਨੂੰ ਨਵੇਂ ਵਰ੍ਹੇ ਦੀ ਵਧਾਈ ਦੇਂਦਿਆਂ ਆਪਣੇ ਕਾਵਿਕ ਸਫਰ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਡਾ. ਸਰਬਜੀਤ ਕੌਰ ਸੋਹਲ, ਰਾਮਿੰਦਰ ਰੰਮੀ ਤੇ ਸੁਰਜੀਤ ਕੌਰ ਟਰਾਂਟੋ ਨੇ ਪਾਤਰ ਜੀ ਦੀਆਂ ਲਿਖਤਾਂ ਨੂੰ ਉਚ ਮਿਆਰੀ



ਦੱਸਦਿਆਂ ਖੂਬ ਸਲਾਹਿਆ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪ੍ਰੋ ਕੁਲਜੀਤ ਕੌਰ ਤੇ ਰਮਿੰਦਰ ਵਾਲੀਆ ਨੇ ਦੱਸਿਆ ਕਿ ਸ੍ਰ ਪਿਆਰਾ ਸਿੰਘ ਕੁੱਦੋਵਾਲ ਮੁੱਖ ਸਲਾਹਕਾਰ ਨੇ ਅਮਰੀਕਾ ਵਿੱਚ ਪਾਤਰ ਸਾਹਿਬ ਨਾਲ ਜੁੜੀਆਂ ਸਾਹਿਤਕ ਯਾਦਾਂ ਸਾਂਝੀਆਂ ਕੀਤੀਆਂ। ਓਨਟਾਰੀਓ ਫਰੈਂਡਜ ਕਲੱਬ ਦੇ ਪ੍ਰਧਾਨ ਸ੍ਰ ਰਵਿੰਦਰ ਸਿੰਘ ਕੰਗ, ਪ੍ਰੋ ਜਾਗੀਰ ਸਿੰਘ ਕਾਹਲੋਂ, ਡਾ ਰਵਿੰਦਰ ਭਾਟੀਆ, ਹਰਦਿਆਲ ਸਿੰਘ ਝੀਤਾ, ਪ੍ਰਿੰਸੀਪਲ ਅਰਮਾਨ ਪ੍ਰੀਤ, ਜੋਤੀ ਮਾਂਗਟ, ਸਤਿੰਦਰ ਕੌਰ ਕਾਹਲੋਂ, ਰਾਜਬੀਰ ਗਰੇਵਾਲ, ਨਿਰਵੈਰ ਸਿੰਘ ਅਰੋੜਾ ਆਦਿ ਬਹੁਤ ਸਾਰੀਆਂ ਸਖਸੀਅਤਾਂ ਨੇ ਦੇਸ਼ ਵਿਦੇਸ਼ ਤੋਂ ਇਸ ਪ੍ਰੋਗਰਾਮ ਵਿੱਚ ਭਾਗ ਲੈਂਦਿਆਂ ਜਿੱਥੇ ਇਕ ਦੂਜੇ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ, ਉਥੇ ਡਾ. ਸੁਰਜੀਤ ਪਾਤਰ ਜੀ ਦਾ ਵੀ ਸਮਾਗਮ ਵਿਚ ਸ਼ਮੂਲੀਅਤ ਕਰਨ ਲਈ ਉਚੇਚਾ ਧੰਨਵਾਦ ਕੀਤਾ। ਸਮੁੱਚੇ ਤੌਰ ਤੇ ਡਾ ਸੁਰਜੀਤ ਪਾਤਰ ਜੀ ਦਾ ਇਹ ਰੂਬਰੂ ਖੂਬਸੂਰਤ ਤੇ ਯਾਦਗਾਰੀ ਹੋ ਨਿਬੜਿਆ। ਮਾਡਰੇਟਰ ਪ੍ਰੋ ਕੁਲਜੀਤ ਕੌਰ ਜੀ ਦੇ ਰੋਲ ਨੂੰ ਵੀ ਬਹੁਤ ਪਸੰਦ ਕੀਤਾ ਗਿਆ।

# ਪਲੇਠੀ ਕਿਤਾਬ "ਮਾਵਾਂ ਠੰਡੀਆਂ ਛਾਵਾਂ" ਕੀਤੀ ਪਾਠਕਾਂ ਦੇ ਸਨਮੁੱਖ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਇਲਾਕੇ ਦੀ ਉਘੀ ਸ਼ਖਸ਼ੀਅਤ ਅਤੇ ਸਿੱਖਿਆ ਦੇ ਖੇਤਰ ਚ ਵੱਖਰੀ ਪਹਿਚਾਣ ਬਣਾਉਣ ਵਾਲੇ ਸੂਝਵਾਨ ਅਧਿਆਪਕ ਕਸ਼ਮੀਰ ਮੀਰਪੁਰਲੱਖਾ ਜਿਨਾਂ ਨੇ ਹੁਣ ਤੱਕ ਅਨੇਕਾਂ ਗੀਤ, ਗਜਲਾਂ, ਕਵਿਤਾ ਤੇ ਰਚਨਾਵਾਂ ਨੂੰ ਕਲਮਬੱਧ ਕੀਤਾ ਤੇ ਵੱਖ ਵੱਖ ਮੈਗਜੀਨਾਂ, ਅਖਬਾਰਾਂ ਤੇ ਮਾਧਿਅਮ ਰਾਂਹੀ ਪਾਠਕਾਂ ਤੱਕ ਪਹੁੰਚਾਈਆਂ ਤੇ ਪਾਠਕਾਂ ਵਲੋਂ ਉਨਾ ਦੀ ਕਲਮ ਵਿੱਚੋਂ ਨਿਕਲੇ ਸ਼ਬਦਾਂ ਨੂੰ ਪੜ ਕੇ ਬੜਾ ਉਤਸ਼ਾਹਿਤ ਕੀਤਾ ਤੇ ਪਿਛਲੇ ਲੰਬੇ ਸਮੇਂ ਤੋਂ ਆਪਣੀ ਇੱਕ ਇੱਕ ਲਿਖਤ ਨੂੰ ਕਿਤਾਬ ਰੂਪੀ ਨਾਮ ਦੇ ਕੇ ਇੱਕ ਸੋਹਣੇ ਸੋਹਣੇ ਸ਼ਬਦਾਂ ਨੂੰ ਗੀਤਾਂ ਤੇ ਕਵਿਤਾ ਰਾਂਹੀ ਪਰੋਅ ਕੇ ਪਲੇਠੀ ਕਿਤਾਬ ਲਿਖੀ ਮਾਂਵਾਂ ਠੰਡੀਆਂ ਛਾਵਾਂ ਜੋ ਜੱਗ ਜਣਨੀ ਮਾਂ ਦੇ ਜੀਵਨ ਤੇ ਅਧਾਰਤ ਹੈ ਜਿਸ ਵਿੱਚ ਇੱਕ ਮਾਂ ਵਲੋਂ ਆਪਣੀ ਜਿੰਦਗੀ ਦਾ ਸਰਮਾਇਆ ਆਪਣੇ ਬੱਚਿਆਂ ਪ੍ਰਤੀ ਜੋ ਪਿਆਰ ਦੁਲਾਰ ਹੁੰਦਾ ਹੈ ਲੇਖਕ ਮਾਸਟਰ ਕਸ਼ਮੀਰ ਮੀਰਪੁਰ ਲੱਖਾ ਵਲੋਂ ਲਿਖੀ ਕਿਤਾਬ ਵਿੱਚ ਬੜੀ ਰੀਝ ਨਾਲ ਕਲਮਬੱਧ ਕੀਤਾ ਤੇ ਬੀਤੇ ਦਿਨੀ ਇਹ ਪਲੇਠੀ ਕਿਤਾਬ ਨੂੰ ਸਾਹਲੋਂ ਦੇ ਸਕੂਲ ਚ ਇੱਕ ਸਾਦੇ ਜਹੇ ਪ੍ਰੋ-



ਗਰਾਮ ਦੋਰਾਨ ਸਾਹਿਤ ਨਾਲ ਜੁੜੀਆਂ ਸ਼ਖਸ਼ੀਅਤਾਂ ਵਲੋਂ ਪਾਠਕਾਂ ਦੇ ਸਨਮੁੱਖ ਕੀਤੀ ਗਈ ਇਸ ਕਿਤਾਬ ਨੂੰ ਰਿਲੀਜ ਕਰਦਿਆ ਮੁਖ ਮਹਿਮਾਨ ਵਜੋਂ ਸ਼ਾਂਮਿਲ ਹੋਏ ਸਾਬਕਾ ਜਿਲਾ ਸਿਖਿਆ ਅਫਸਰ ਦਿਲਬਾਗ ਸਿੰਘ ਨੇ ਆਖਿਆਂ ਕਿ ਮਾਸਟਰ ਕਸ਼ਮੀਰ ਵਲੋਂ ਜਿਥੇ ਬੱਚਿਆ ਨੂੰ ਸਿਖਿਆ ਪ੍ਰਤੀ ਜਾਗਰੁਕ ਕਰ ਰਹੇ ਹਨ ਉਥੇ ਸਮਾਜਕ ਰਿਸਤਿਆਂ ਨੂੰ ਕਿਸ ਤਰਾ ਨਿਭਾਉਣਾ ਉਸ ਸਬੰਧੀ ਵੀ ਚੰਗੀ ਰਾਏ ਵੀ ਦਿਤੀ ਹੈ ਤੇ ਇਹ ਸਲਾਘਾਯੋਗ ਉਪਰਾਲਾ ਹੈ ਤੇ ਬੱਚਿਆਂ ਨੂੰ ਇਸ ਤਰਾਂ ਦੀਆਂ ਕਿਤਾਬਾਂ ਪੜਨੀਆਂ ਚਾਹੀਦੀਆਂ ਹਨ ਤਾਂ ਜੋ ਸਮਾਜ ਨੂੰ ਚੰਗੀ ਸੇਧ ਮਿਲ ਸਕੇ ਇਸ ਮੋਕੇ ਸਕੂਲ ਦੇ ਸਟਾਫ ਜਿਨਾਂ ਚ ਮੈਡਮ ਪ੍ਰਿਅੰਕਾ ਰਾਣੀ ਆਦਿ ਨੇ ਮਾਸਟਰ ਕਸ਼ਮੀਰ ਨੂੰ ਮੁਬਾਰਕਬਾਦ ਦਿਤੀ ਇਸ ਮੋਕੇ ਮਾਸਟਰ ਕਸ਼ਮੀਰ ਮੀਰ ਪੁਰ ਲੱਖਾ ਨੇ ਆਪਣੇ ਸੰਬੋਧਨ ਚ ਆਖਿਆ ਕਿ ਇਸ ਕਿਤਾਬ ਚ ਸਮਾਜ ਦੇ ਵੱਖ ਵੱਖ ਪਹਿਲੂਆਂ ਤੇ ਅਧਾਰਤ 38 ਰਚਨਾਵਾਂ ਹਨ ਜਿਨਾਂ ਨੂੰ ਪੜਕੇ ਸਮਾਜ ਦੇ ਲੋਕ ਜਰੂਰ ਜਾਗਰੁਕ ਹੋਣਗੇ ਤੇ ਆਪਣੇ ਸਮਾਜਕ ਰਿਸ਼ਤਿਆਂ ਨੂੰ ਸਮਝਣਗੇ ਤੇ ਬਹੁਤ ਜਲਦ ਆਉਣ ਵਾਲੇ ਸਮੇ ਚ ਅਨੇਕਾਂ ਕਹਾਣੀਆਂ ਦੀ ਕਿਤਾਬ ਲਿਖ ਕੇ ਸਰੋਤਿਆਂ ਦੇ ਸਨਮੁੱਖ ਕੀਤੀ ਜਾਵੇਗੀ ਉਨਾਂ ਸਾਰੇ ਸਟਾਫ ਤੇ ਸਰੋਤਿਆ ਦਾ ਤਹਿ ਦਿਲੋ ਧੰਨਵਾਦ ਕੀਤਾ ਗਿਆ।






ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਪੁੱਜੇ 'ਤੇ ਡੇਰਾ ਸੱਚਖੰਡ ਬੱਲਾਂ ਸੰਤ ਨਿਰੰਜਨ ਦਾਸ ਮਹਾਰਾਜ ਜੀ ਪਾਸੋਂ ਲਿਆ ਆਸ਼ੀਰਵਾਦ।

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਬਲਾਕ ਪੱਧਰੀ 25ਵਾਂ ਨਗਰ ਕੀਰਤਨ ਪਿੰਡ ਮੋਗਾ ਤੋਂ

**ਭੋਗਪੁਰ (ਜਲੰਧਰ) (ਚਰਨਜੀਤ ਸਿੰਘ ਬਿਨਪਾਲਕੇ)–** ਸ੍ਰੀ ਗੁਰੂ ਰਵਿਦਾਸ ਨਗਰ ਕੀਰਤਨ ਸਭਾ ਬਲਾਕ ਭੋਗਪੁਰ ਦੀ ਇਕ ਅਹਿਮ ਮੀਟਿੰਗ ਸ੍ਰੀ ਗੁਰੂ ਰਵਿਦਾਸ ਭਵਨ ਨਵੀਂ ਆਬਾਦੀ ਭੋਗਪੁਰ ਵਿਖੇ ਹੋਈ ਜਿਸ ਵਿੱਚ ਵੱਖ-ਵੱਖ ਪਿੰਡਾਂ ਦੀਆਂ ਸ੍ਰੀ ਗੁਰੂ ਰਵਿਦਾਸ ਕਮੇਟੀਆਂ ਨੇ ਭਾਗ ਲਿਆ। ਸਭਾ ਵੱਲੋਂ ਮਤਾ ਪਾਸ ਕੀਤਾ ਗਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ 646 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਭੋਗਪੁਰ ਦਾ 25ਵਾਂ ਬਲਾਕ ਪੱਧਰੀ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਪਿੰਡ ਮੋਗਾ ਤੋਂ ਮਿਤੀ 04-02-2023 ਨੂੰ ਅਰੰਭ ਹੋਵੇਗਾ। ਇਹ ਨਗਰ ਕੀਰਤਨ ਪਿੰਡ ਮੋਗਾ ਦੀ ਪ੍ਰਕਰਮਾਂ ਕਰਦਾ ਮੁਹੱਲਾ ਪੁਰਾਣੀ ਆਬਾਦੀ ਭੋਗਪੁਰ, ਮੁਹੱਲਾ ਨਵੀਂ ਆਬਾਦੀ ਭੋਗਪੁਰ, ਪਿੰਡ ਡੱਲੀ, ਸੱਧਾ ਚੱਕ, ਘੋੜਾਵਾਹੀ, ਕਿੰਗਰਾ, ਲੁਹਾਰਾਂ, ਚੱਕ-ਝੰਡੂ, ਲਾਹਦੜਾ, ਨੰਗਲ ਅਰਾਈਆਂ, ਬਿਨਪਾਲਕੇ, ਮੁਹੱਲਾ ਸ੍ਰੀ ਗੁਰੂ ਰਵਿਦਾਸ ਨਗਰ ਭੋਗਪੁਰ ਤੋਂ ਹੋ ਕੇ ਵਾਪਸ ਪਿੰਡ ਮੋਗਾ ਵਿਖੇ ਸੰਪਨ ਹੋਵੇਗਾ। ਹਰੇਕ ਸਾਲ ਦੀ ਤਰਾਂ ਇਸ ਸਾਲ ਵੀ ਨਗਰ ਕੀਰਤਨ ਯਾਤਰਾ ਦੀ ਪਰਿਕਰਮਾਂ ਵਿਚ ਆਉਂਦੇ ਸਾਰੇ ਮੁਹੱਲਿਆ ਅਤੇ ਪਿੰਡਾਂ ਦੇ



ਪ੍ਰਬੰਧਕਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਇਸ ਮਹਾਨ ਨਗਰ ਕੀਰਤਨ ਦਾ ਉਤਸ਼ਾਹ ਭਰਪੂਰ ਨਿੱਘਾ ਸਵਾਗਤ ਕਰਨ ਦਾ ਵਚਨ ਦੁਹਰਾਇਆ।

ਨਗਰ ਕੀਰਤਨ ਦੀਆਂ ਸੰਗਤਾਂ ਵਾਸਤੇ ਗੁਰੂ ਕੇ ਲੰਗਰਾਂ ਦੀ ਵਿਸ਼ੇਸ਼ ਸੇਵਾ ਪਿੰਡ ਡੱਲੀ ਦੀਆਂ ਸੰਗਤਾਂ ਨੇ ਪ੍ਰਾਪਤ ਕੀਤੀ। ਇਸ ਮੀਟਿੰਗ ਵਿਚ ਸਰਵ ਸ੍ਰੀ ਤਾਰੀ ਲਾਲ ਮੋਗਾ, ਰਾਕੇਸ਼ ਬੱਗਾ, ਇੰਦਰਜੀਤ ਸਿੰਘ, ਮੋਹਨ ਲਾਲ, ਪਰਮਜੀਤ ਸਿੰਘ, ਜਗਦੀਸ਼ ਲਾਲ, ਵਿਪਨ ਕੁਮਾਰ, ਚਰਨਪ੍ਰੀਤ ਚੰਨੀ, ਚਰਨਜੀਤ ਸਿੰਘ ਬਿਨਪਾਲਕੇ, ਰਾਮ ਲਾਲ, ਰਘੁਬੀਰ ਸਿੰਘ, ਕਮਲਜੀਤ ਸਿੰਘ, ਹਰਜੀਤ ਸਿੰਘ, ਕੁਲਵਿੰਦਰ ਕੁਮਾਰ, ਪਵਨ ਰਿੰਕੂ, ਮਨਜੀਤ ਰੱਤੂ, ਜਰਨੈਲ ਰੱਤੂ, ਕੁਲਵੰਤ ਸਿੰਘ, ਸੋਮ ਪ੍ਰਕਾਸ਼ ਗੋਰੀ, ਹੇਸ਼ਾ, ਦੀਪਾ, ਜਗਦੀਸ਼ ਲਾਲ, ਵਿਪਨ ਕੁਮਾਰ, ਕਮਲਜੀਤ ਕੌਰ, ਦਲਜੀਤ ਕੌਰ, ਸੁਖਵਿੰਦਰ ਕੌਰ, ਨਸੀਬ ਕੌਰ, ਅੰਸ਼ੂ ਕੁਮਾਰੀ, ਨਵੀਨ ਕੁਮਾਰ, ਚੰਦਰ ਦੇਵ, ਮਨਪ੍ਰੀਤ ਸਿੰਘ, ਰਵੀ ਕੁਮਾਰ, ਅਮਰਜੀਤ, ਕੁਲਵਿੰਦਰ ਸਿੰਘ, ਕੁਲਵਿੰਦਰ ਲਾਲ, ਸਾਹਿਲ, ਦੀਪਾ, ਮੁਕੇਸ਼ ਕੁਮਾਰ ਅਤੇ ਹੋਰ ਮੈਂਬਰਾਂ ਨੇ ਭਾਗ ਲਿਆ।

# ਆਜ਼ਾਦੀ ਘੁਲਾਟੀਆਂ ਦੇ ਪਿੰਡਾਂ ਅਤੇ ਯਾਦਗਾਰਾਂ ਦੀ ਯਾਤਰਾ ਕੀਤੀ ਗਈ





**ਮਾਹਿਲਪੁਰ–** ਕਾਮਾਗਾਟਾਮਾਰੂ ਲਾਇਬ੍ਰੇਰੀ ਕੈਮਲੂਪਸ ਬੀ ਸੀ ਕਨੇਡਾ ਦੇ ਮੁੱਖ ਸੰਚਾਲਕ, ਪਰਵਾਸੀ ਸ਼ਾਇਰ, ਕੈਮਲੂਪਸ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਅਮੈਰੀਟਸ ਅਤੇ ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦੇ ਕਨਵੀਨਰ ਡਾਕਟਰ ਸੁਰਿੰਦਰ ਧੰਜਲ ਵੱਲੋਂ ਦੁਆਬੇ ਦੇ ਉਨ੍ਹਾਂ ਪਿੰਡਾਂ ਅਤੇ ਯਾਦਗਾਰਾਂ ਦੇ ਦਰਸ਼ਨ ਕੀਤੇ ਗਏ ਜਿਨ੍ਹਾਂ ਦਾ ਸਬੰਧ ਦੇਸ਼ ਦੀ ਆਜ਼ਾਦੀ ਦੀ ਪ੍ਰਮੁੱਖ ਲਹਿਰ ਬੱਬਰ ਲਹਿਰ ਨਾਲ ਹੈ। ਕਾਮਾਗਾਟਾਮਾਰੂ ਲਾਇਬ੍ਰੇਰੀ ਦੇ ਪ੍ਰਬੰਧਕਾਂ ਵਿਚ ਸ਼ਾਮਲ ਚੈਂਚਲ ਸਿੰਘ ਬੈਂਸ ਦੇ ਗ੍ਰਹਿ ਵਿਖੇ ਇਲਾਕੇ ਦੇ ਸਾਹਿਤਕਾਰਾਂ ਨਾਲ ਇੱਕ ਮੀਟਿੰਗ ਤੋਂ ਬਾਅਦ ਪਿੰਡ ਜਿਆਣ, ਚੱਬੇਵਾਲ, ਜੰਡੋਲੀ, ਬਹਿਬਲਪੁਰ, ਪਤਾਰਾ ਅਤੇ ਹੋਰ ਪਿੰਡਾਂ ਦੇ ਇਤਿਹਾਸਕ ਸਥਾਨ ਦੇਖੇ ਗਏ। ਇਸ ਮੌਕੇ ਧੰਨਾ ਸਿੰਘ ਬਹਿਬਲਪੁਰ, ਮੋਤਾ ਸਿੰਘ ਪਤਾਰਾ ਵਰਗੇ ਸੂਰਬੀਰਾਂ ਦੀ ਦੇਣ ਨੂੰ ਯਾਦ ਕੀਤਾ ਗਿਆ। ਇਸ ਯਾਤਰਾ ਮੌਕੇ ਉਹਨਾਂ ਨੂੰ ਸਹਿਯੋਗ ਦੇਣ ਵਾਲਿਆਂ ਵਿੱਚ ਖੋਜੀ ਲੇਖਕ ਵਿਜੇ ਬੰਬੇਲੀ, ਬਲਜਿੰਦਰ ਮਾਨ ਸੰਪਾਦਕ 'ਨਿੱਕੀਆਂ ਕਰੂੰਬਲਾਂ' ਅਤੇ ਮਨਜੀਤ ਸਿੰਘ ਸ਼ਾਮਲ ਸਨ।ਨਾਵਾਂ ਤੇ ਥਾਵਾਂ ਦੀ ਪਰਮਾਣਿਕਤਾ ਦੇ ਉਦੇਸ਼ ਦੀ ਪੂਰਤੀ ਵਾਸਤੇ ਸਾਹਿਤਕਾਰਾਂ ਨਾਲ ਸੰਪਰਕ ਕੀਤਾ ਗਿਆ ।ਬੱਬਰ ਲਹਿਰ ਦੇ ਸ਼ਤਾਬਦੀ ਮੌਕੇ ਕੈਨੇਡਾ ਦੇ ਮਿੱਤਰਾਂ ਵੱਲੋਂ ਇੱਕ ਪੁਸਤਕ ਵੀ ਛਾਪੀ ਗਈ ਹੈ ਜਿਸ ਵਿੱਚ ਡਾਕਟਰ ਧੰਜਲ ਦਾ ਲੇਖ ਬੱਬਰ ਅਕਾਲੀ ਲਹਿਰ ਬਾਰੇ ਸ਼ਾਮਲ ਹੈ। ਡਾਕਟਰ ਧੰਜਲ ਨਾਲ ਵਿਚਾਰ-ਚਰਚਾ ਕਰਨ ਮੌਕੇ ਚੈਂਚਲ ਸਿੰਘ ਬੈਂਸ, ਬੱਗਾ ਸਿੰਘ ਆਰਟਿਸਟ, ਪੰਮੀ ਖੁਸ਼ਹਾਲਪੁਰੀ, ਦੀਪਕ ਅਗਨੀਹੋਤਰੀ, ਸੁਖਮਨ ਸਿੰਘ ਆਦਿ ਹਾਜ਼ਰ ਸਨ। ਇਸ ਮੌਕੇ ਬਲਜਿੰਦਰ ਮਾਨ ਨੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਪਣੇ ਇਤਿਹਾਸ ਨੂੰ ਨਵੀਂ ਪੀੜ੍ਹੀ ਹਵਾਲੇ ਕਰਨਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ। ਅਸਲ ਵਿੱਚ ਅਜਿਹਾ ਕਰਨ ਨਾਲ ਅਸੀਂ ਆਪਣੀ ਅਮੀਰ ਵਿਰਾਸਤ ਨੂੰ ਸੰਭਾਲ ਕੇ ਇਤਿਹਾਸਕ ਫਰਜ਼ ਪੂਰਾ ਕਰ ਰਹੇ ਹੁੰਦੇ ਹਾਂ। ਉਨ੍ਹਾਂ ਡਾਕਟਰ ਧੰਜਲ ਦੇ ਇਨ੍ਹਾਂ ਮਹਾਨ ਕਾਰਜਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੀ ਚੜ੍ਹਦੀ ਕਲਾ ਦੀ ਕਾਮਨਾ ਕੀਤੀ । ਸੁਰ ਸੰਗਮ ਵਿੱਦਿਅਕ ਟਰੱਸਟ ਵੱਲੋਂ ਆਯੋਜਤ ਕੀਤੀ ਇਸ ਮਿਲਣੀ ਵਿੱਚ ਇਲਾਕੇ ਦੇ ਪਤਵੰਤੇ, ਖੋਜੀ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਸ਼ਾਮਲ ਹੋਏ।

# ਪਾਕਿਸਤਾਨ ਦੇ ਸਿੰਧ ਪ੍ਰਾਂਤ 'ਚ ਗੁਰਪੁਰਬਾਂ ਅਤੇ ਸ਼ਹੀਦੀ ਦਿਵਸਾਂ ਉਤੇ ਸੰਗਤਾਂ ਦਾ ਸੈਲਾਬ





**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਦੋ ਦਹਾਕੇ ਪਹਿਲਾਂ ਗੀਤਕਾਰ ਹਰਵਿੰਦਰ ਓਹੜਪੁਰੀ ਦਾ ਲਿਖਿਆ ਇਕ ਗੀਤ 'ਦਾਤਾ ਧੰਨ ਤੇਰੀ ਸਿੱਖੀ ਧੰਨ ਸਿੱਖੀ ਦਾ ਨਜ਼ਾਰਾ' ਬੀਬਾ ਸਤਵਿੰਦਰ ਬਿੱਟੀ ਨੇ ਗਾਇਆ ਸੀ। ਇਸ ਗੀਤ ਦੇ ਬੋਲਾਂ ਨੂੰ ਜੇਕਰ ਦੁਨੀਆ ਦੇ ਵਿਚ ਵਸਦੇ ਸਿੱਖਾਂ ਨਾਲ ਜੋੜ ਕੇ ਵੇਖਣਾ ਹੋਵੇ ਤਾਂ ਸੱਚਮੁੱਚ ਸਿੱਖੀ ਧੰਨ ਹੀ ਪ੍ਰਤੀਤ ਹੁੰਦੀ ਹੈ। ਗੁਰੂ ਸਾਹਿਬਾਂ ਦਾ ਜੀਵਨ ਅਤੇ ਸਿਖਿਆਵਾਂ ਇਨਸਾਨੀਅਤ ਨੂੰ ਹਮੇਸ਼ਾ ਬਰਾਬਰ ਦਾ ਦਰਜ਼ਾ ਦਿੰਦੀਆਂ ਰਹੀਆਂ ਹਨ ਭਾਵੇਂ ਇਸ ਲੋਕਾਈ ਦੇ ਵਿਚ ਜ਼ੁਲਮ ਸਹਿੰਦਿਆ ਹੋਇਆਂ ਬਿਨਾਂ ਭੇਦ-ਭਾਵ ਕੁਰਬਾਨੀ ਕਰਨੀ ਪਈ ਹੋਵੇ। ਅਜਿਹੀਆਂ ਘਟਨਾਵਾਂ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ।

ਗੁਰੂ ਸਾਹਿਬਾਂ ਦੇ ਅਤੇ ਭਗਤਾਂ ਦੇ ਪ੍ਰਕਾਸ਼ ਗੁਰਪੁਰਬ ਤੇ ਸ਼ਹੀਦੀ ਦਿਵਸ ਹਰ ਸਿੱਖ ਜਿਥੇ ਵੀ ਵਸਿਆ ਹੈ, ਉਹ ਸ਼ਰਧਾ ਨਾਲ ਮਨਾਉਂਦਾ ਹੈ। ਪਾਕਿਸਤਾਨ ਉਹ ਦੇਸ਼ ਹੈ ਜਿੱਥੇ ਸਿੱਖੀ ਦਾ ਮਹਾਨ ਇਤਿਹਾਸ ਰੌਸ਼ਨ ਮਿਨਾਰ ਵਾਂਗ ਅੱਜ ਵੀ ਦਗ-ਦਗ ਕਰ ਰਿਹਾ ਹੈ। ਇਥੇ ਦੇ ਸਿੰਧ ਪ੍ਰਾਂਤ ਵਿਖੇ ਵਸਦੇ ਸਿੱਖੀ ਪ੍ਰੇਮੀਆਂ ਦਾ ਉਤਸ਼ਾਹ ਵੇਖਿਆਂ ਹੀ ਬਣਦਾ ਹੈ। ਪਿਛਲੇ ਦਿਨੀਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਿੱਖ ਸਭਾ, ਕੰਧਕੋਟ (ਸਿੰਧ ਪ੍ਰਾਂਤ) ਵਿਖੇ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ, ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ (ਗੁਰੂ ਸਾਹਿਬਾਂ ਦੀ ਸ਼ਹੀਦੀ ਵੇਲੇ ਇਨ੍ਹਾਂ ਸਿੱਖਾਂ ਨੂੰ ਵੀ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ) ਦਾ ਸ਼ਹੀਦੀ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ। ਲਗਪਗ 10,000 ਦੀ ਸੰਗਤ ਦੇ ਵਿਚ ਵੱਖ-ਵੱਖ 9-10 ਰਾਗੀ ਜੱਥਿਆਂ ਨੇ ਕਥਾ-ਕੀਰਤਨ ਕੀਤਾ। ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਅਤੇ ਲਹਿਰਾਉਣ ਦੀ ਰਸਮ ਹੋਈ। ਸਾਰੇ ਰਾਗੀ ਜੱਥਿਆਂ ਨੇ ਨਿਸ਼ਕਾਮ ਸੇਵਾ ਕੀਤੀ। ਸੰਗਤਾਂ ਦਾ ਕੀਰਤਨ ਸੁਣਣ ਦਾ ਸਤਿਕਾਰ ਵੇਖਿਆ ਹੀ ਬਣਦਾ ਸੀ। ਅੱਜ ਗੁਰਦੁਆਰਾ ਸਾਹਿਬ ਵਿਖੇ ਮਾਤਾ ਗੁਜਰੀ ਜੀ ਅਤੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਵੱਡਾ ਸਮਾਗਮ 'ਸਫਰ-ਏ-ਸ਼ਹਾਦਤ' ਮਨਾਇਆ ਗਿਆ। ਰਹਿਰਾਸ ਦੇ ਪਾਠ ਉਪਰੰਤ, ਸੁਖਮਨੀ ਸਾਹਿਬ ਦਾ ਪਾਠ ਅਤੇ ਫਿਰ ਕੀਰਤਨ ਦਰਬਾਰ ਸਜਿਆ ਜਿਸ ਦੇ ਵਿਚ ਬੀਬੀ ਮਹਿਮਾ ਕੌਰ ਨੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਸਾਕਾ ਸਿੰਧੀ ਭਾਸ਼ਾ ਦੇ ਵਿਚ ਸਰਵਣ ਕਰਵਾਇਆ ਕਰਵਾਇਆ ਅਤੇ ਬਹੁਤ ਹੀ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਸ਼ਰਸਾਰ ਕੀਤਾ।

ਵਰਨਣਯੋਗ ਹੈ ਕਿ ਇਥੇ ਹਰ ਸ਼ੁੱਕਰਵਾਰ ਨੂੰ ਲਗਪਗ 700 ਦੇ ਕਰੀਬ ਬੀਬੀਆਂ ਇਕੋ ਜਿਹੇ ਵਸਤਰ ਪਹਿਨ ਕੇ ਸੁਖਮਨੀ ਸਾਹਿਬ ਦਾ ਪਾਠ ਕਰਦੀਆਂ ਹਨ। ਲੰਗਰ ਤਿਆਰ ਹੁੰਦਾ ਹੈ, ਗਰੀਬਾਂ ਵਿਚ ਵਰਤਦਾ ਹੈ ਅਤੇ ਬੱਚਿਆਂ ਦੀ ਪੜ੍ਹਾਈ ਲਈ ਮਾਇਆ ਖਰਚੀ ਜਾਂਦੀ ਹੈ। ਅਜਿਹੇ ਸਿੱਖੀ ਦੀ ਚੜ੍ਹਦੀ ਕਲਾ ਵਾਲੇ ਸਮਾਗਮ ਪਾਕਿਸਤਾਨ ਦੇ ਵਿਚ ਹੋਣ ਉਤੇ ਆਪ ਮੁਹਾਰੇ ਮੂੰਹੋ ਨਿਕਲਦਾ ਹੈ ਕਿ 'ਦਾਤਾ ਧੰਨ ਤੇਰੀ ਸਿੱਖੀ ਧੰਨ ਸਿੱਖੀ ਦਾ ਨਜ਼ਾਰਾ'।

# ਬਾਦਲਾਂ ਅਤੇ ਢੀਂਡਸਾ ਪਰਿਵਾਰ ਨੇ ਮਿਲੀਭੁਗਤ ਨਾਲ ਸੰਗਰੂਰ ਮੈਡੀਕਲ ਕਾਲਜ ਦੇ ਕੰਮ ਵਿਚ ਅੜਿੱਕਾ ਡਾਹਿਆ ਹੋਇਆ: ਮੁੱਖ ਮੰਤਰੀ







**ਸੰਗਰੂਰ (ਦਲਜੀਤ ਕੌਰ)–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਬਾਦਲਾਂ ਅਤੇ ਢੀਂਡਸਾ ਪਰਿਵਾਰ ਉਤੇ ਤਿੱਖਾ ਨਿਸ਼ਾਨਾ ਸਾਧਦਿਆਂ ਆਖਿਆ ਕਿ ਇਨ੍ਹਾਂ ਦੋਵਾਂ ਪਰਿਵਾਰਾਂ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਦੀ ਖਾਤਰ ਸੰਗਰੂਰ ਦੇ ਮੈਡੀਕਲ ਕਾਲਜ ਦੇ ਕੰਮ ਵਿਚ ਅੜਿੱਕਾ ਡਾਹਿਆ ਹੋਇਆ ਹੈ।

ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਅਜਿਹੇ ਕੋਝੇ ਹੱਥਕੰਡੇ ਅਪਣਾਉਣ ਨਾਲ ਇਨ੍ਹਾਂ ਦੋਵਾਂ ਪਰਿਵਾਰਾਂ ਦਾ ਲੋਕ ਵਿਰੋਧੀ ਚਿਹਰਾ ਬੇਨਕਾਬ ਹੋਇਆ ਹੈ ਕਿਉਂਕਿ ਇਹ ਪਰਿਵਾਰ ਨਹੀਂ ਚਾਹੁੰਦੇ ਕਿ ਆਮ ਲੋਕਾਂ ਨੂੰ ਇੱਥੇ ਬਣਨ ਵਾਲੇ ਮੈਡੀਕਲ ਕਾਲਜ ਨਾਲ ਬਿਹਤਰ ਇਲਾਜ ਅਤੇ ਸਿੱਖਿਆ ਮੁਹੱਈਆ ਹੋਵੇ ਜਿਸ ਕਰਕੇ ਇਲਾਕੇ ਲਈ ਇਸ ਵੱਕਾਰੀ ਪ੍ਰਾਜੈਕਟ ਦੇ ਰਾਹ ਵਿਚ ਅੜਿੱਕੇ ਡਾਹੁਣ ਲਈ ਮਿਲੀਭੁਗਤ ਨਾਲ ਸਾਜ਼ਿਸ਼ਾਂ ਰਚੀਆਂ ਗਈਆਂ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਸੰਗਰੂਰ ਨੇੜੇ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਜੀ ਦੀ ਯਾਦ ਵਿਚ ਉਚ ਦਰਜੇ ਦਾ ਮੈਡੀਕਲ ਕਾਲਜ ਸਥਾਪਤ ਕਰਨ ਦਾ ਫੈਸਲਾ ਕੀਤਾ ਸੀ ਜਿਸ ਲਈ 460 ਕਰੋੜ ਰੁਪਏ ਦੇ ਫੰਡ ਰੱਖੇ ਗਏ ਸਨ। ਭਗਵੰਤ ਮਾਨ ਨੇ ਕਿਹਾ ਕਿ ਇਸ ਪ੍ਰਾਜੈਕਟ ਦਾ ਕੰਮ ਸ਼ੁਰੂ ਕਰਨ ਲਈ ਸੂਬਾ ਸਰਕਾਰ ਨੇ 460 ਕਰੋੜ ਰੁਪਏ ਵਿੱਚੋਂ ਬਹੁਤ ਫੰਡ ਪਹਿਲਾਂ ਹੀ ਜਾਰੀ ਕਰ ਦਿੱਤੇ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਮੈਡੀਕਲ ਕਾਲਜ ਦਾ ਪਹਿਲਾ ਅਕਾਦਮਿਕ ਸੈਸ਼ਨ ਇਸ ਸਾਲ ਮਾਰਚ ਮਹੀਨੇ ਤੋਂ ਸ਼ੁਰੂ ਹੋਣਾ ਸੀ ਜਿਸ ਨਾਲ ਸਮੁੱਚੇ ਮਾਲਵਾ ਖਿੱਤੇ ਨੂੰ ਬਿਹਤਰ ਮੈਡੀਕਲ ਸਹੂਲਤਾਂ ਹਾਸਲ ਹੋਣੀਆਂ ਸਨ। ਉਨ੍ਹਾਂ ਕਿਹਾ ਕਿ ਇਲਾਕੇ ਦੇ ਨੌਜਵਾਨਾਂ ਨੂੰ ਉਚੇਰੀ ਮੈਡੀਕਲ ਸਿੱਖਿਆ ਦੇ ਬਿਹਤਰ ਮੌਕੇ ਇੱਥੇ ਹੀ ਮਿਲਣੇ ਸ਼ੁਰੂ ਹੋਣੇ ਸਨ ਅਤੇ ਇਨ੍ਹਾਂ ਨੌਜਵਾਨਾਂ ਨੂੰ ਮੈਡੀਕਲ ਸਿੱਖਿਆ ਲਈ ਮਜਬੂਰੀਵੱਸ ਯੂਕਰੇਨ ਤੇ ਹੋਰ ਵਿਦੇਸ਼ੀ ਮੁਲਕਾਂ ਵਿਚ ਨਾ ਜਾਣਾ ਪੈਂਦਾ। ਇਸ ਤੋਂ ਇਲਾਵਾ ਭਗਵੰਤ ਮਾਨ ਨੇ ਕਿਹਾ ਕਿ ਮੈਡੀਕਲ ਕਾਲਜ ਨੇ ਜਿੱਥੇ ਇਲਾਕੇ ਦੇ ਨੌਜਵਾਨਾਂ ਨੂੰ ਸਿੱਧੇ ਅਤੇ ਅਸਿੱਧੇ ਤੌਰ ਉਤੇ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣੇ ਸਨ, ਉਥੇ ਹੀ ਮਾਲਵਾ ਪੱਟੀ ਦੀ ਵਿਕਾਸ ਵਿਚ ਵੱਡਾ ਯੋਗਦਾਨ ਪਾਉਣਾ ਸੀ।

ਮੁੱਖ ਮੰਤਰੀ ਨੇ ਦੁੱਖ ਨਾਲ ਕਿਹਾ ਕਿ ਇਸ ਮਾਣਮੱਤੇ ਪ੍ਰਾਜੈਕਟ ਨੂੰ ਰੋਕਣ ਲਈ ਬਾਦਲਾਂ ਅਤੇ ਢੀਂਡਸਾ ਪਰਿਵਾਰ ਨੇ ਆਪਸ ਵਿਚ ਸੁਰ ਨਾਲ ਸੁਰ ਮਿਲਾਉਂਦੇ ਹੋਏ ਆਪਣੇ ਸਿਆਸੀ ਵਖਰੇਵਿਆਂ ਨੂੰ ਵੀ ਲਾਂਭੇ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਰਸੂਖਦਾਰ ਪਰਿਵਾਰਾਂ ਨੇ ਪੂਰੀ ਵਾਹ ਲਾਈ ਹੋਈ ਹੈ ਕਿ ਕਿਸੇ ਵੀ ਤਰ੍ਹਾਂ ਇਹ ਪ੍ਰਾਜੈਕਟ ਸ਼ੁਰੂ ਨਾ ਹੋਵੇ ਅਤੇ ਇੱਥੋਂ ਤੱਕ ਕਿ ਕਾਨੂੰਨੀ ਤੌਰ ਉਤੇ ਰੁਕਾਵਟਾਂ ਪੈਦਾ ਕੀਤੀਆਂ ਗਈਆਂ। ਭਗਵੰਤ ਮਾਨ ਨੇ ਕਿਹਾ ਕਿ ਬਾਦਲਾਂ ਨੇ ਇਸ ਪ੍ਰਾਜੈਕਟ ਨੂੰ ਸਥਾਪਤ ਨਾ ਹੋਣ ਦੇਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੀ ਦੁਰਵਰਤੋਂ ਕੀਤੀ ਤਾਂ ਕਿ ਆਮ ਲੋਕਾਂ ਨੂੰ ਕੋਈ ਰਾਹਤ ਨਾ ਮਿਲ ਸਕੇ।

ਮੁੱਖ ਮੰਤਰੀ ਨੇ ਦੁੱਖ ਨਾਲ ਕਿਹਾ ਕਿ ਇਹ ਕਿੰਨੀ ਮੰਦਭਾਗੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਬਾਦਲ ਪਰਿਵਾਰ ਦੇ ਹੱਥਾਂ ਵਿਚ ਕਠਪੁਤਲੀ ਵਾਲੀ ਭੂਮਿਕਾ ਨਿਭਾਅ ਰਹੀ ਹੈ ਅਤੇ ਇਸ ਸੰਸਥਾ ਨੂੰ ਬਾਦਲਾਂ ਵੱਲੋਂ ਆਪਣੇ ਸਿਆਸੀ ਮਨਸੂਬੇ ਪੂਰੇ ਕਰਨ ਲਈ ਵਰਤਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨੂੰ ਰੋਕਣ ਲਈ ਬਾਦਲ ਸ਼੍ਰੋਮਣੀ ਕਮੇਟੀ ਦੀ ਦੁਰਵਰਤੋਂ ਕਰ ਰਹੇ ਹਨ ਜਦਕਿ ਇਸ ਪ੍ਰਾਜੈਕਟ ਨੇ ਇਲਾਕੇ ਦੇ ਲੋਕਾਂ ਦੀ ਤਕਦੀਰ ਬਦਲ ਦੇਣੀ ਸੀ। ਭਗਵੰਤ ਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਦੋਂ ਵੀ ਅਕਾਲੀ ਉਨ੍ਹਾਂ ਕੋਲ ਆਉਣ ਤਾਂ ਅਕਾਲੀਆਂ ਪਾਸੋਂ ਇਸ ਪ੍ਰਾਜੈਕਟ ਨੂੰ ਰੋਕਣ ਪਿੱਛੇ ਦੇ ਮਕਸਦ ਬਾਰੇ ਸੁਆਲ ਜ਼ਰੂਰ ਕਰਨ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਇਹ ਮੈਡੀਕਲ ਕਾਲਜ ਹਰ ਕੀਮਤ ਉਤੇ ਸ਼ੁਰੂ ਕਰਨ ਲਈ ਉਨ੍ਹਾਂ ਦੀ ਸਰਕਾਰ ਦ੍ਰਿੜ ਵਚਨਬੱਧ ਹੈ ਤਾਂ ਕਿ ਸੂਬੇ ਦੇ ਲੋਕਾਂ ਨੂੰ ਇਸ ਦਾ ਲਾਭ ਮਿਲ ਸਕੇ। ਉਨ੍ਹਾਂ ਕਿਹਾ ਕਿ ਬਾਦਲ ਜਾਂ ਢੀਂਡਸਾ ਜੋ ਕਰਨਾ ਚਾਹੁੰਦੇ ਹਨ, ਕਰ ਲੈਣ ਪਰ ਪ੍ਰਾਜੈਕਟ ਹਰ ਹਾਲ ਵਿਚ ਸ਼ੁਰੂ ਹੋਵੇਗਾ। ਭਗਵੰਤ ਮਾਨ ਨੇ ਕਿਹਾ ਕਿ ਉਹ ਬਾਦਲਾਂ ਤੇ ਢੀਂਡਸਿਆਂ ਨੂੰ ਉਨ੍ਹਾਂ ਦੇ ਇਨ੍ਹਾਂ ਘਿਨਾਉਣੇ ਕਾਰਿਆਂ ਨੂੰ ਸਫਲ ਨਹੀਂ ਹੋਣ ਦੇਣਗੇ ਅਤੇ ਆਮ ਲੋਕਾਂ ਦੀ ਭਲਾਈ ਵਾਲਾ ਇਹ ਪ੍ਰਾਜੈਕਟ ਛੇਤੀ ਸ਼ੁਰੂ ਹੋਵੇਗਾ।

ਵਿਰੋਧੀ ਧਿਰਾਂ ਨੂੰ ਆੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਲੀਡਰਸ਼ਿਪ ਦਾ ਇੱਕੋ-ਇੱਕ ਏਜੰਡਾ ਸੂਬੇ ਦੇ ਵਿਕਾਸ ਨੂੰ ਲੀਹੋਂ ਲਾਹੁਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵਿਰੁੱਧ ਕੋਈ ਠੋਸ ਮੁੱਦਾ ਨਾ ਹੋਣ ਕਾਰਨ ਬੁਖਲਾਏ ਹੋਏ ਅਕਾਲੀ ਮੀਡੀਆ 'ਚ ਸੁਰਖੀਆਂ ਬਟੋਰਨ ਲਈ ਅੱਕੀ ਪਲਾਹੀ ਹੱਥ ਮਾਰ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਉਹ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਨ ਅਤੇ ਉਨ੍ਹਾਂ ਨੂੰ ਕੋਈ ਨਹੀਂ ਰੋਕ ਸਕਦਾ।

ਆਪਣੀ ਸਰਕਾਰ ਦੀਆਂ ਲੋਕ ਪੱਖੀ ਪਹਿਲ ਕਦਮੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਮੁਫ਼ਤ ਬਿਜਲੀ ਦੇ ਇਤਿਹਾਸਕ ਫੈਸਲੇ ਕਾਰਨ ਸੂਬੇ ਦੇ ਲਗਪਗ 90 ਫੀਸਦੀ ਲੋਕਾਂ ਦਾ ਬਿਜਲੀ ਬਿੱਲ ਜ਼ੀਰੋ ਆਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਯਤਨਾਂ ਸਦਕਾ ਸੂਬੇ ਵਿੱਚ ਬਿਜਲੀ ਉਤਪਾਦਨ ਵਿੱਚ 83 ਫੀਸਦੀ ਦਾ ਵਾਧਾ ਹੋਇਆ ਹੈ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਕੀਤੇ ਗਏ ਅਣਥੱਕ ਯਤਨਾਂ ਸਦਕਾ ਪਛਵਾੜਾ ਕੋਲ ਖਾਣ ਤੋਂ ਬਿਜਲੀ ਉਤਪਾਦਨ ਲਈ ਕੋਲੇ ਦੀ ਸਪਲਾਈ ਲੰਬੇ ਸਮੇਂ ਬਾਅਦ ਮੁੜ ਸ਼ੁਰੂ ਹੋਈ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬੇ ਵਿੱਚ 100 ਆਮ ਆਦਮੀ ਕਲੀਨਿਕ ਪਹਿਲਾਂ ਹੀ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਫਤ ਪ੍ਰਦਾਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਗਣਤੰਤਰ ਦਿਵਸ ਮੌਕੇ ਇਨ੍ਹਾਂ ਕਲੀਨਿਕਾਂ ਦੀ ਗਿਣਤੀ ਵਧਾ ਕੇ 353 ਕਰ ਦਿੱਤੀ ਜਾਵੇਗੀ ਅਤੇ ਮਾਰਚ, 2023 ਦੇ ਅੰਤ ਤੱਕ ਸੂਬੇ ਵਿੱਚ ਅਜਿਹੇ 700 ਕਲੀਨਿਕ ਚਾਲੂ ਹੋ ਜਾਣਗੇ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਸੂਬੇ ਦੇ ਸਕੂਲਾਂ ਨੂੰ ਆਹਲਾ ਦਰਜੇ ਦੇ ਸਕੂਲਾਂ ਵਿੱਚ ਤਬਦੀਲ ਕਰਨ ਲਈ ਵਚ-ਨਬੱਧ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਸੂਬੇ ਵਿੱਚ ਸਿਹਤ ਅਤੇ ਸਿੱਖਿਆ ਖੇਤਰ ਨੂੰ ਮੁੱਖ ਤਰਜੀਹ ਦੇ ਰਹੀ ਹੈ ਅਤੇ ਇਨ੍ਹਾਂ ਅਹਿਮ ਖੇਤਰਾਂ ਦੀ ਕਾਇਆ ਕਲਪ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਰਾਹੀਂ ਸੂਬੇ ਦੀ ਦੌਲਤ ਲੁੱਟਣ ਵਾਲੇ ਲੋਕਾਂ ਨੂੰ ਉਨ੍ਹਾਂ ਦੀ ਸਰਕਾਰ ਨੇ ਸਲਾਖਾਂ ਪਿੱਛੇ ਡੱਕ ਦਿੱਤਾ ਹੈ। ਭਗਵੰਤ ਮਾਨ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਸਰਕਾਰੀ ਖਜ਼ਾਨੇ 'ਚੋਂ ਲੁੱਟਿਆ ਗਿਆ ਇਕ-ਇਕ ਪੈਸਾ ਵਾਪਸ ਲਿਆ ਜਾਵੇਗਾ ਅਤੇ ਸੂਬੇ ਦੀ ਸ਼ਾਨ ਨੂੰ ਹਰ ਤਰ੍ਹਾਂ ਨਾਲ ਬਹਾਲ ਕੀਤਾ ਜਾਵੇਗਾ। ਇਸ ਮੌਕੇ ਮੁੱਖ ਮੰਤਰੀ ਦੇ ਨਾਲ ਵਿੱਤ ਮੰਤਰੀ ਹਰਪਾਲ ਚੀਮਾ, ਸੂਚਨਾ ਤੇ ਲੋਕ ਸੰਪਰਕ ਮੰਤਰੀ ਅਮਨ ਅਰੋੜਾ, ਵਿਧਾਇਕ ਨਰਿੰਦਰ ਕੌਰ ਭਰਾਜ ਅਤੇ ਹੋਰ ਵੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ 'ਸਕੂਲ ਆਨ ਵ੍ਹੀਲਜ਼' ਪ੍ਰੋਜੈਕਟ ਤਹਿਤ ਸਿੱਖਿਆ ਹਾਸਲ ਕਰ ਰਹੇ ਬੱਚਿਆਂ ਨੂੰ ਟਰੈਕ ਸੂਟ ਤੇ ਹੋਰ ਸਮਾਨ ਦੀ ਵੰਡ








**ਸੰਗਰੂਰ (ਦਲਜੀਤ ਕੌਰ)–** ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਨਵੇਂ ਵਰ੍ਹੇ ਦੇ ਮੌਕੇ 'ਤੇ 'ਸਕੂਲ ਆਨ ਵ੍ਹੀਲਜ਼' ਪ੍ਰੋਗਰਾਮ ਤਹਿਤ ਚਲਾਏ ਜਾ ਰਹੇ ਪ੍ਰੋਜੈਕਟ ਤਹਿਤ ਸਿੱਖਿਆ ਹਾਸਲ ਕਰ ਰਹੇ ਬੱਚਿਆਂ ਨੂੰ ਟਰੈਕ ਸੂਟ ਅਤੇ ਜ਼ਰੂਰਤ ਦਾ ਹੋਰ ਸਮਾਨ ਵੰਡਿਆ। ਜ਼ਿਕਰਯੋਗ ਹੈ ਕਿ ਪਿਛਲੇ ਛੇ ਮਹੀਨਿਆਂ ਤੋਂ ਧੂਰੀ ਦੀਆਂ ਸਲੱਮ ਬਸਤੀਆਂ ਵਿੱਚ ਰਹਿੰਦੇ ਬੱਚਿਆਂ ਨੂੰ ਸਕੂਲੀ ਸਿੱਖਿਆ ਪ੍ਰਦਾਨ ਕਰਨ ਦੀਆਂ ਕੋਸ਼ਿਸ਼ਾਂ ਦੇ ਸਾਰਥਕ ਨਤੀਜੇ ਸਾਹਮਣੇ ਆਉਣ ਲੱਗ ਪਏ ਹਨ ਅਤੇ ਇਨ੍ਹਾਂ ਬੱਚਿਆਂ ਦੀ ਪ੍ਰਤਿਭਾ ਨਿਖਰਨੀ ਸ਼ੁਰੂ ਹੋ ਗਈ ਹੈ।

ਡਿਪਟੀ ਕਮਿਸ਼ਨਰ ਸ੍ਰੀ ਜੋਰਵਾਲ ਨੇ ਕਿਹਾ ਕਿ ਗਿਆਨ ਕਿਰਨਾਂ ਦੀ ਛੋਹ ਨਾਂ ਦੇ ਇਸ ਪ੍ਰੋਜੈਕਟ ਨੂੰ ਸੰਗਰੂਰ ਤੇ ਧੂਰੀ ਵਿਖੇ ਸਫ਼ਲਤਾ ਨਾਲ ਲਾਗੂ ਕੀਤਾ ਗਿਆ ਹੈ ਅਤੇ ਛੇਤੀ ਹੀ ਹੋਰ ਸਬ ਡਵੀਜ਼ਨਾਂ ਵਿਖੇ ਵੀ ਪੜਾਅਵਾਰ ਇਸ ਨੂੰ ਆਰੰਭ ਕੀਤੇ ਜਾਣ ਦੀ ਦਿਸ਼ਾ ਵੱਲ ਕਦਮ ਪੁੱਟੇ ਜਾਣਗੇ। ਉਨ੍ਹਾਂ ਕਿਹਾ ਕਿ ਸਲੱਮ ਬਸਤੀਆਂ ਵਿੱਚ ਰਹਿੰਦੇ ਸਕੂਲੀ ਸਿੱਖਿਆ ਤੋਂ ਵਿਰਵੇ ਬੱਚਿਆਂ ਦੇ ਮਨਾਂ ਅੰਦਰ ਦਿਲਚਸਪੀ ਪੈਦਾ ਕਰਨ ਲਈ ਇਹ ਇੱਕ ਨਿਵੇਕਲਾ ਯਤਨ ਹੈ ਜਿਸ ਨਾਲ ਇਨ੍ਹਾਂ ਬੱਚਿਆਂ ਤੇ ਇਨ੍ਹਾਂ ਦੇ ਮਾਪਿਆਂ ਦੇ ਮਨਾਂ ਅੰਦਰ ਸਿੱਖਿਆ ਪ੍ਰਤੀ ਉਤਸ਼ਾਹ ਪੈਦਾ ਹੋਇਆ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਛੋਟੇ ਛੋਟੇ ਕਦਮਾਂ ਨਾਲ ਜੇਕਰ ਕਿਸੇ ਜ਼ਿੰਦਗੀ ਨੂੰ ਰੁਸ਼ਨਾਇਆ ਜਾ ਸਕੇ, ਤਾਂ ਅਜਿਹੇ ਉਪਰਾਲੇ ਹਰੇਕ ਨਾਗਰਿਕ ਦੇ ਪੱਧਰ 'ਤੇ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਹੀ ਦਿਸ਼ਾ ਦੀ ਕਮੀ ਕਾਰਨ ਅਨੇਕਾਂ ਬੱਚੇ ਆਪਣੀ ਮੰਜ਼ਿਲ 'ਤੇ ਪੁੱਜਣ ਤੋਂ ਖੁੰਝ ਜਾਂਦੇ ਹਨ। ਇਸ ਮੌਕੇ ਸਹਾਇਕ ਕਮਿਸ਼ਨਰ ਦੇਵਦਰਸ਼ਦੀਪ ਸਿੰਘ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਨਵਨੀਤ ਕੌਰ ਤੂਰ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਲਵਲੀਨ ਬੜਿੰਗ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ ਵੀ ਹਾਜ਼ਰ ਸਨ।

# ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਜੀ ਦੇ 87 ਵੇਂ ਸ਼ਹੀਦੀ ਸਮਾਗਮ ਦੀਆਂ ਤਿਆਰੀਆਂ

**ਠੀਕਰੀਵਾਲ (ਦਲਜੀਤ ਕੌਰ)–** ਪਰਜਾ ਮੰਡਲ ਲਹਿਰ ਦੇ ਬਾਨੀ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਜੀ ਦੇ 87ਵੇਂ 18, 19, 20 ਜਨਵਰੀ ਨੂੰ ਮਨਾਏ ਜਾਣ ਵਾਲੇ ਸ਼ਹੀਦੀ ਸਮਾਗਮ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਯਾਦ ਰਹੇ ਕਿ ਉਨ੍ਹਾਂ ਦੀ 20 ਜਨਵਰੀ 1935 ਨੂੰ ਪਟਿਆਲਾ ਰਿਆਸਤੀ ਰਾਜੇ ਦੀ ਕੈਦ ਦੌਰਾਨ ਹੀ ਮੌਤ ਹੋ ਗਈ ਸੀ। ਜਿਨ੍ਹਾਂ ਦਾ ਜਨਮ ਨੂੰ ਮਾਤਾ ਹਰ ਕੌਰ ਦੀ ਕੁੱਖੋਂ ਰਿਆਸਤ ਪਟਿਆਲਾ ਦੇ ਜ਼ਿਲ੍ਹੇ ਬਰਨਾਲਾ ਦੇ ਪਿੰਡ ਠੀਕੀਰਵਾਲਾ ਵਿਖੇ ਹੋਇਆ ਸੀ। ਇਨ੍ਹਾਂ ਦੇ ਪਿਤਾ ਦੇਵਾ ਸਿੰਘ ਫੂਲਕੀਆ ਰਿਆਸਤ ਵਿੱਚ ਉੱਚ ਰਈਅਸ ਨਿਯੁਕਤ ਸਨ। ਆਜ਼ਾਦੀ ਦੇ ਪਹਿਲੇ ਸੁਤੰਤਰਤਾ ਸੰਗਰਾਮ ਪਿੱਛੋਂ ਅੰਗਰੇਜ਼ੀ ਰਾਜਨੀਤਕ ਚੇਤਨਾ ਪੈਦਾ ਕਰਨ ਵਾਲੀਆਂ ਕਈ ਰਾਜਸੀ ਲਹਿਰਾਂ ਚੱਲੀਆਂ ਇਨ੍ਹਾਂ ਲਹਿਰਾਂ ਵਿੱਚੋਂ ਪਰਜਾ ਮੰਡਲ ਦੀ ਲਹਿਰ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਲਹਿਰ ਦੀ ਰੂਹੇ ਰਵਾਂ ਸੇਵਾ ਸਿੰਘ ਠੀਕਰੀਵਾਲਾ ਸਨ।



ਅੱਜ ਸ਼ਹੀਦੀ ਸਮਾਗਮ ਕਮੇਟੀ ਨੇ ਬੀਕੇਯੂ ਏਕਤਾ ਡਕੌਂਦਾ ਦੇ ਆਗੂਆਂ ਸਮੇਤ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੀਨੀਅਰ ਮੀਤ ਪ੍ਰਧਾਨ ਮਨਜੀਤ ਧਨੇਰ ਨੂੰ ਸੱਦਾ ਪੱਤਰ ਸੌਂਪ ਕੇ ਆਪਣੇ ਆਗੂਆਂ ਵਰਕਰਾਂ ਸਮੇਤ ਸ਼ਹੀਦ ਸੇਵਾ ਸਿੰਘ ਠੀਕਰੀਵਾਲ ਜੀ ਦੇ 87 ਵੇਂ ਸ਼ਰਧਾਂਜਲੀ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ।

ਸੱਦਾ ਪੱਤਰ ਦੇਣ ਵਾਲੇ ਆਗੂਆਂ ਵਿੱਚ ਬੀਕੇਯੂ ਏਕਤਾ ਡਕੌਂਦਾ ਦੇ ਆਗੂ ਦਰਸ਼ਨ ਸਿੰਘ ਨਾਗਰਾ, ਚਤਰ ਸਿੰਘ ਢਿੱਲੋਂ, ਸੁਖਦੇਵ ਸਿੰਘ ਨੰਬਰਦਾਰ, ਕੁਲਵਿੰਦਰ ਸਿੰਘ, ਕੁਲਦੀਪ ਸਿੰਘ, ਪਰਦੀਪ ਸਿੰਘ, ਬਲਜਿੰਦਰ ਸਿੰਘ, ਨਿਰਭੈ ਸਿੰਘ, ਰੂਪ ਸਿੰਘ ਆਦਿ ਆਗੂ ਹਾਜਰ ਸਨ।

# ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਹਲਕਾ ਸੁਨਾਮ ਵਿੱਚ 70 ਕਰੋੜ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਨਾਲ ਨਵੇਂ ਵਰ੍ਹੇ ਦੀ ਸ਼ੁਰੂਆਤ

**ਸੁਨਾਮ ਊਧਮ ਸਿੰਘ ਵਾਲਾ (ਦਲਜੀਤ ਕੌਰ)–** ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਸ੍ਰੀ ਅਮਨ ਅਰੋੜਾ ਨੇ ਨਵੇਂ ਵਰ੍ਹੇ ਮੌਕੇ ਸੁਨਾਮ ਵਾਸੀਆਂ ਦੀ ਸੇਵਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ 70 ਕਰੋੜ ਰੁਪਏ ਤੋਂ ਵੱਧ ਰਾਸ਼ੀ ਨਾਲ ਮੁਕੰਮਲ ਹੋਣ ਵਾਲੇ ਵੱਖ ਵੱਖ ਮਹ–ਤਵਪੂਰਨ ਵਿਕਾਸ ਕਾਰਜਾਂ ਦੀ ਸ਼ਾਨਦਾਰ ਸ਼ੁਰੂਆਤ ਕਰਦਿਆਂ ਵਿਧਾਨ ਸਭਾ ਹਲਕਾ ਸੁਨਾਮ ਦੇ ਵਾਸੀਆਂ ਨੂੰ ਪੰਜਾਬ ਸਰਕਾਰ ਦੀ ਤਰਫੋਂ ਸ਼ਾਨਦਾਰ ਤੋਹਫਾ ਦਿੱਤਾ।

ਸ਼ਹਿਰ ਦੀ ਪੁਰਾਣੀ ਸਬਜ਼ੀ ਮੰਡੀ ਵਿਖੇ ਲਗਭਗ ਇੱਕ ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸਟ੍ਰੀਟ ਵੈਂਡਿੰਗ ਜ਼ੋਨ ਦਾ ਨੀਂਹ ਪੱਥਰ ਰੱਖਦਿਆਂ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਸ਼ਹਿਰ ਵਿੱਚ ਸਬਜ਼ੀ ਅਤੇ ਫਲ ਵਿਕਰੇਤਾਵਾਂ ਲਈ ਇਹ ਮਾਰਕੀਟ ਆਉਣ ਵਾਲੇ ਸਮੇਂ ਵਿੱਚ ਵਰਦਾਨ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਸ਼ਹਿਰ ਵਿੱਚ ਆਵਾਜਾਈ ਵਿਵਸਥਾ ਵੀ ਸੁਚਾਰੂ ਹੋਵੇਗੀ ਅਤੇ ਲੋਕਾਂ ਲਈ ਵੀ ਇੱਕੋ ਪਲੇਟਫਾਰਮ ਤੋਂ ਲੋੜ ਅਨੁਸਾਰ ਖਰੀਦਦਾਰੀ ਕਰਨਾ ਸੌਖਾ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਪ੍ਰੋਜੈਕਟ ਤਿੰਨ ਮਹੀਨਿਆਂ ਅੰਦਰ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ ਹੈ ਤਾਂ ਜੋ ਰੇਹੜੀਆਂ ਵਾਲਿਆਂ ਨੂੰ ਰਾਹਤ ਮਿਲ ਸਕੇ।

ਇਸ ਉਪਰੰਤ ਕੈਬਨਿਟ ਮੰਤਰੀ ਵੱਲੋਂ ਰੋਜ਼ ਗਾਰਡਨ ਵਿਖੇ ਲਗਭਗ 61 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਕੁਦਰਤੀ ਪਾਰਕ ਦਾ ਨੀਂਹ ਪੱਥਰ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਵਾਤਾਵਰਨ ਨੂੰ ਸ਼ੁੱਧ ਬਣਾਉਣ ਲਈ ਵਿਅਕਤੀਗਤ ਅਤੇ ਸਮੂਹਿਕ ਪੱਧਰ ਉੱਤੇ ਸਾਰਥਕ ਯਤਨਾਂ ਦੀ ਲੋੜ ਹੈ ਅਤੇ ਸ਼ਹਿਰ ਵਿੱਚ ਨੇਚਰ ਪਾਰਕ ਬਣਨ ਨਾਲ ਹਰ ਉਮਰ ਵਰਗ ਦੇ ਨਾਗਰਿਕ ਕੁਦਰਤ ਨਾਲ ਨੇੜਿਓਂ ਸਾਂਝ ਪਾਉਣ ਦੇ ਸਮਰੱਥ ਬਣਨਗੇ।




ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਵੱਲੋਂ ਸੁਨਾਮ ਵਾਸੀਆਂ ਨੂੰ ਤੋਹਫੇ ਵਜੋਂ 68 ਕਰੋੜ ਰੁਪਏ ਦਾ ਫੰਡ ਦਿੱਤਾ ਹੈ ਜਿਸ ਨਾਲ 400 ਕਿਲੋਮੀਟਰ ਲੰਬੀ ਅੰਡਰ ਗਰਾਊਂਡ ਪਾਈਪ ਲਾਈਨ ਵਿਛਾ ਕੇ 47 ਪਿੰਡਾਂ ਦੀ ਲਗਭਗ 63000 ਏਕੜ ਜ਼ਮੀਨ ਨੂੰ ਨਹਿਰੀ ਪਾਣੀ ਲੱਗ ਸਕੇਗਾ । ਉਨ੍ਹਾਂ ਦੱਸਿਆ ਕਿ ਇਸ ਵਿੱਚੋਂ ਮਹਿਜ਼ 10 ਫੀਸਦੀ ਰਾਸ਼ੀ ਕਿਸਾਨਾਂ ਵੱਲੋਂ ਪਾਈ ਜਾਵੇਗੀ ਜਦਕਿ 90 ਫ਼ੀਸਦੀ ਹਿੱਸਾ ਸਰਕਾਰ ਵੱਲੋਂ ਪਾਇਆ ਜਾਵੇਗਾ। ਇਸੇ ਦੌਰਾਨ ਸ੍ਰੀ ਅਰੋੜਾ ਨੇ ਸ਼ਹੀਦ ਊਧਮ ਸਿੰਘ ਸਟੇਡੀਅਮ ਵਿੱਚ ਕਰੀਬ 36 ਲੱਖ ਦੀ ਲਾਗਤ ਵਾਲੇ ਨਵੇਂ ਟਿਊਬਵੈਲ ਦਾ ਉਦਘਾਟਨ ਕਰਦਿਆਂ ਲੋਕਾਂ ਨੂੰ ਨਵੇਂ ਸਾਲ ਮੌਕੇ ਪੀਣ ਵਾਲੇ ਸਾਫ ਪਾਣੀ ਦੀ ਸੌਗਾਤ ਦਿੱਤੀ। ਉਨ੍ਹਾਂ ਕਿਹਾ ਕਿ ਇਹ ਪੰਜਾਬ ਵਾਸੀਆਂ ਦਾ ਦੁਖਾਂਤ ਰਿਹਾ ਹੈ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਤੋਂ ਵੀ ਵਾਂਝਾ ਰੱਖਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਸਰਵੋਤਮ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਲੋਕਾਂ ਨਾਲ ਕੀਤੇ ਗਏ ਹਰ ਵਾਅਦੇ ਨੂੰ ਤਰਜੀਹੀ ਆਧਾਰ ਤੇ ਪੂਰਾ ਕੀਤਾ ਜਾਵੇਗਾ। ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਲੌਂਗੋਵਾਲ ਵਿਖੇ ਸਵੱਛ ਭਾਰਤ ਮਿਸ਼ਨ ਤਹਿਤ ਨਗਰ ਪੰਚਾਇਤ ਦੇ ਅਧਿਕਾਰੀਆਂ ਨੂੰ ਅਤਿ ਆਧੁਨਿਕ ਮਸ਼ੀਨਰੀ ਖਰੀਦਣ ਲਈ ਸਰਕਾਰ ਵੱਲੋਂ ਜਾਰੀ 15.66 ਲੱਖ ਰੁਪਏ ਦੀ ਰਾਸ਼ੀ ਦਾ ਪ੍ਰਵਾਨਗੀ ਪੱਤਰ ਸੌਂਪਿਆ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਸਾਫ਼ ਸਫ਼ਾਈ ਵਿਵਸਥਾ ਨੂੰ ਵਧੇਰੇ ਸੁਚਾਰੂ ਬਣਾਇਆ ਜਾ ਸਕੇ।

ਸ੍ਰੀ ਅਰੋੜਾ ਵੱਲੋਂ ਪਿੰਡ ਸਾਹੋਕੇ ਵਿਖੇ 9.65 ਲੱਖ ਰੁਪਏ ਨਾਲ ਬਣਨ ਵਾਲੀ ਨਵੀਂ ਬਣਨ ਵਾਲੀ ਲਾਇਬ੍ਰੇਰੀ ਦਾ ਨੀਂਹ ਪੱਥਰ ਵੀ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਨਾਗਰਿਕ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਲਈ ਸਰਗਰਮ ਹੈ ਅਤੇ ਛੇਤੀ ਹੀ ਇਸਦੇ ਸਾਰਥਕ ਨਤੀਜੇ ਸਾਹਮਣੇ ਆਉਣਗੇ। ਇਸ ਮੌਕੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ, ਐਸਡੀਐਮ ਜਸਪ੍ਰੀਤ ਸਿੰਘ, ਪ੍ਰਧਾਨ ਨਗਰ ਕੌਂਸਲ ਨਿਸ਼ਾਨ ਸਿੰਘ ਟੋਨੀ, ਸੰਜੀਵ ਕਾਂਸਲ ਸੰਜੂ, ਜ਼ਿਲ੍ਹਾ ਵਣ ਮੰਡਲ ਅਫ਼ਸਰ ਮੋਨਿਕਾ ਦੇਵੀ ਯਾਦਵ, ਕੌਂਸਲਰ ਚਮਕੌਰ ਹਾਂਡਾ, ਆਸ਼ਾ ਬਜਾਜ, ਹਰਪਾਲ ਹਾਂਡਾ, ਗੁਰਤੇਜ ਸਿੰਘ ਨਿੱਕਾ, ਜਤਿੰਦਰ ਜੈਨ, ਮੁਕੇਸ਼ ਜੁਨੇਜਾ, ਰਵੀ ਕਮਲ ਗੋਇਲ, ਮਨੀ ਸਰਾਓ, ਸੰਨੀ ਖਾਟਕ, ਮਨਪ੍ਰੀਤ ਬਾਂਸਲ, ਸੁੱਖ ਸਾਹੋਕੇ ਬਲਾਕ ਪ੍ਰਧਾਨ, ਸਰਪੰਚ ਸੁਲੱਖਣ ਸਿੰਘ, ਪ੍ਰਿੰਸੀਪਲ ਬਲਜੀਤ ਸਿੰਘ, ਸਾਧਾ ਸਿੰਘ ਵਿਰਕ, ਹਰਦੇਵ ਸਿੰਘ ਸਾਹੋਕੇ, ਕਾਕਾ ਬਾਠ, ਜਗਪਾਲ ਸਿੰਘ, ਲਾਭ ਸਿੰਘ ਨੀਲੋਵਾਲ, ਕਾਲਾ ਬਡਰੁੱਖਾਂ, ਦਵਿੰਦਰ ਬੁਗਰਾ, ਦਵਿੰਦਰ ਢੱਡਰੀਆਂ, ਜੱਸੀ ਬਡਰੁੱਖਾਂ ਵੀ ਹਾਜ਼ਰ ਸਨ।

# ਇਨਕਲਾਬੀ ਕੇਂਦਰ ਪੰਜਾਬ ਵੱਲੋਂ ਮੋਦੀ ਹਕੂਮਤ ਵੱਲੋਂ ਕੀਤੀ ਨੋਟਬੰਦੀ ਉੱਪਰ ਸੁਪਰੀਮ ਕੋਰਟ ਦਾ ਫ਼ੈਸਲਾ ਇੱਕਪਾਸੜ ਕਰਾਰ

**ਚੰਡੀਗੜ (ਦਲਜੀਤ ਕੌਰ)–** ਮੋਦੀ ਹਕੂਮਤ ਵੱਲੋਂ ਭਾਰਤੀ ਲੋਕਾਂ ਉੱਪਰ ਜਬਰੀ ਥੋਪੀ ਨੋਟਬੰਦੀ ਉੱਪਰ ਸੁਪਰੀਮ ਕੋਰਟ ਦੇ ਫੈਸਲੇ 'ਤੇ ਇਨਕਲਾਬੀ ਕੇਂਦਰ, ਪੰਜਾਬ ਨੇ ਪ੍ਰਤੀਕਿਰਿਆ ਦਿੰਦਿਆਂ ਇਸ ਨੂੰ ਬਹੁਸੰਮਤੀ ਜੱਜਾਂ ਵੱਲੋਂ ਸਿਰਫ਼ ਕਾਨੂੰਨੀ ਅਤੇ ਤਕਨੀਕੀ ਪਹਿਲੂਆਂ ਨੂੰ ਇੱਕਪਾਸੜ ਤੌਰ 'ਤੇ ਲਿਆ ਫੈਸਲਾ ਕਰਾਰ ਦਿੱਤਾ ਹੈ। ਇਨਕਲਾਬੀ ਕੇਂਦਰ, ਪੰਜਾਬ ਦੇ ਸੂਬਾ ਪ੍ਰਧਾਨ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ 135 ਕਰੋੜ ਲੋਕਾਂ ਤੇ ਅਸਰ ਅੰਦਾਜ਼ ਹੋਣ ਵਾਲੇ ਨੋਟਬੰਦੀ ਵਾਲੇ ਫੈਸਲੇ ਦੇ ਮਹੱਤਵਪੂਰਣ ਸਮਾਜਿਕ ਅਤੇ ਆਰਥਿਕ ਪਹਿਲੂਆਂ ਨੂੰ ਬਿਲਕੁਲ ਦਰਕਿਨਾਰ ਕਰਕੇ ਕੀਤਾ ਗਿਆ ਫੈਸਲਾ ਕਰਾਰ ਦਿੱਤਾ ਹੈ।

ਆਗੂਆਂ ਨੇ ਕਿਹਾ ਕਿ ਨੋਟਬੰਦੀ ਲਾਗੂ ਕਰਨ ਸਮੇਂ ਮੋਦੀ ਹਕੂਮਤ ਨੇ ਕਾਲਾ ਧਨ ਰੋਕਣ, ਜਾਅਲੀ ਕਰੰਸੀ ਨੂੰ ਰੋਕਣ, ਕੈਸ਼ਲੈੱਸ ਅਰਥਵਿਵਸਥਾ ਲਾਗੂ ਕਰਨ ਦੇ ਵੱਡੀਆਂ ਡੀਂਗਾਂ ਮਾਰੀਆਂ ਸਨ। ਪਰ ਕਾਲਾ ਧਨ, ਜਾਅਲੀ ਕਰੰਸੀ ਅਤੇ ਕੈਸ਼ਲੈੱਸ ਅਰਥਵਿਵਸਥਾ ਨੂੰ ਉਤਸ਼ਾਹਿਤ ਕਰਨਾ ਸੀ। ਕੀ ਇਹ ਜਬਰੀ ਥੋਪਿਆ ਫੈਸਲਾ ਰੱਤੀ ਭਰ ਵੀ ਸਹਾਈ ਨਹੀਂ ਹੋਇਆ? ਅੱਜ ਭਾਰਤ ਦੀ ਸੁਪਰੀਮ ਕੋਰਟ ਨੇ ਇਹ ਫੈਸਲਾ ਸੁਣਾਇਆ ਹੈ ਕਿ ਗੰਭੀਰ ਵਿਚਾਰ ਦੀ ਮੰਗ ਕਰਦਾ ਹੈ। ਛੇ ਸਾਲ ਪਹਿਲਾਂ ਕੁੱਝ ਕਰੰਸੀ ਨੋਟ ਬੰਦ ਕਰਨ ਦਾ ਸਰਕਾਰ ਦਾ ਫੈਸਲਾ ਜਾਇਜ਼ ਹੈ, ਫੈਸਲਾ ਚੰਗੀ ਨੀਅਤ ਨਾਲ ਲਿਆ ਗਿਆ ਸੀ ਅਤੇ ਅਦਾਲਤ ਵੱਲੋਂ ਇਸ ਤੇ ਸੁਆਲ ਨਹੀਂ ਕੀਤਾ ਜਾ ਸਕਦਾ, ਪਰ ਦਿਲਚਸਪ ਗੱਲ ਇਹ ਹੈ ਕਿ ਫੈਸਲੇ ਵਿੱਚ ਜਸਟਿਸ ਬੀਵੀ ਨਾਗਰਥਨਾ ਦਾ ਸਟੈਂਡ ਅਸਹਿਮਤੀ ਵਾਲਾ ਹੈ। ਉਸ ਦੀ ਰਾਏ ਵਿੱਚ ਇਹ ਫੈਸਲਾ ਗਲਤ ਸੀ।





ਸਵਾਲ ਇਹ ਹੈ: ਜੇਕਰ ਫੈਸਲੇ ਦੇ ਹੱਕ ਵਿੱਚ ਇੱਕ ਜਾਂ ਦੋ ਜੱਜ ਵੱਧ ਹਨ, ਤਾਂ ਕੀ ਇਹ ਸਾਰਾ ਕੁੱਝ ਪੂਰੀ ਤਰਾਂ ਮੰਨਣ ਯੋਗ ਹੈ? ਸਾਰੇ ਮਾਣਯੋਗ ਜੱਜ ਇੱਕੋ ਸੰਵਿਧਾਨ, ਇੱਕੋ ਕਾਨੂੰਨੀ ਸਿਧਾਂਤਾਂ ਨੂੰ ਮੰਨ ਕੇ ਸਿੱਟੇ ਕੱਢਦੇ ਹਨ। ਫਿਰ ਇਹ ਸਮਝ ਤੋਂ ਬਾਹਰ ਹੈ ਕਿ ਜਿਊਰੀ ਦੇ ਇੱਕ ਜਾਂ ਦੋ ਮੈਂਬਰਾਂ ਦਾ ਫੈਸਲਾ ਇਸ ਕਾਰਨ ਗਲਤ ਕਿਵੇਂ ਹੋ ਗਿਆ, ਕਿ ਉਹ ਘੱਟ ਗਿਣਤੀ ਵਿੱਚ ਹਨ ? ਇਸ ਦੇਸ਼ ਵਿੱਚ ਕਈ ਵਾਰ ਅਜਿਹਾ ਹੋਇਆ ਹੈ, ਜਿਵੇਂ ਕਿ ਔਰਤਾਂ ਦੇ ਮੰਦਰ–ਪ੍ਰਵੇਸ਼, ਹਿਜਾਬ (ਕਰਨਾਟਕ ਵਿੱਚ) ਆਦਿ ਵਰਗੇ ਕੇਸਾਂ ਵਿੱਚ।

ਕੀ ਫਿਰ ਇਹ ਸਿੱਟਾ ਕੱਢਣਾ ਚਾਹੀਦਾ ਹੈ ਕਿ ਘੱਟ ਗਿਣਤੀ ਜੱਜਾਂ ਨੂੰ ਸੰਵਿਧਾਨ ਦੀ ਕੋਈ ਜਾਣਕਾਰੀ ਨਹੀਂ ਹੈ ਜਾਂ ਉਹ ਸੰਵਿਧਾਨ ਜਾਂ ਕਾਨੂੰਨੀ ਸਿਧਾਂਤਾਂ ਦੀ ਸਹੀ ਵਿਆਖਿਆ ਕਰਨ ਵਿੱਚ ਅਸਫਲ ਰਹੇ ਹਨ?

ਹਾਂ, ਘੱਟ–ਗਿਣਤੀ ਦੀ ਰਾਏ ਉੱਤੇ ਬਹੁਗਿਣਤੀ ਦੀ ਰਾਏ ਬਣਾਉਣ ਦੀ ਇਹ ਪ੍ਰਣਾਲੀ ਹੈ। ਪਰ ਕੀ ਇਹ ਦਿਲਚਸਪ ਨਹੀਂ ਹੈ?

ਸਿਰਫ਼ ਇਸ ਲਈ ਕਿ ਬਹੁਗਿਣਤੀ ਦੀ ਰਾਇ ਵਿੱਚ ਨੋਟਬੰਦੀ ਕਰਨ ਦਾ ਫੈਸਲਾ ਜਾਇਜ਼ ਹੈ, ਕੀ ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਨੋਟਬੰਦੀ ਦੇ ਪੀੜਤਾਂ ਦੀਆਂ ਸਾਰੀਆਂ ਮੁਸ਼ਕਲਾਂ ਅਤੇ ਮੌਤਾਂ ਮੌਜੂਦ ਨਹੀਂ ਹਨ? ਕੀ ਉਹ ਸਿਰਫ ਸਾਡੀ ਕਲਪਨਾ ਦੇ ਅੰਸ਼ ਹਨ?

ਸਮੇਂ ਦੇ ਹਾਣ ਦੇ, ਕਾਨੂੰਨੀ ਵਿਦਵਾਨਾਂ ਨੇ ਅਜਿਹੀਆਂ ਬੁਝਾਰਤਾਂ 'ਤੇ ਵਿਚਾਰ ਕੀਤਾ ਅਤੇ ਤਸੱਲੀਬਖਸ਼ ਸਪੱਸ਼ਟੀਕਰਨ ਵੀ ਲੋਕਾਂ ਸਾਹਮਣੇ ਪੇਸ਼ ਕੀਤੇ ਕਿਉਂਕਿ ਆਖਰਕਾਰ, ਇਹ ਆਮ ਲੋਕ ਹੀ ਹਨ ਜਿਨ੍ਹਾਂ ਨੂੰ ਕਾਨੂੰਨੀ ਪ੍ਰਣਾਲੀ ਦੀ ਸਮਝ ਨਹੀਂ ਹੈ ਅਤੇ ਜਿਹਨਾਂ ਨੂੰ ਇਹ ਸਾਰਾ ਕੁੱਝ ਭੁਗਤਣਾ ਪੈਂਦਾ ਹੈ। ਨੋਟਬੰਦੀ ਦੇ ਇਸ ਫੈਸਲੇ ਦਾ ਖਮਿਆਜ਼ਾ ਸਭ ਤੋਂ ਵੱਧ ਕਿਰਤੀਆਂ ਨੂੰ ਭੁਗਤਣਾ ਪਿਆ, ਜਿਨ੍ਹਾਂ ਨੂੰ ਦਹਿ ਲੱਖਾਂ ਦੀ ਗਿਣਤੀ ਵਿੱਚ ਰੁਜ਼ਗਾਰ ਤੋਂ ਹੱਥ ਧੋਣੇ ਪਏ। ਸੈਂਕੜੇ ਲੋਕਾਂ ਮਾਮੂਲੀ ਰਕਮ ਕਢਵਾਉਣ ਲਈ ਕਈ ਕਈ ਦਿਨ ਕਤਾਰਾਂ ਵਿੱਚ ਖੜਨ ਲਈ ਮਜ਼ਬੂਰ ਹੋਏ। ਸੈਂਕੜੇ ਲੋਕਾਂ ਦੀ ਮੌਤ ਹੋਈ। ਕਾਲਾ ਧਨ ਨੂੰ ਨਕੇਲ ਪਾਉਣ ਵਾਲਾ ਥੋਥ ਵੀ ਨੰਗਾ ਹੋਇਆ। ਆਰਬੀਆਈ ਦੇ ਅੰਕੜਿਆਂ ਅਨੁਸਾਰ 99.3% ਅਤੇ 15.41 ਲੱਖ ਕਰੋੜ ਦੀ ਕੁੱਲ ਕਰੰਸੀ ਵਿੱਚੋਂ 15.31 ਲੱਖ ਕਰੋੜ ਕਰੰਸੀ ਬੈਂਕਾਂ ਵਿੱਚ ਜਮ੍ਹਾਂ ਹੋ ਗਈ। 500–1000 ਰੁ. ਦੇ ਨੋਟ ਬੰਦ ਕਰਕੇ 500–2000 ਰੁ. ਦੀ ਕਰੰਸੀ ਛਾਪ ਦਿੱਤੀ। ਨਵੀਂ ਕਰੰਸੀ ਛਾਪਣ ਤੇ 8000 ਹਜਾਰ ਕਰੋੜ ਰੁਪਏ, 2015–16 ਵਿੱਚ ਛਾਪੀ ਗਈ ਕਰੰਸੀ ਤੇ 3421ਕਰੋੜ ਰੁ. ਨਾਲੋਂ ਦੁੱਗਣੇ ਤੋਂ ਵੀ ਵੱਧ ਖਰਚ ਹੋਏ। ਸਰਕਾਰਾਂ ਨੋਟ ਬੰਦੀ ਸਮੇਤ ਹੋਰ ਫੈਸਲੇ ਲੋਕ ਹਿੱਤਾਂ ਨੂੰ ਦਰਕਿਨਾਰ ਕਰਦਿਆਂ ਵੱਡੇ ਧਨ ਕੁਬੇਰਾਂ ਦੇ ਹਿੱਤ ਵਿੱਚ ਲੈਂਦੀਆਂ ਹਨ। ਲੋਕਾਈ ਨੂੰ ਸਰਕਾਰਾਂ ਦੇ ਅਜਿਹੇ ਲੋਕ ਵਿਰੋਧੀ ਫੈਸਲਿਆਂ ਸਮੇਂ ਅਦਾਲਤਾਂ ਤੋਂ ਹੀ ਥੋੜੀ ਬਹੁਤ ਉਮੀਦ ਹੁੰਦੀ ਹੈ ਜੋ ਹੁਣ ਘਟਦੀ ਜਾ ਰਹੀ ਹੈ।


ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਲਹਿਰਾ ਮੁਹੱਬਤ ਅਤੇ ਜਸਵੰਤ ਜੀਰਖ ਨੇ ਅਜਿਹੇ ਵਡੇਰੇ ਲੋਕ ਹਿੱਤਾਂ ਨਾਲ ਸਰੋਕਾਰ ਰਖਦੇ ਮਸਲਿਆਂ ਤੇ ਲੋਕ ਲਾਮਬੰਦੀ ਤੇ ਟੇਕ ਰੱਖਦਿਆਂ ਸੰਘਰਸ਼ਾਂ ਦਾ ਪਿੜ ਮੱਲਣ ਲਈ ਅੱਗੇ ਆਉਣ ਦੀ ਅਪੀਲ ਕੀਤੀ।

# ਭੀਮਾਕੋਰੇਗਾਉਂ ਮਾਮਲਾ: ਚੋਟੀ ਦੇ ਪੁਲਿਸ ਅਧਿਕਾਰੀ ਦੇ ਨਿਆਂਇਕ ਕਮਿਸ਼ਨ ਨੂੰ ਦਿੱਤੇ ਬਿਆਨ ਨਾਲ ਸੱਚ ਸਾਹਮਣੇ ਆਇਆ

**ਚੰਡੀਗੜ (ਦਲਜੀਤ ਕੌਰ)–** ਇਨਕਲਾਬੀ ਕੇਂਦਰ, ਪੰਜਾਬ ਨੇ ਪ੍ਰਸਿੱਧ ਰਸਾਲੇ 'ਦ ਵਾਇਰ' ਦੀ ਰਿਪੋਰਟ ਵਿੱਚ ਛਪੀ ਇੱਕ ਸੀਨੀਅਰ ਪੁਲਿਸ ਅਧਿਕਾਰੀ ਦੀ ਨਿਆਂਇਕ ਕਮਿਸ਼ਨ ਨੂੰ ਦੱਸਣ ਮੁਤਾਬਿਕ ਕਿ ਪੁਣੇ ਦੇ ਨੇੜੇ ਭੀਮਾ ਕੋਰੇਗਾਓਂ ਪਿੰਡ ਵਿੱਚ 1 ਜਨਵਰੀ, 2018 ਨੂੰ ਭੜਕੀ ਜਾਤੀ ਹਿੰਸਾ ਵਿੱਚ ਐਲਗਾਰ ਪ੍ਰੀਸ਼ਦ ਸਮਾਗਮ ਦੀ ਕੋਈ ਭੂਮਿਕਾ ਨਹੀਂ ਸੀ, ਉੱਪਰ ਪ੍ਰਤੀਕਰਮ ਦਿੰਦਿਆਂ ਇਨਕਲਾਬੀ ਕੇਂਦਰ, ਪੰਜਾਬ ਦੇ ਆਗੂਆਂ ਨਰਾਇਣ ਦੱਤ ਅਤੇ ਕੰਵਲਜੀਤ ਖੰਨਾ ਨੇ ਕਿਹਾ ਕਿ ਸਾਲਾਂ ਬੱਧੀ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਕੀਤੇ ਬੁੱਧੀਜੀਵੀਆਂ, ਸਮਾਜਿਕ ਕਾਰਕਨਾਂ, ਵਕੀਲਾਂ, ਸਿੱਖਿਆ ਸ਼ਾਸ਼ਤਰੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਯਾਦ ਰਹੇ ਕਿ ਭੀਮਾ ਕੋਰੇਗਾਉਂ ਜਾਤੀ ਹਿੰਸਾ ਦੇ ਸਬੰਧ ਵਿੱਚ 16 ਕਾਰਕੁਨਾਂ, ਸਿੱਖਿਆ ਸ਼ਾਸਤਰੀਆਂ ਅਤੇ ਵਕੀਲਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪੁਲਿਸ ਦਾ ਦਾਅਵਾ ਹੈ ਕਿ ਇਹ ਵਿਅਕਤੀ 31 ਦਸੰਬਰ, 2017 ਨੂੰ ਭੀਮਾ ਕੋਰੇਗਾਓਂ ਦੀ ਲੜਾਈ ਦੀ 200ਵੀਂ ਵਰ੍ਹੇਗੰਢ ਮਨਾਉਣ ਲਈ ਐਲਗਾਰ ਪ੍ਰੀਸ਼ਦ ਦਾ ਸਮਾਗਮ ਕਰਵਾਉਣ ਵਾਲਿਆਂ ਵਿੱਚ ਸ਼ਾਮਲ ਸਨ। ਪੁਲਿਸ ਅੱਗੇ ਇਹ ਵੀ ਕਹਿੰਦੀ ਹੈ ਕਿ ਇਸ ਸਮਾਗਮ ਵਿੱਚ ਭੜਕਾਊ ਭਾਸ਼ਣ ਦਿੱਤੇ ਗਏ, ਜਿਸ ਕਾਰਨ ਅਗਲੇ ਦਿਨ ਵੱਡੇ ਪੱਧਰ 'ਤੇ ਹਿੰਸਾ ਹੋਈ।

ਹਾਲਾਂਕਿ, ਉਪ–ਮੰਡਲ ਪੁਲਿਸ ਅਧਿਕਾਰੀ ਗਣੇਸ਼ ਮੋਰੇ ਨੇ ਜਸਟਿਸ (ਸੇਵਾਮੁਕਤ) ਜੇ ਐਨ ਪਟੇਲ ਦੀ ਅਗਵਾਈ ਵਾਲੇ ਦੋ ਮੈਂਬਰੀ ਕਮਿਸ਼ਨ ਨੂੰ ਦੱਸਿਆ ਕਿ ਉਸ ਦੇ ਅਧਿਕਾਰ ਖੇਤਰ ਵਿੱਚ ਦਰਜ਼ ਹਿੰਸਾ ਦੇ 09 ਕੇਸਾਂ ਦੀ ਉਸ (ਗਣੇਸ਼ ਮੋਰੇ) ਵੱਲੋਂ ਕੀਤੀ ਗਈ ਜਾਂਚ ਤੋਂ ਪਤਾ ਚੱਲਿਆ ਹੈ ਕਿ ਐਲਗਾਰ ਪ੍ਰੀਸ਼ਦ ਦੇ ਸਮਾਗਮ ਅਤੇ ਭੀਮਾ ਕੋਰੇਗਾਉਂ ਹਿੰਸਾ ਵਿਚਕਾਰ ਕੋਈ ਸਬੰਧ ਨਹੀਂ ਸੀ।

ਮੋਰੇ ਨੇ ਇੱਕ ਵਕੀਲ ਰਾਹੁਲ ਮਖਾਰੇ ਦੇ ਸੁਆਲ ਦਾ ਜਵਾਬ ਦਿੰਦੇ ਹੋਏ ਕਿਹਾ, "ਮੈਨੂੰ ਇਸ ਤਰ੍ਹਾਂ ਦੀ ਕੋਈ ਜਾਣਕਾਰੀ ਜਾਂ ਸਮੱਗਰੀ ਨਹੀਂ ਮਿਲੀ, ਜਿਸ ਤੋਂ ਇਹ ਪਤਾ ਲਗਦਾ ਹੋਵੇ ਕਿ 01 ਜਨਵਰੀ 2018 ਨੂੰ ਵਾਪਰੀ ਦੰਗਿਆਂ ਦੀ ਘਟਨਾ, 31 ਦਸੰਬਰ 2017 ਨੂੰ ਸ਼ਨੀਵਰਵਾੜਾ, ਪੁਣੇ ਵਿਖੇ ਐਲਗਾਰ ਪ੍ਰੀਸ਼ਦ ਦੇ ਸਮਾਗਮ ਦਾ ਨਤੀਜਾ ਸੀ।" ਇਦਾ ਦੀ ਰਿਪੋਰਟ ਅਨੁਸਾਰ, ਮੋਰੇ, ਜੋ ਹਾਲ ਹੀ ਵਿੱਚ ਰਿਟਾਇਰ ਹੋਇਆ ਹੈ, 01 ਜਨਵਰੀ, 2018 ਨੂੰ ਇਸ ਇਲਾਕੇ ਦਾ ਇੰਚਾਰਜ ਸੀਨੀਅਰ ਅਧਿਕਾਰੀ ਸੀ। ਉਸ ਨੇ ਕਮਿਸ਼ਨ ਨੂੰ ਦੱਸਿਆ ਕਿ ਜਦੋਂ ਉਹ ਭੀਮਾ ਕੋਰੇਗਾਓਂ ਤੋਂ 3.5 ਕਿਲੋਮੀਟਰ ਦੂਰ ਪਿੰਡ ਵਧੂ ਬੁਦਰੁਕ ਵਿਖੇ ਡਿਊਟੀ 'ਤੇ ਸੀ ਤਾਂ ਉਸ ਨੇ ਭਗਵੇਂ ਝੰਡਿਆਂ ਵਾਲੇ ਲੱਗਭੱਗ 1200 ਲੋਕਾਂ ਦੀ ਭੀੜ ਨੂੰ ਖਿੰਡਾਇਆ ਸੀ।





ਦਲਿਤ ਸਮੂਹਾਂ ਅਤੇ ਸਿਆਸੀ ਕਾਰਕੁਨਾਂ ਨੇ ਦੋਸ਼ ਲਗਾਇਆ ਹੈ ਕਿ ਹਿੰਦੂਤਵੀ ਨੇਤਾਵਾਂ, ਮਿਲਿੰਦ ਏਕਬੋਟੇ ਅਤੇ ਸ਼ੰਭਾਜੀ ਭਿੰਡੇ ਨੇ ਘਟਨਾ ਤੋਂ ਪਹਿਲਾਂ ਨਫ਼ਰਤ ਭਰੇ ਭਾਸ਼ਣ ਦਿੱਤੇ, ਜਿਸ ਕਾਰਨ ਹਿੰਸਾ ਭੜਕੀ। ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਮੁਖੀ ਸ਼ਰਦ ਪਵਾਰ ਵੀ, ਇਸ ਹਿੰਸਾ ਵਿੱਚ ਹਿੰਦੂਤਵੀ ਸਮੂਹਾਂ ਦੀ ਸ਼ੱਕੀ ਭੂਮਿਕਾ ਬਾਰੇ ਪਹਿਲਾਂ ਹੀ ਜ਼ਿਕਰ ਕਰ ਚੁੱਕੇ ਹਨ। ਮੰਗਲਵਾਰ ਨੂੰ ਮੋਰੇ ਨੇ ਮਹਾਰਾਸ਼ਟਰ ਸਰਕਾਰ 'ਤੇ ਕੇਸ ਦੇ ਸਬੂਤਾਂ ਨੂੰ ਮਿਟਾਉਣ ਦਾ ਦੋਸ਼ ਲਗਾਇਆ।

ਉਸ ਨੇ 'ਦੀ ਵਾਇਰ' ਨੂੰ ਦੱਸਿਆ, "ਅਸੀਂ ਸਭ ਕੁੱਝ ਸਬੂਤਾਂ ਸਮੇਤ ਸਿੱਧ ਕੀਤਾ ਹੈ ਕਿ ਹਿੰਸਾ ਲਈ ਮਿਲਿੰਦ ਏਕਬੋਟੇ ਅਤੇ ਮਨੋਹਰ ਕੁਲਕਰਨੀ ਉਰਫ ਸ਼ੰਭਾਜੀ ਭਿੰਡੇ ਸਿੱਧੇ ਤੌਰ ਤੇ ਜਿੰਮੇਵਾਰ ਹਨ।" ਪੀੜਤਾਂ ਦੁਆਰਾ ਦਰਜ ਐਫ ਆਈ ਆਰਜ਼ ਵੀ ਉਹਨਾਂ ਦੀ ਭੂਮਿਕਾ ਅਤੇ ਭੀਮਾ ਕੋਰੇਗਾਓਂ ਇਲਾਕੇ ਵਿੱਚ ਕਈ ਸਾਲਾਂ ਤੋਂ ਕੰਮ ਕਰ ਰਹੇ ਉਹਨਾਂ ਦੇ ਸੰਗਠਨ ਨਾਲ ਜੁੜੇ ਲੋਕਾਂ ਵੱਲ ਇਸ਼ਾਰਾ ਕਰਦੀਆਂ ਹਨ।"

ਮੋਰੇ ਦੁਆਰਾ ਇਹ ਖੁਲਾਸਾ ਇੱਕ ਨਵੀਂ ਰਿਪੋਰਟ ਦੇ ਕੁੱਝ ਦਿਨ ਬਾਅਦ ਆਇਆ ਹੈ ਜਿਸ ਵਿੱਚ ਕਿਹਾ ਗਿਆ ਸੀ ਕਿ ਕਬਾਇਲੀ ਅਧਿਕਾਰ ਕਾਰਕੁਨ ਸਟੈਨ ਸਵਾਮੀ, ਜਿਸ ਉੱਤੇ ਭੀਮਾ ਕੋਰੇਗਾਓਂ ਹਿੰਸਾ ਵਿੱਚ ਸ਼ਾਮਲ ਹੋਣ ਦਾ ਦੋਸ਼ ਸੀ, ਦੇ ਕੰਪਿਊਟਰ ਵਿੱਚ ਸਬੂਤ ਇੱਕ ਹੈਕਰ ਨੇ ਪਲਾਂਟ ਕੀਤੇ ਸਨ। ਇਸ 83 ਸਾਲਾ ਈਸਾਈ ਪਾਦਰੀ ਸਟੈਨ ਸਵਾਮੀ ਦੀ, ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਤਹਿਤ ਗ੍ਰਿਫਤਾਰ ਕੀਤੇ ਜਾਣ ਤੋਂ ਲਗਭਗ 09 ਮਹੀਨੇ ਬਾਅਦ ਜੇਲ੍ਹ ਵਿੱਚ ਹੀ ਪਿਛਲੇ ਸਾਲ ਜੁਲਾਈ ਵਿੱਚ ਮੌਤ ਹੋ ਗਈ ਸੀ।

ਸੰਯੁਕਤ ਰਾਜ ਅਮਰੀਕਾ ਦੀ ਇੱਕ ਡਿਜੀਟਲ ਫੋਰੈਂਸਿਕ ਫਰਮ, ਆਰਸੇਨਲ ਕੰਸਲਟਿੰਗ ਨੇ ਕਿਹਾ ਕਿ ਜੂਨ 2019 ਵਿੱਚ ਪੁਲਿਸ ਦੁਆਰਾ ਸਟੇਨ ਸਵਾਮੀ ਦਾ ਕੰਪਿਊਟਰ ਜ਼ਬਤ ਕੀਤੇ ਜਾਣ ਤੋਂ ਲਗਭੱਗ ਪੰਜ ਸਾਲ ਪਹਿਲਾਂ ਤੱਕ, ਉਸਦੇ ਕੰਪਿਊਟਰ ਨੂੰ ਇੱਕ ਵਿਆਪਕ ਮਾਲਵੇਅਰ ਮੁਹਿੰਮ ਦੁਆਰਾ ਨਿਸ਼ਾਨਾ ਬਣਾਇਆ ਗਿਆ ਸੀ। ਇਸ ਸਮੇਂ ਦੌਰਾਨ ਉਸ ਦਾ ਕੰਪਿਊਟਰ ਪੂਰੀ ਤਰਾਂ ਹੈਕਰ ਦੇ ਕਬਜ਼ੇ ਵਿੱਚ ਸੀ ਅਤੇ ਦਰਜਨਾਂ ਫਾਈਲਾਂ, ਉਸਦੀ ਜਾਣਕਾਰੀ ਤੋਂ ਬਿਨਾਂ ਇੱਕ ਲੁਕਵੇਂ ਫੋਲਡਰ ਵਿੱਚ ਰੱਖ ਦਿੱਤੀਆਂ ਗਈਆਂ।

ਇਹ ਪਹਿਲੀ ਰਿਪੋਰਟ ਨਹੀਂ ਸੀ ਜਿਸ ਨੇ ਭੀਮਾ ਕੋਰੇਗਾਓਂ ਕੇਸ ਵਿੱਚ ਮੁਲਜ਼ਮਾਂ ਵਿਰੁੱਧ ਵਰਤੇ ਗਏ ਸਬੂਤਾਂ ਦੀ ਸੱਚਾਈ 'ਤੇ ਸਵਾਲ ਖੜ੍ਹੇ ਕੀਤੇ ਸਨ। ਜੂਨ ਵਿੱਚ, ਸਾਈਬਰ ਸੁਰੱਖਿਆ ਫਰਮ 'ਇਨਟਿਨਲੌਣਏ ਨੇ ਦੱਸਿਆ ਕਿ ਉਨ੍ਹਾਂ ਕੋਲ ਇਸ ਗੱਲ ਦੇ ਸਬੂਤ ਹਨ ਕਿ ਪੁਣੇ ਪੁਲਿਸ ਨੇ ਤਿੰਨ ਹੋਰ ਮੁਲਜ਼ਮਾਂ ਰੋਨਾ ਵਿਲਸਨ, ਵਰਵਰਾ ਰਾਓ ਅਤੇ ਹੈਨੀ ਬਾਬੂ ਦੇ ਈਮੇਲ ਖਾਤੇ ਹੈਕ ਕੀਤੇ ਸਨ। ਇਸੇ ਫਰਮ ਨੇ ਕਿਹਾ ਕਿ ਪੁਲਿਸ ਨੇ ਵਰਵਰਾ ਰਾਓ ਅਤੇ ਰੋਨਾ ਵਿਲਸਨ ਦੇ ਕੰਪਿਊਟਰਾਂ ਵਿੱਚ ਸਮੱਗਰੀ ਪਲਾਂਟ ਕੀਤੀ ਹੈ।

ਆਗੂਆਂ ਨੇ ਹੋਰ ਕਿਹਾ ਕਿ 2021 ਵਿੱਚ, ਆਰਸੇਨਲ ਕੰਸਲਟਿੰਗ ਲਿਮਟਿਡ ਨੇ ਇੱਕ ਹੋਰ ਰਿਪੋਰਟ ਵਿੱਚ ਦਾਅਵਾ ਕੀਤਾ ਕਿ ਇਸ ਕੇਸ ਵਿੱਚ ਦੋ ਮੁਲਜ਼ਮਾਂ, ਸੁਰਿੰਦਰ ਗਾਡਲਿੰਗ ਅਤੇ ਵਿਲਸਨ ਦੇ ਖਿਲਾਫ ਸਬੂਤ, ਉਹਨਾਂ ਦੇ ਕੰਪਿਊਟਰ ਵਿੱਚ ਮਾਲਵੇਅਰ ਦੀ ਵਰਤੋਂ ਕਰਕੇ ਲਗਾਏ ਗਏ ਸਨ। ਇਸ ਰਿਪੋਰਟ ਨਾਲ ਇਨਕਲਾਬੀ ਜਮਹੂਰੀ, ਇਨਸਾਫ ਪਸੰਦ ਤਾਕਤਾਂ ਦੇ ਪੱਖ ਦੀ ਪੁਸ਼ਟੀ ਹੋ ਗਈ ਹੀ ਹੈ ਕਿ ਇਨ੍ਹਾਂ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ, ਵਕੀਲਾਂ ਅਤੇ ਸਿੱਖਿਆ ਸ਼ਾਸ਼ਤਰੀਆਂ ਨੂੰ ਕਬਾਇਲੀ ਲੋਕਾਂ, ਦਲਿਤਾਂ ਅਤੇ ਹੋਰ ਪੀੜਤ ਲੋਕਾਂ ਦੇ ਹੱਕ ਵਿੱਚ ਆਵਾਜ਼ ਉਠਾਉਣ ਕਰਕੇ ਜੇਲ੍ਹਾਂ ਵਿੱਚ ਬੇਵਜ੍ਹਾ ਡੱਕਿਆ ਹੋਇਆ ਹੈ। ਮੋਦੀ ਹਕੂਮਤ ਕਾਰਪੋਰੇਟ ਘਰਾਣਿਆਂ ਨੂੰ ਮੁਲਕ ਦੇ ਕੁਦਰਤੀ ਮਾਲ ਖਜ਼ਾਨੇ ਸਮੇਤ ਕਿਰਤ ਸ਼ਕਤੀ ਨੂੰ ਲੁਟਾਉਣ ਲਈ ਰਾਹ ਪੱਧਰਾ ਕਰਨ ਵਾਸਤੇ ਦਹਿਸ਼ਤ ਦਾ ਮਾਹੌਲ ਸਿਰਜ ਰਹੀ ਹੈ। ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਲਹਿਰਾ ਮੁਹੱਬਤ ਅਤੇ ਜਸਵੰਤ ਜੀਰਖ ਨੇ ਸਮੂਹ ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਸੱਦਾ ਦਿੱਤਾ ਕਿ ਉਹ ਇਨ੍ਹਾਂ ਆਗੂਆਂ ਦੀ ਬਿਨਾਂ ਸ਼ਰਤ ਰਿਹਾਈ ਲਈ ਸੰਘਰਸ਼ ਜਾਰੀ ਰੱਖਣ ਲਈ ਅੱਗੇ ਆਉਣ।

## ਨਵੇਂ ਸਾਲ ਦੀ ਆਮਦ ਉਤੇ..

ਨਵੇਂ ਸਾਲ ਦੀ ਆਮਦ ਉਤੇ
ਕੁਝ ਨਵਾ ਨਵੇਲਾ ਕਰ ਜਾਈਏ।
ਸ਼ਿਕਵੇ ਦਿਲੋਂ ਭੁਲਾ ਕੇ ਸੱਜਣਾ
ਸਾਂਝੇ ਪੰਧ ਵੱਲ ਹੀ ਚੱਲ ਪਾਈਏ।

ਨਵੇ ਪਲਾ ਦੀ ਖੁਸ਼ੀ ਨਿਰਾਲੀ
ਰੌਸ਼ਨ ਜਜ਼ਬੇ ਸਿਜਰਣ ਵਾਲੀ
ਗੁੱਝੇ ਭੇਦ ਤੇ ਪਰਦਾ ਪਾ ਕੇ
ਮਿੱਤਰਾਂ ਦੇ ਸੰਗ ਖੜ ਜਾਈਏ।

ਕੁਦਰਤ ਦੀ ਇਹ ਖੇਡ ਅਵੱਲੀ
ਖੁਸ਼ੀਆਂ-ਗ਼ਮੀਆਂ ਜਾਵੇ ਸਮਾਈ
ਖਤਮ ਕਰਨ ਤੇ ਤੁਲੀ ਹੈ ਦੁਨੀਆਂ
ਫਿਰ ਵੀ ਜਾਵੇ ਕਰੀ ਭਲਾਈ ।

ਨੇਕ -ਪਾਕ ਦਹਿਲੀਜ਼ ਦੇ ਉੱਤੇ
ਪਹਿਰਾ ਦੇਣਾ ਸਭ ਦੇ ਵੱਸ ਨਾ
ਕੁਝ ਨੇ ਜੋ ਕਰਨ ਤਹੱਈਆ
ਸਿਰੜੀ ਬਣ ਕੇ ਚੁੰਹ ਕੂੰਟਾ ਦੇ ।

ਕਲਮਾਂ ਵਾਲ਼ੇ ਰੁੱਕਦੇ ਨਹੀਂਓਂ
ਹੁਕਮਰਾਨਾ ਦੀਆਂ ਬੰਦਸ਼ਾ ਅੱਗੇ
ਕੋਹਰਾਮ,ਨਿਜ਼ਾਮ ਦਾ ਰੁੱਤਬਾ ਭਾਰੀ
ਜਿਸ ਦੇ ਅੱਗੇ ਹਰ ਕੋਈ ਭੱਜੇ।

ਫਿਕਰਮੰਦੀ ਵਿਚ ਦਿਨ ਲੰਘਾਉਦੇ
ਮੁਲਵਾਨ (ਸਮਾ) ਦੀ ਕਦਰ ਨਾ ਪਾਈ
ਖਰੀਦਣ ਦੀ ਤਾਂ ਜ਼ੁਅਰਤ ਹੈ ਨੀ
ਨਾ ਵਰਤਣ ਲਈ ਜੁਗਤ ਲਗਾਈ।

ਪਰਵਾਜ਼ ਲੰਮੇਰੀ ਭਰਨੀ ਸੌਖੀ
ਹਿੰਮਤ ਜਦੋਂ ਜੁਟਾਉਦਾ ਬੰਦਾ
ਦੁੱਧ ਪੀਣ ਲਈ ਬੱਚੇ ਨੂੰ ਵੀ
ਕੁਰਲਾਹਟ ਹੈ ਪਉਣੀ ਪੈਂਦੀ।

ਕੌਮ ਦੇ ਸਿਰ ਤੇ ਕਰਜਾ ਭਾਰੀ
ਇਹ ਕੁਰਬਾਨੀ ਜੱਗ ਤੋਂ ਨਿਆਰੀ
ਵਾਰ ਗਿਆ ਪਰਿਵਾਰ ਵੀ ਸਾਰੀ
ਸੌਖੀ ਨਹੀਂਓ ਮਿਲੀ ਸਰਦਾਰੀ।

ਸੋਚ ਸੀਰਤ ਦੋ ਹਨ ਉਹ ਸ਼ੀਸ਼ੇ
ਝਲਕਾਰੇ ਹੀ ਮੜਕ ਨੇ ਕੱਡਦੇ
ਮੂੰਹ ਦੇ ਮਿੱਠੇ ਵਾਂਗ ਚਾਸ਼ਨੀ
ਜਾਂਦੇ ਜਾਂਦੇ ਵੀ ਨਾ ਰਾਹ ਛੱਡਦੇ।


ਧਾਲੀਵਾਲ ਇਹ ਜਗਤ ਅਨੋਖਾ
ਨਾਲ ਜੁਗਾੜ ਚਲਾਵੇਂ ਦੁਨੀਆਂ
ਕਹਿਣੇ ਨੂੰ ਸਭ ਕੁਝ ਹੈ ਤੇਰਾ
ਲੋੜ ਪੈਣ ਤੇ ਕਣ ਨਾ ਦਿੰਦੇ ।

ਰਿਸ਼ਤਿਆ ਵਾਜੋ ਸੱਖਣੀ ਦੁਨੀਆਂ
ਲੱਖ ਦੌਲਤਾ ਇਕੱਠੀਆਂ ਕਰ ਬਹੀਏ
ਨਵੇਂ ਸਾਲ ਦੀ ਆਮਦ ਉਤੇ
ਕੁਝ ਤਾ ਨਵਾ ਨਵੇਲਾ ਕਰ ਲਈਏ ।



ਐਡਵੋਕੇਟ
**ਰਵਿੰਦਰ ਸਿੰਘ ਧਾਲੀਵਾਲ**
91-78374 - 90309

# ਅੱਜ ਦਾ ਵਿਚਾਰ (3 ਜਨਵਰੀ)






ਬੱਚਿਆਂ ਨੂੰ ਸਿੱਖਿਆ ਦੇਣ ਵਾਲੇ ਅਧਿਆਪਕ ਮਾਪਿਆਂ ਨਾਲੋਂ ਵੱਧ ਸਨਮਾਨ ਦੇ ਹੱਕਦਾਰ ਹਨ, ਮਾਪੇ ਕੇਵਲ ਜਨਮ ਤੇ ਜੀਵਨ ਦਿੰਦੇ ਹਨ ਜਦ ਕਿ ਅਧਿਆਪਕ ਇਕ ਚੰਗੇ ਜੀਵਨ ਨੂੰ ਯਕੀਨੀ ਬਣਾਉਂਦੇ ਹਨ।

ਅੱਜ ਦੇ ਦਿਨ : 3-1-1588 ਲਾਹੌਰ ਦੇ ਸੂਫੀ ਫਕੀਰ ਸਾਈ ਮੀਆਵਿੰਡ ਮੀਰ ਜੀ ਨੇ ਹਰਮਿੰਦਰ ਸਾਹਿਬ ਦੀ ਨੀਂਹ ਰੱਖੀ। 1831 ਭਾਰਤ ਦੀ ਪਹਿਲੀ ਅਧਿਆਪਕਾ ਕ੍ਰਾਂਤੀ ਜੋਤ ਸਵਿਤਰੀ ਬਾਈ ਫੂਲੇ ਦਾ ਸਿਤਾਰਾ, ਮਹਾਂਰਾਸਟਰ ਵਿਖੇ ਜਨਮ। 1836 ਭਾਰਤ ਵਿੱਚ ਪਹਿਲੀ ਪਰਟਿੰਗ ਪ੍ਰੈਸ ਲਾਉਣ ਵਾਲੇ ਮੁਨਸ਼ੀ ਨਵਲ ਕਿਸ਼ੋਰ ਦਾ ਜਨਮ। 1880 ਪ੍ਰਸਿੱਧ ਅੰਗਰੇਜ਼ੀ ਮੈਗਜ਼ੀਨ 'ਇਲੈਸਟਰਿਡ ਵੀਕਲੀ' ਦਾ ਪਹਿਲਾ ਅੰਕ ਜਾਰੀ ਹੋਇਆ। 1925 ਇਟਲੀ ਦੀ ਪਾਰਲੀਮੈਂਟ ਨੂੰ ਤੋੜ ਕੇ ਮੁਸੋਲਿਨੀ ਡਿਕਟੇਟਰ ਬਣਿਆ। 1958 ਵੈਸਟ ਇੰਡੀਜ ਦੇ ਨਾਂ ਹੇਠ ਦੇਸ਼ਾਂ ਦੀ ਫੈਡਰੇਸ਼ਨ ਬਣਾਈ। 1962 ਪੋਪ ਨੇ ਕਿਊਬਾ ਦੇ ਪ੍ਰਧਾਨ ਮੰਤਰੀ ਫੀਡਲ ਕਾਸਟਰੋ ਨੂੰ ਇਸਾਈ ਧਰਮ ਵਿੱਚੋਂ ਖਾਰਜ ਕੀਤਾ। 2004 ਵਿਗਿਆਨਿਕ ਸੰਸਥਾ ਨਾਸਾ ਦੇ ਮਾਰਸ ਦਾ ਚੰਦਰਮਾ ਤੋਂ ਬਾਅਦ ਮੰਗਲ ਗ੍ਰਹਿ ਤੇ ਪਹਿਲਾ ਕਦਮ ਸੀ। 2015 ਨਾਈਜੇਰੀਆ ਵਿੱਚ ਬੋਕੋ ਹਰਾਮ ਜਥੇਬੰਦੀ ਵੱਲੋਂ 2,000 ਲੋਕਾਂ ਦਾ ਕਤਲ।

ਸਮਾਜ ਸੇਵੀ ਤੇ ਕਵੀ ਕ੍ਰਾਂਤੀ ਜੋਤ ਸਵਿਤਰੀ ਬਾਈ ਫੂਲੇ ਦਾ ਜਨਮ 3-1-1831 ਨੂੰ ਜਿਲਾ ਸਿਤਾਰਾ ਦੇ ਪਿੰਡ ਨਈਗਾਉਂ,ਮਹਾਂਰਾਸ਼ਟਰ ਵਿੱਚ ਹੋਇਆ। ਉਹ ਗੁਲੇਲ ਤੇ ਪੱਥਰਬਾਜੀ ਦੀ ਏਨੀ ਨਿਪੁੰਨ ਸੀ ਕਿ ਇਕ ਵਾਰ ਇਕ ਸੱਪ ਰੁੱਖ ਤੇ ਚੜ ਕੇ ਪੰਛੀਆਂ ਦੇ ਆਲਣੇ ਵਿੱਚੋਂ ਆਂਡੇ ਪੀ ਰਿਹਾ ਸੀ ਤਾਂ ਸਵਿਤਰੀ ਨੇ ਨੁਕੀਲੇ ਪੱਥਰ ਦਾ ਏਸਾ ਨਿਸ਼ਾਨਾ ਲਾਇਆ ਕਿ ਸੱਪ ਹੇਠਾਂ ਆ ਡਿੱਗਾ। ਉਸਦੀ ਸ਼ਾਦੀ ਨੌ ਸਾਲ ਦੀ ਉਮਰ ਵਿੱਚ ਸਮਾਜਿਕ ਸੁਧਾਰ ਜੋਤੀਬਾ ਫੂਲੇ ਨਾਲ ਹੋਈ। ਸਵਿਤਰੀ ਨੇ ਬੜੇ ਉਤਸ਼ਾਹ ਨਾਲ ਜੋਤੀਬਾ ਫੂਲੇ ਤੋਂ ਪੜਨਾ ਲਿਖਣਾ ਸਿੱਖਿਆ, ਉਸ ਦੇ ਨਾਲ ਸਮਾਜ ਸੰਮੇਲਨਾਂ ਵਿੱਚ ਜਾਣ ਲੱਗੀ। ਭਾਰਤ ਦੀ ਪਹਿਲੀ ਔਰਤ ਅਧਿਆਪਕਾਂ ਤੇ ਮੁਕਤੀ ਲਹਿਰ ਦੀ ਆਗੂ ਬਣੀ। ਸਵਿਤਰੀ ਬਾਈ ਨੇ ਸਮਾਜਿਕ ਵਿਵਸਥਾ ਨੂੰ ਵੰਗਾਰਿਆ ਤੇ ਘੋਸ਼ਨਾ ਕੀਤੀ,"ਐ ਔਰਤੋ ਆਉ, ਮੇਰੇ ਤੋਂ ਪੜਨਾ ਸਿੱਖੋ, ਪੜਾਈ ਤੁਹਾਡੀਆਂ ਜ਼ੰਜੀਰਾਂ ਕਟੇਗੀ।" ਉਸਨੇ 1848 ਵਿੱਚ ਲੜਕੀਆਂ ਲਈ ਪਹਿਲਾ ਸਕੂਲ ਖੋਲਿਆ ਤੇ ਉਥੇ ਪੜਾਉਣ ਲੱਗੀ। ਲੜਕੀਆਂ ਦੀ ਪਹਿਲੀ ਪਾਠਸ਼ਾਲਾ ਪੇਠ ਵਿੱਚ ਬਿੜੇਜੀ ਦੀ ਹਵੇਲੀ ਵਿੱਚ ਸ਼ੁਰੂ ਹੋਈ।

ਉਹ ਇਸ ਦੀ ਪਹਿਲੀ ਅਧਿਆਪਕ ਅਤੇ ਮੁੱਖ ਅਧਿਆਪਕ ਬਣੀ। ਆਪਣੇ ਦੋਸਤਾਂ ਦੀਆਂ ਬੇਟੀਆਂ ਜਿੰਨਾ ਦੀ ਗਿਣਤੀ ਪਹਿਲਾਂ ਛੇ ਸੀ ਜਿਨਾਂ ਦੀ ਉਮਰ ਚਾਰ ਤੋਂ ਛੇ ਸਾਲ ਸੀ ਦੇ ਨਾਂ ਦਰਜ ਕੀਤੇ। ਕੱਟੜਪੰਥੀਆਂ ਨੂੰ ਪਤਾ ਲੱਗਾ ਤੇ ਉਹ ਭੜਕ ਉਠੇ ਤੇ ਉਸ ਉਪਰ ਗੰਦ ਸੁੱਟਦੇ, ਪੱਥਰ ਮਾਰਦੇ, ਗੁੰਡੇ ਸਵਿਤਰੀ ਨੂੰ ਘੇਰਦੇ ਤੇ ਅਪਮਾਨਿਤ ਕਰਦੇ। ਪਰ ਉਹ ਅੱਗੋਂ ਕਹਿੰਦੀ, "ਮੈਂ ਹੱਥ ਜੋੜ ਕੇ ਪ੍ਰਾਰਥਨਾ ਕਰਦੀ ਹਾਂ ਕਿ ਆਪ ਮੈਨੂੰ ਸਗੋਂ ਅਸ਼ੀਰਵਾਦ ਦੇਵੋ ਤੇ ਮੈਨੂੰ ਆਪ ਦਾ ਅਸ਼ੀਰਵਾਦ ਚਾਹੀਦਾ ਹੈ।" ਜੋਤਿਬਾ ਤੇ ਸਵਿਤਰੀ ਬਾਈ ਫੂਲੇ ਨੇ ਬਾਲ ਵਿਆਹ,ਸਤੀ ਪ੍ਰਥਾ ਤੇ ਪਰਦਾ ਪ੍ਰਥਾ ਦਾ ਡਟ ਕੇ ਵਿਰੋਧ ਕੀਤਾ। ਉਨਾਂ ਸਤਿਆ ਸੋਧਕ ਸਮਾਜ ਦੀ ਸਥਾਪਨਾ ਕੀਤੀ ਤੇ 20 ਦੇ ਕਰੀਬ ਸਕੂਲ ਪੂਨੇ ਤੇ ਆਸ ਪਾਸ ਦੇ ਪਿੰਡਾਂ ਵਿੱਚ ਖੋਲੇ। ਅੰਗਰੇਜ਼ ਸਰਕਾਰ ਵੱਲੋਂ ਭਾਰਤ ਵਿੱਚ ਜਿਹੜੀ ਸਿੱਖਿਆ ਪ੍ਰਣਾਲੀ ਲਾਗੂ ਕੀਤੀ ਗਈ ਸੀ,ਉਹ ਸਿਰਫ ਕਲਰਕ ਪੈਦਾ ਕਰਨ ਵਾਲੀ ਸੀ। ਉਸਨੇ ਪ੍ਰਾਇਮਰੀ ਪੱਧਰ ਤੇ ਵਿਗਿਆਨ ਸਿੱਖਿਆ ਸ਼ਾਮਲ ਕਰਨ ਤੇ ਜੋਰ ਦਿੱਤਾ। 1890 ਵਿੱਚ ਪਤੀ ਦੀ ਮੌਤ ਤੋਂ ਬਾਅਦ ਉਸਨੇ ਉਹਨਾਂ ਦੇ ਸੁਪਨਿਆਂ ਨੂੰ ਪੂਰੇ ਕਰਨ ਦਾ ਸੰਕਲਪ ਲਿਆ। ਉਸਨੇ ਬਾਲ ਵਿਆਹ, ਛੂਆ-ਛਾਤ, ਜਾਤ-ਪਤ ਅਤੇ ਵਿਧਵਾ ਵਿਆਹ ਵਰਗੀਆਂ ਕੁਰੀਤੀਆਂ ਖਿਲਾਫ ਸੰਘਰਸ਼ ਕੀਤਾ। ਬੇਸ਼ਕ ਅੱਜ ਤੱਕ ਸਿੱਖਿਆ ਦਾ ਵਿਸਥਾਰ ਬਹੁਤ ਹੋਇਆ ਹੈ ਫਿਰ ਵੀ ਲੱਖਾਂ ਬੱਚੇ ਪੜਾਈ ਮਹਿੰਗੀ ਤੇ ਘਰੇਲੂ ਆਰਥਿਕ ਮੁਸ਼ਕਲਾਂ ਕਾਰਨ ਅੱਧਵਾਟੇ ਛੱਡ ਸਕੂਲ ਜਾਂਦੇ ਹਨ। ਸਕੂਲਾਂ ਦਾ ਨਿੱਜੀਕਰਨ ਹੋਣ ਕਾਰਨ ਸਰਕਾਰੀ ਸਕੂਲਾਂ ਦੀ ਗਿਣਤੀ ਘੱਟ ਰਹੀ ਹੈ। ਪ੍ਰਾਈਵੇਟ ਸਕੂਲ ਮਹਿੰਗੇ ਹਨ ਜਦ ਕਿ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਘੱਟ ਹੋਣ ਕਾਰਨ ਬੱਚਿਆਂ ਨੂੰ ਪਾਸ ਹੋਣ ਵਾਸਤੇ ਨਕਲ ਮਾਰਨ ਲਈ ਮਜਬੂਰ ਹੋਣਾ ਪੈਂਦਾ ਹੈ। ਨਕਲ ਮਾਰਕੇ ਪਾਸ ਹੋਏ ਬੱਚੇ ਅੱਗੇ ਜਾ ਕੇ ਕਾਮਯਾਬ ਨਹੀਂ ਹੁੰਦੇ, ਜ਼ਿਆਦਾ ਸਕੂਲਾਂ ਦੀ ਪੜਾਈ ਸਿਲੇਬਸ ਪੂਰਾ ਕਰਨ ਤੱਕ ਹੀ ਸੀਮਤ ਹੈ,ਉਨਾਂ ਨੂੰ ਸਮਾਜ ਦੇ ਚੰਗੇ ਇਨਸਾਨ ਬਣਨ ਲਈ ਜਿੰਦਗੀ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਤੇ ਲੋਕਾਂ ਨਾਲ ਕਿਸ ਤਰ੍ਹਾਂ ਵਿਚਰਨ ਬਾਰੇ ਨਹੀਂ ਦੱਸਿਆ ਜਾਂਦਾ। ਸਵਿਤਰੀ ਬਾਈ ਫੂਲੇ ਪੜਾਈ ਦੇ ਨਾਲ ਨਾਲ ਅੰਧਵਿਸਵਾਸ ਖਿਲਾਫ ਵੀ ਬੱਚਿਆਂ ਨੂੰ ਜਾਗਰਿਤ ਕਰਦੀ ਰਹੀ। ਉਸਨੇ 18 ਸਕੂਲ ਖੋਲੇ। 1897 ਵਿੱਚ ਜਦੋਂ ਮਹਾਂਰਾਸ਼ਟਰ ਵਿੱਚ ਪਲੇਗ ਦੀ ਬਿਮਾਰੀ ਫੈਲ ਗਈ ਤੇ ਉਸਨੇ ਆਪਣੇ ਬੇਟੇ ਯਸਵੰਤ ਨਾਲ ਰਲ ਕੇ ਹਸਪਤਾਲ ਖੋਲਿਆ। ਖੁਦ ਉਹ ਬਿਮਾਰ ਬੱਚਿਆਂ ਦਾ ਇਲਾਜ ਕਰਦੀ ਤੇ ਹਸਪਤਾਲ ਪਹੁੰਚਾਉਦੀ। ਛੂਤ ਦੀ ਨਾਮੁਰਾਦ ਪਲੇਗ ਬਿਮਾਰੀ ਕਾਰਨ ਸਵਿਤਰੀ ਬਾਈ ਫੂਲੇ 10-3-1897 ਨੂੰ ਸਦਾ ਲਈ ਅਲਵਿਦਾ ਕਹਿ ਗਈ।

**ਮੁਖਵਿੰਦਰ ਚੋਹਲਾ ਮਰਹੂਮ**
**ਚਲੰਤ ਜਸਪਾਲ ਬਾਸਰਕੇ**

# ਟੌਰੰਗਾ, ਹਮਿਲਟਨ ਕੈਂਬਰਿਜ਼ ਅਤੇ ਪੁੱਕੀਕੋਹੀ ਨਾਲ ਲਗਦੇ ਇਲਾਕੇ ਭੁਚਾਲ ਨਾਲ ਹਿਲਾਏ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਲਗਦਾ ਭਗਵਾਨ ਸੋਚਦਾ ਹੋਣਾ ਕਿ ਛੁੱਟੀਆਂ ਦਾ ਮਾਹੌਲ ਖਤਮ ਹੋਣ ਵਾਲਾ ਹੈ ਅਤੇ ਬਹੁਤੇ ਅਦਾਰੇ ਅੱਜ ਖੁੱਲ੍ਹਣ ਜਾ ਰਹੇ ਹਨ ਕਿਤੇ ਲੋਕ ਅਵੇਸਲੇ ਜਾਂ ਸੁਸਤੀ ਵਿਚ ਲੇਟ ਨਾ ਹੋ ਜਾਣ ਇਸ ਕਰਕੇ ਲਗਦਾ ਅੱਜ ਸਵੇਰੇ 5.47 ਤੋਂ 5.49 ਦਰਮਿਆਨ ਨਿਊਜ਼ੀਲੈਂਡ ਦੇ ਉਤਰੀ ਟਾਪੂ ਦੇ ਬਹੁਤ ਸਾਰੇ ਹਿੱਸੇ 5.1 ਮੈਗਨੀਚਿਊਡ ਮਾਪ ਦੰਡ ਤੀਬਰਤਾ ਨਾਲ ਆਏ ਭੁਚਾਲ ਨਾਲ ਧਰਤੀ ਦੀ ਇਕ ਅੰਗੜਾਈ ਨਾਲ ਹਿੱਲਾ ਦਿੱਤੇ ਗਏ। ਇਸ ਭੁਚਾਲ ਦੀ ਹਿਲਜੁਲ ਧਰਤੀ ਦੇ ਹੇਠਾਂ 7 ਕਿਲੋਮੀਟਰ ਤੱਕ ਹੋਈ ਨੋਟ ਕੀਤੀ ਗਈ। ਲਗਪਗ 20,000 ਲੋਕਾਂ ਨੇ ਇਸ ਭੁਚਾਲ ਸਬੰਧੀ ਝਟਕਾ ਮਹਿਸੂਸ ਕੀਤਾ। ਪੂਰੇ ਦੇ ਪੂਰੇ ਘਰ ਹਿਲਦੇ ਨਜ਼ਰ ਆਏ। ਘਰਾਂ ਦਾ ਸਮਾਨ ਵੀ ਖਿਲਰਿਆ। ਇਹ ਭੁਚਾਲ ਦਾ ਝਟਕਾ 20 ਸੈਕਿੰਡ ਤੱਕ ਰਿਹਾ। ਬਹੁਤ ਸਾਰੇ ਲੋਕਾਂ ਨੇ ਇਸ ਸਬੰਧੀ ਸੋਸ਼ਲ ਮੀਡੀਆ ਉਤੇ ਵੀ ਆਪਣਾ ਤਜ਼ਰਬਾ ਸਾਂਝਾ ਕੀਤਾ। ਦਿਨ ਚੜ੍ਹਨ ਉਤੇ ਕਿਸਾਨ ਨੇ ਜਦੋਂ ਖੇਤਾਂ ਵੱਲ ਗੇੜਾ ਮਾਰਿਆ ਤਾਂ ਵੇਖਿਆ ਕਿ ਖੇਤਾਂ ਵਿਚ ਕਈ ਜਗ੍ਹਾ ਲੰਮੀ ਦਰਾੜਾਂ ਪੈ ਗਈਆਂ ਜੋ ਕਿ ਮੀਟਰ ਤੋਂ ਵੀ ਜਿਆਦਾ ਡੂੰਘੀਆਂ ਸਨ। ਅੱਜ ਸ਼ਾਮ ਵੀ ਦੇਸ਼ ਦਾ ਮੌਸਮ ਕਾਫੀ ਖਰਾਬ ਚੱਲ ਰਿਹਾ ਹੈ। ਸਕਾਈ ਟਾਵਰ ਔਕਲੈਂਡ ਸਿਟੀ ਦੀ ਬਿਜਲੀ ਵੀ ਇਕ ਵਾਰ ਤਾਂ ਚਲੇ ਗਈ ਜਿਸ ਨੂੰ ਬਾਅਦ ਵਿਚ ਚਾਲੂ ਕੀਤਾ ਗਿਆ। ਮੌਸਮ ਵਿਭਾਗ ਨੇ ਅੱਜ ਰਾਤ ਵਾਸਤੇ ਚੇਤਾਵਨੀ ਵੀ ਜਾਰੀ ਕੀਤੀ ਹੋਈ ਹੈ।

# ਅਰਪਨ ਸੰਸਥਾ ਵੱਲੋਂ ਰਾਸ਼ਟਰੀ ਗਣਿਤ ਦਿਵਸ ਸੰਬੰਧੀ ਪ੍ਰੋਗਰਾਮ ਕਰਵਾਇਆ ਗਿਆ

**ਚੰਡੀਗੜ੍ਹ-** ਨੈਸ਼ਨਲ ਕੌਂਸਲ ਫਾਰ ਸਾਇੰਸ ਐਂਡਟੈਕਨਾਲੋਜੀ ਕਮਿਊਨੀਕੇਸ਼ਨ ਡਿਪਾਰਟਮੈਂਟ ਆਫ ਸਾਇੰਸ ਐਂਡਟੈਕਨਾਲੋਜੀ, ਭਾਰਤ ਸਰਕਾਰ ਨਵੀਂ ਦਿੱਲੀ ਦੀ ਸਹਾਇਤਾ ਨਾਲ ਨੰਗਲ ਵਿੱਚ ਰਾਸ਼ਟਰੀ ਗਣਿਤ ਦਿਵਸ ਸੰਬੰਧੀ ਇਕ ਪ੍ਰੋ-ਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਵੱਖ ਵੱਖ ਬੁਲਾਰਿਆਂ ਮੈਡਮ ਪੂਜਾ ਠਾਕੁਰ, ਰੀਮਾ ਧਿਮਾਨ, ਰੂਪਾਲੀ ਅਤੇ ਮਧੂ ਮਾਲਾ ਨੇ ਗਣਿਤ ਬਾਰੇ ਅਤੇ ਰਾਸਟਰੀ ਗਣਿਤ ਦਿਵਸ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਅਰਪਨ ਸੋਸਾਇਟੀ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਅਰਪਨ ਸੰਸਥਾ ਅਤੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡਟੈਕਨਾਲੋਜੀ ਬਾਰੇ ਦੱਸਿਆ। ਉਨ੍ਹਾਂ ਨੇ ਰਾਸ਼ਟਰੀ ਗਣਿਤ ਦਿਵਸ ਦੇ ਇਤਿਹਾਸ ਅਤੇ ਮਹੱਤਤਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਗਣਿਤ ਵਿਗਿਆਨੀ ਸ੍ਰੀ ਨਿਵਾਸ ਰਾਮਾਨੁਜਨ ਦੇ ਸੰਘਰਸ਼ਮਈ ਜੀਵਨ ਅਤੇ ਗਣਿਤ ਸਬੰਧੀ ਕੀਤੀਆਂ ਪ੍ਰਾ-ਪਤੀਆਂ ਅਤੇ ਖੋਜਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਰਾਮਾਨੁਜਨ ਨੇ 12 ਸਾਲ ਦੀ ਉਮਰ ਵਿੱਚ ਤ੍ਰਿਕੋਣਮਿਤੀ ਵਿੱਚ ਗਿਆਨ ਪ੍ਰਾਪਤ ਕੀਤਾ ਸੀ ਅਤੇ ਕਿਸੇ ਦੀ ਮਦਦ ਤੋਂ ਬਿਨਾਂ ਆਪਣੇ ਵਿਚਾਰ ਵਿਕਸਿਤ ਕੀਤੇ ਸਨ। ਇੱਕ ਵਾਰ ਇੱਕ ਅੰਗਰੇਜ਼ ਨੇ ਉਸ ਦੀਆਂ ਲਿੱਖਤਾਂ ਨੂੰ ਦੇਖਿਆ ਅਤੇ ਉਹ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸਨੂੰ ਆਕਸਫੋਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਕੋਲ ਪੜ੍ਹਨ ਲਈ ਭੇਜਿਆ। ਫਿਰ ਉਸਨੇ ਆਪਣੇ ਅੰਦਰ ਛੁਪੀ ਪ੍ਰਤਿਭਾ ਨੂੰ ਪਛਾਣਿਆ ਅਤੇ ਉਸ ਤੋਂ ਬਾਅਦ ਉਸ ਨੂੰ ਵਿਸ਼ਵ ਭਰ ਵਿਚ ਪ੍ਰਸਿੱਧੀ ਮਿਲੀ। ਉਸਨੇ ਆਪਣੇ ਛੋਟੇ ਜੀਵਨ ਕਾਲ ਦੌਰਾਨ ਆਪਣੇ ਫਾਰਮੂਲਿਆਂ ਅਤੇ ਸਿਧਾਂਤਾਂ ਦੁਆਰਾ ਗਣਿਤ ਦੇ ਖੇਤਰ ਵਿੱਚ ਸ਼ਲਾਘਾਯੋਗ ਪ੍ਰਭਾਵ ਪਾਇਆ ਸੀ। ਇਸ ਮਹਾਨ ਗਣਿਤ-ਸ਼ਾਸਤਰੀ ਨੂੰ ਸ਼ਰਧਾਂਜਲੀ ਵਜੋਂ, ਨੈਸ਼ਨਲ ਕੌਂਸਲ ਆਫ਼ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ, ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਭਾਰਤ ਸਰਕਾਰ ਨੇ 2012 ਤੋਂ ਹਰ ਸਾਲ ਰਾਮਾਨੁਜਨ ਦੇ ਜਨਮ ਦਿਵਸ ਨੂੰ ਮਨਾਉਣ ਦਾ ਫੈਸਲਾ ਕੀਤਾ ਹੈ। ਮੈਡਮ ਰੀਮਾ ਧਿਮਾਨ ਨੇ ਗਣਿਤ ਦੀ ਜੀਵਨ ਵਿੱਚ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਨੇ ਦੱਸਿਆ ਕਿ ਸ਼੍ਰੀ ਨਿਵਾਸ ਰਾਮਾਨੁਜਨ ਵਰਗੇ ਕਈ ਮਹਾਨ ਗਣਿਤ ਵਿਗਿਆਨੀ ਭਾਰਤ ਦੀ ਧਰਤੀ ਤੇ ਹੀ ਪੈਦਾ ਹੋਏ ਹਨ ਜਿਨ੍ਹਾਂ ਨੇ ਗਣਿਤ ਦੇ ਕਈ ਫਾਰਮੂਲਿਆਂ ਅਤੇ ਸਿਧਾਂਤਾਂ ਨੂੰ ਵਿਕਸਤ ਕਰਨ ਅਤੇ ਉਹਨਾਂ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮੈਡਮ ਰੂਪਾਲੀ ਨੇ ਦੱਸਿਆ ਕਿ ਹਰ ਸਾਲ 22 ਦਸੰਬਰ ਨੂੰ ਮਸ਼ਹੂਰ ਭਾਰਤੀ ਗਣਿਤ-ਸ਼ਾਸਤਰੀ ਸ਼੍ਰੀ ਨਿਵਾਸ ਰਾਮਾਨੁਜਨ ਦੀ ਜਨਮ ਮਿਤੀ ਨੂੰ ਰਾਸ਼ਟਰੀ ਗਣਿਤ ਦਿਵਸ ਵਜੋਂ ਮਨਾਇਆ ਜਾਂਦਾ ਹੈ। ਮੈਡਮ ਪੂਜਾ ਠਾਕੁਰ ਨੇ ਜੀਵਨ ਦੇ ਹਰ ਖੇਤਰ ਵਿਚ ਗਣਿਤ ਦੀ ਭੂਮਿਕਾ ਬਾਰੇ ਵਿਸਥਾਰ ਵਿੱਚ ਦੱਸਿਆ। ਉਹਨਾਂ ਨੇ ਦੱਸਿਆ ਕਿ ਭਾਰਤ ਨੇ ਵਿਸ਼ਵ ਭਰ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ ਹੈ। ਅਜਿਹੇ ਬਹੁਤ ਸਾਰੇ ਵਿਗਿਆਨੀ ਅਤੇ ਗਣਿਤ ਵਿਗਿਆਨੀ ਭਾਰਤ ਦੀ ਧਰਤੀ ਤੇ ਪੈਦਾ ਹੋਏ ਹਨ ਜਿਨ੍ਹਾਂ ਨੇ ਭਾਰਤ ਨੂੰ ਵਿਸ਼ਵ ਪੱਧਰ ਤੇ ਨਵੀਂ ਉਚਾਈ ਤੇ ਲਿਜਾਣ ਦਾ ਕੰਮ ਕੀਤਾ ਹੈ। ਭਾਰਤ ਅਤੇ ਗਣਿਤ ਦਾ ਰਿਸ਼ਤਾ ਪ੍ਰਾਚੀਨ ਕਾਲ ਤੋਂ ਹੀ ਬਹੁਤ ਅਟੁੱਟ ਰਿਹਾ ਹੈ ਕਿਉਂਕਿ ਭਾਰਤ ਇੱਕ ਅਜਿਹਾ ਦੇਸ਼ ਹੈ ਜਿਸ ਨੇ ਪੂਰੀ ਦੁਨੀਆ ਨੂੰ ਗਣਿਤ ਦੀਆਂ ਸਭ ਤੋਂ ਮਹੱਤਵਪੂਰਨ ਸੰਖਿਆਵਾਂ ਜਿਵੇਂ ਜ਼ੀਰੋ, ਨੈਗੇਟਿਵ ਨੰਬਰ, ਡੈਸੀਮਲ ਸਿਸਟਮ, ਅਲਜੈਬਰਾ ਆਦਿ ਬਾਰੇ ਜਾਣੂ ਕਰਵਾਇਆ ਸੀ। ਮੈਡਮ ਮਧੂ ਮਾਲਾ ਨੇ ਸਿੱਖਿਆ ਅਤੇ ਗਣਿਤ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ ਸਬੰਧੀ ਪ੍ਰੇਰਤ ਕੀਤਾ। ਇਸ ਮੌਕੇ ਇਸ ਮੌਕੇ ਲਕਸ਼ਮੀ, ਪੂਜਾ, ਰੇਸ਼ਮਾ, ਮੁਸਕਾਨ, ਅੰਜਨਾ, ਸੁਮਨ ਬਾਲਾ, ਸ਼ਿਵਾਨੀ, ਕੁਸਮ, ਹਰਮਨਪ੍ਰੀਤ, ਸਿਮਰਨ, ਕਾਜਲ, ਰੀਤੂ, ਸਿਮਰਨ, ਨੀਲਮ, ਕੋਮਲ, ਬਬਿਤਾ, ਸਿਮਰਨ, ਰੇਖਾ, ਰੀਤੂ, ਸ਼ਿੰਦੋ ਆਦਿ ਹਾਜਰ ਸਨ। ਇਨ੍ਹਾਂ ਵਿਦਿਆਰਥੀਆਂ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਉਨ੍ਹਾਂ ਨੂੰ ਗਣਿਤ ਸਬੰਧੀ ਕਾਫੀ ਮਹੱਤਵਪੂਰਨ ਜਾਣਕਾਰੀ ਮਿਲੀ ਹੈ।



**ਕੁਲਦੀਪ ਚੰਦ 9417563054**

# ਪਾਕਿ ਦੂਤਘਰ ਦੀ ਇਮਾਰਤ ਅਮਰੀਕਾ ’ਚ ਹੋਵੇਗੀ ਨਿਲਾਮ

**ਵਾਸ਼ਿੰਗਟਨ–** ਪਾਕਿਸਤਾਨ ਅਮਰੀਕਾ ਵਿੱਚ ਵੀ ਆਪਣੇ ਦੂਤਘਰ ਦੀ ਇਮਾਰਤ ਵੇਚ ਰਿਹਾ ਹੈ। ਪਾਕਿ–ਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਹਾਲ ਹੀ ਵਿੱਚ ਅਮਰੀਕਾ ਵਿੱਚ ਆਪਣੇ ਦੂਤਘਰ ਦੀ ਇਮਾਰਤ ਨੂੰ ਵੇਚਣ ਨੂੰ ਮਨਜ਼ੂਰੀ ਦਿੱਤੀ ਹੈ। ਇਸ ਖਰੀਦ ਲਈ ਬੋਲੀ ਸ਼ੁਰੂ ਹੋ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਇਮਾਰਤ ਲਈ ਹੁਣ ਤੱਕ ਤਿੰਨ ਬੋਲੀਆਂ ਆ ਚੁੱਕੀਆਂ ਹਨ। ਸਭ ਤੋਂ ਵੱਧ ਬੋਲੀ ਇੱਕ ਯਹੂਦੀ ਸਮੂਹ ਵੱਲੋਂ ਲਗਾਈ ਗਈ ਹੈ। ਜਦੋਂ ਕਿ ਦੂਜੀ ਸਭ ਤੋਂ ਉੱਚੀ ਬੋਲੀ ਭਾਰਤੀ ਰੀਅਲਟਰ ਦੀ ਹੈ। ਇਹ ਇਮਾਰਤ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਦੇ ਪੌਸ਼ ਇਲਾਕੇ ਵਿੱਚ ਸਥਿਤ ਹੈ ਅਤੇ ਇਸ ਦੀ ਕੀਮਤ ਲਗਭਗ 60 ਲੱਖ ਅਮਰੀਕੀ ਡਾਲਰ ਦੱਸੀ ਜਾਂਦੀ ਹੈ।



**ਯਹੂਦੀ ਸਮੂਹ ਨੇ ਲਗਾਈ ਸਭ ਤੋਂ ਵੱਧ ਬੋਲੀ**

ਮੌਜੂਦਾ ਆਰਥਿਕ ਸੰਕਟ ਦੇ ਵਿਚਕਾਰ ਪਾਕਿਸਤਾਨ ਨੂੰ ਇਸ ਜਾਇਦਾਦ ਲਈ ਤਿੰਨ ਬੋਲੀਆਂ ਮਿਲੀਆਂ ਹਨ। ਪਾਕਿਸਤਾਨੀ ਅਖਬਾਰ ਡਾਨ ਨੇ ਕੂਟਨੀਤਕ ਸੂਤਰਾਂ ਦੇ ਹਵਾਲੇ ਨਾਲ ਖ਼ਬਰ ਦਿੱਤੀ ਹੈ ਕਿ ਇਕ ਯਹੂਦੀ ਸਮੂਹ ਨੇ ਉਸ ਇਮਾਰਤ ਲਈ ਸਭ ਤੋਂ ਵੱਧ ਬੋਲੀ ਲਗਾਈ ਹੈ, ਜਿਸ ਵਿਚ ਕਦੇ ਪਾਕਿਸਤਾਨ ਦੇ ਦੂਤਘਰ ਦਾ ਰੱਖਿਆ ਸੈਕਸ਼ਨ ਹੁੰਦਾ ਸੀ। ਪਾਕਿ–ਸਤਾਨੀ ਕੂਟਨੀਤਕ ਸੂਤਰਾਂ ਨੇ ਕਿਹਾ ਕਿ ਲਗਭਗ 6.8 ਮਿਲੀਅਨ ਡਾਲਰ (56.33 ਕਰੋੜ ਰੁਪਏ) ਦੀ ਸਭ ਤੋਂ ਵੱਧ ਬੋਲੀ ਇੱਕ ਯਹੂਦੀ ਸਮੂਹ ਦੁਆਰਾ ਲਗਾਈ ਗਈ ਸੀ। ਸਮੂਹ ਇਮਾਰਤ ਵਿੱਚ ਇੱਕ ਪ੍ਰਾਰਥਨਾ ਸਥਾਨ ਬਣਾਉਣਾ ਚਾਹੁੰਦਾ ਹੈ।

**ਭਾਰਤੀ ਨੇ ਵੀ ਲਗਾਈ ਬੋਲੀ**

ਸੂਤਰਾਂ ਦੇ ਅਨੁਸਾਰ ਇੱਕ ਭਾਰਤੀ ਰੀਅਲ ਅਸਟੇਟ ਏਜੰਟ ਨੇ ਲਗਭਗ 5 ਮਿਲੀਅਨ ਅਮਰੀਕੀ ਡਾਲਰ (41.38 ਕਰੋੜ ਰੁਪਏ) ਦੀ ਦੂਜੀ ਬੋਲੀ ਵੀ ਲਗਾਈ, ਜਦੋਂ ਕਿ ਇੱਕ ਪਾਕਿਸਤਾਨੀ ਰੀਅਲ ਅਸਟੇਟ ਏਜੰਟ ਨੇ ਲਗਭਗ 4 ਮਿਲੀਅਨ ਅਮਰੀਕੀ ਡਾਲਰ (33.18 ਕਰੋੜ ਰੁਪਏ) ਦੀ ਤੀਜੀ ਬੋਲੀ ਲਗਾਈ। ਪਾਕਿਸਤਾਨੀ–ਅਮਰੀਕੀ ਰੀਅਲ ਅਸਟੇਟ ਏਜੰਟਾਂ ਦੇ ਅਨੁਸਾਰ ਇਮਾਰਤ ਨੂੰ ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਵੇਚਿਆ ਜਾਣਾ ਚਾਹੀਦਾ ਹੈ। ‘ਦ ਡਾਨ’ ਨੇ ਇੱਕ ਪਾਕਿਸਤਾਨੀ ਰੀਅਲਟਰ ਦੇ ਹਵਾਲੇ ਨਾਲ ਕਿਹਾ ਕਿ ਸਾਨੂੰ ਇਸ ਪਰੰਪਰਾ ਨੂੰ ਕਾਇਮ ਰੱਖਣਾ ਚਾਹੀਦਾ ਹੈ, ਕਿਉਂਕਿ ਇਹ ਇੱਕ ਪ੍ਰਭਾਵਸ਼ਾਲੀ ਅਮਰੀਕੀ ਭਾਈ–ਚਾਰੇ ਵਿੱਚ ਬਹੁਤ ਸਦਭਾਵਨਾ ਪੈਦਾ ਕਰੇਗਾ, ਜੋ ਇਸਨੂੰ ਪੂਜਾ ਸਥਾਨ ਵਜੋਂ ਵਰਤਣਾ ਚਾਹੁੰਦੇ ਹਨ।

ਇਸ ਮਹੀਨੇ ਦੇ ਸ਼ੁਰੂ ਵਿੱਚ ਪਾਕਿਸਤਾਨੀ ਦੂਤਘਰ ਦੇ ਅਧਿਕਾਰੀਆਂ ਨੇ ਕਿਹਾ ਸੀ ਕਿ ਵਾਸ਼ਿੰਗਟਨ ਵਿੱਚ ਇਸਲਾਮਾਬਾਦ ਵਿੱਚ ਤਿੰਨ ਕੂਟਨੀਤਕ ਸੰਪਤੀਆਂ ਹਨ, ਜਿਨ੍ਹਾਂ ਵਿੱਚ ਇੱਕ ਆਰ ਸਟਰੀਟ ਐਨਡਬਲਿਊ ਸ਼ਾਮਲ ਹੈ, ਜੋ ਵੇਚੀਆਂ ਜਾ ਰਹੀਆਂ ਹਨ। ਪਾਕਿਸਤਾਨੀ ਦੂਤਘਰ ਦਾ ਰੱਖਿਆ ਸੈਕਸ਼ਨ 1950 ਤੋਂ 2000 ਦੇ ਦਹਾਕੇ ਦੇ ਸ਼ੁਰੂ ਤੱਕ ਇਸ ਇਮਾਰਤ ਵਿੱਚ ਕੰਮ ਕਰਦਾ ਸੀ।

# ਅਡਾਨੀ ਗਰੁੱਪ ਦਾ ਐਨਡੀਟੀਵੀ ’ਤੇ ਹੋਇਆ ਮੁਕੰਮਲ ਕਬਜ਼ਾ

**ਨਵੀਂ ਦਿੱਲੀ–** ਐਨਡੀਟੀਵੀ ਦੇ ਸੰਸਥਾਪਕ ਪ੍ਰਣਯ ਰਾਏ ਅਤੇ ਉਨ੍ਹਾਂ ਦੀ ਪਤਨੀ ਰਾਧਿਕਾ ਰਾਏ ਦੀ 27.26 ਪ੍ਰਤੀਸ਼ਤ ਹਿੱਸੇਦਾਰੀ ਹਾਸਲ ਕਰਕੇ ਅਡਾਨੀ ਸਮੂਹ ਨੇ ਟੈਲੀਵਿਜ਼ਨ ਨੈਟਵਰਕ ਦਾ ਪੂਰਾ ਕੰਟਰੋਲ ਹਾਸਲ ਕਰ ਲਿਆ ਹੈ। ਅਡਾਨੀ ਐਂਟਰਪ੍ਰਾਈਜਿਜ਼ ਨੇ ਇਸ ਪ੍ਰਾਪਤੀ ਬਾਰੇ ਸਟਾਕ ਐਕਸਚੇਂਜ ਨੂੰ ਸੂਚਿਤ ਕਰਦੇ ਹੋਏ ਕਿਹਾ, “ਕੰਪਨੀ ਦੀ ਅਸਿੱਧੇ ਸਹਾਇਕ ਕੰਪਨੀ ਅਤੇ ਐਨਡੀਟੀਵੀ ਦੇ ਪ੍ਰਮੋਟਰ ਸਮੂਹ ਦਾ ਹਿੱਸਾ, ਆਰਆਰਪੀਆਰ ਨੇ ਆਪਸੀ ਟ੍ਰਾਂਸਫਰ ਰਾਹੀਂ ਪ੍ਰਣਵ ਰਾਏ ਅਤੇ ਰਾਧਿਕਾ ਰਾਏ ਦੀ ਐਨਡੀਟੀਵੀ ਵਿੱਚ 27.26 ਪ੍ਰਤੀਸ਼ਤ ਹਿੱਸੇਦਾਰੀ ਹਾਸਲ ਕੀਤੀ ਹੈ।”

ਇਸ ਹਿੱਸੇਦਾਰੀ ਦੀ ਖਰੀਦ ਨਾਲ, ਅਡਾਨੀ ਸਮੂਹ ਦੀ ਹੁਣ ਐਨਡੀਟੀਵੀ ਵਿੱਚ ਕੁੱਲ 64.71 ਪ੍ਰਤੀਸ਼ਤ ਹਿੱਸੇਦਾਰੀ ਹੋ ਗਈ ਹੈ। ਅਡਾਨੀ ਗਰੁੱਪ ਵੱਲੋਂ ਮੀਡੀਆ ਕੰਪਨੀ ‘ਤੇ ਕਬਜ਼ਾ ਕਰਨ ਤੋਂ ਤੁਰੰਤ ਬਾਅਦ ਰੌਏਜ਼ ਦੇ ਨਾਲ ਚਾਰ ਹੋਰ ਨਿਰਦੇਸ਼ਕਾਂ ਨੇ ਅਸਤੀਫਾ ਦੇ ਦਿੱਤਾ। ਪ੍ਰਣਵ ਰਾਏ ਅਤੇ ਰਾਧਿਕਾ ਰਾਏ ਐਨਡੀਟੀਵੀ ਦੇ ਕਾਰਜਕਾਰੀ



ਸਹਿ–ਚੇਅਰਪਰਸਨ ਸਨ। ਅਸਤੀਫਾ ਦੇਣ ਵਾਲੇ ਨਿਰਦੇਸ਼ਕਾਂ ਵਿੱਚ ਡੇਰਿਅਸ ਤਾਰਾਪੋਰੇਵਾਲਾ ਅਤੇ ਸੁਤੰਤਰ ਨਿਰਦੇਸ਼ਕ ਕਿਸ਼ੁਕ ਦੱਤਾ, ਇੰਦਰਾਣੀ ਰਾਏ ਅਤੇ ਜੌਨ ਮਾਰਟਿਨ ਓਲੋਨ ਸ਼ਾਮਲ ਹਨ। ਇਸ ਦੇ ਨਾਲ ਹੀ ਐਨਡੀਟੀਵੀ ਦੀ ਤਰਫੋਂ ਕਿਹਾ ਗਿਆ ਕਿ ਉਸਦੇ ਬੋਰਡ ਆਫ ਡਾਇਰੈਕਟਰਜ਼ ਨੇ ਅਮਨ ਕੁਮਾਰ ਸਿੰਘ ਨੂੰ ਗੈਰ–ਕਾਰਜਕਾਰੀ ਵਧੀਕ ਨਿਰਦੇਸ਼ਕ ਅਤੇ ਸੁਨੀਲ ਕੁਮਾਰ ਨੂੰ ਗੈਰ–ਕਾਰਜਕਾਰੀ ਸੁਤੰਤਰ ਨਿਰਦੇਸ਼ਕ ਨਿਯੁਕਤ ਕਰਨ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਪਿਛਲੇ ਹਫਤੇ ਵੀ, ਅਡਾਨੀ ਸਮੂਹ ਨੇ ਸੰਜੇ ਪੁਗਲੀਆ ਅਤੇ ਸੇਂਥਿਲ ਐਸ ਚੇਂਗਲਵਰਾਇਣ ਨੂੰ ਨਿਰਦੇਸ਼ਕ ਵਜੋਂ ਨਾਮਜ਼ਦ ਕੀਤਾ ਸੀ। ਪ੍ਰਾਪਤੀ ‘ਤੇ ਟਿੱਪਣੀ ਕਰਦੇ ਹੋਏ, ਅਡਾਨੀ ਸਮੂਹ ਦੇ ਸੰਸਥਾਪਕ ਅਤੇ ਚੇਅਰਮੈਨ ਗੌਤਮ ਅਡਾਨੀ ਨੇ ਕਿਹਾ, “ਅਡਾਨੀ ਸਮੂਹ ਨੂੰ ਵਿਸ਼ਵ ਪੱਧਰੀ ਬੁਨਿਆਦੀ ਢਾਂਚੇ ਅਤੇ ਪ੍ਰਤਿਭਾ ਦੇ ਨਾਲ ਐਨਡੀਟੀਵੀ ਨੂੰ ਹੋਰ ਵਧਾਉਣ ਅਤੇ ਇਸ ਨੂੰ ਇੱਕ ਬਹੁ–ਪਲੇਟਫਾਰਮ ਗਲੋਬਲ ਨਿਊਜ਼ ਨੈਟਵਰਕ ਵਿੱਚ ਬਦਲਣ ਦਾ ਵਿਸ਼ੇਸ਼ ਅਧਿਕਾਰ ਹੈ।” ਨਿਊਜ਼ ਟੈਲੀਵਿਜ਼ਨ ਦ ਰਾਏ ਜੋੜੇ, ਜਿਸ ਨੇ ਐਨਡੀਟੀਵੀ ਚੈਨਲ ਸ਼ੁਰੂ ਕੀਤਾ ਸੀ, ਨੇ 23 ਦਸੰਬਰ ਨੂੰ ਘੋਸ਼ਣਾ ਕੀਤੀ ਸੀ ਕਿ ਉਹ ਮੀਡੀਆ ਕੰਪਨੀ ਵਿੱਚ ਆਪਣੀ ਬਾਕੀ ਬਚੀ 32.26 ਪ੍ਰਤੀਸ਼ਤ ਹਿੱਸੇਦਾਰੀ ਵਿੱਚੋਂ 27.26 ਪ੍ਰਤੀਸ਼ਤ ਨੂੰ ਵੇਚਣਗੇ।

ਅਡਾਨੀ ਸਮੂਹ ਨੇ ਰਾਏ ਜੋੜੇ ਦੀ ਹਿੱਸੇਦਾਰੀ 342.65 ਰੁਪਏ ਪ੍ਰਤੀ ਸ਼ੇਅਰ ਦੇ ਹਿਸਾਬ ਨਾਲ ਹਾਸਲ ਕੀਤੀ ਹੈ। ਇਸ ਕੀਮਤ ‘ਤੇ 1.75 ਕਰੋੜ ਸ਼ੇਅਰਾਂ ਦੀ ਵਿਕਰੀ ਨਾਲ ਰਾਏ ਜੋੜੇ ਨੂੰ 602.30 ਕਰੋੜ ਰੁਪਏ ਮਿਲਣ ਦੀ ਉਮੀਦ ਹੈ। ਇਹ ਕੀਮਤ ਅਡਾਨੀ ਗਰੁੱਪ ਵੱਲੋਂ ਓਪਨ ਆਫਰ ‘ਚ ਤੈਅ ਕੀਤੀ ਗਈ 294 ਰੁਪਏ ਦੀ ਕੀਮਤ ਤੋਂ 17 ਫੀਸਦੀ ਜ਼ਿਆਦਾ ਹੈ। ਅਡਾਨੀ ਐਂਟਰਪ੍ਰਾਈਜਿਜ਼ ਨੇ ਸ਼ੇਅਰ ਬਾਜ਼ਾਰ ਨੂੰ ਦਿੱਤੇ ਨੋਟਿਸ ਵਿੱਚ ਕਿਹਾ, “ਕੰਪਨੀ ਦੀ ਅਸਿੱਧੇ ਸਹਾਇਕ ਕੰਪਨੀ ਵਿਸ਼ਵਪ੍ਰਧਾਨ ਕਮਰਸ਼ੀਅਲ ਪ੍ਰਾਈਵੇਟ ਲਿਮਟਿਡ ਦੀ ਐਨਡੀਟੀਵੀ ਵਿੱਚ 8.27 ਫੀਸਦੀ ਹਿੱਸੇਦਾਰੀ ਹੈ ਜਦੋਂ ਕਿ ਆਰਆਰਪੀਆਰ ਦੀ 29.18 ਫੀਸਦੀ ਹਿੱਸੇਦਾਰੀ ਹੈ।” ਨਵੀਂ ਪ੍ਰਾਪਤੀ ਦੇ ਨਾਲ, ਐਨਡੀਟੀਵੀ ਵਿੱਚ ਆਰਆਰਪੀਆਰ ਦੀ ਹਿੱਸੇਦਾਰੀ 56.45 ਫੀਸਦੀ ਹੋ ਜਾਵੇਗੀ।

ਕੰਪਨੀ ਨੇ ਕਿਹਾ ਕਿ 30 ਦਸੰਬਰ ਨੂੰ “ਓ ਦੇ ਬਲਾਕ ਡੀਲ ਵਿਧੀ ਰਾਹੀਂ ਹਿੱਸੇਦਾਰੀ ਦੀ ਪ੍ਰਾਪਤੀ ਪੂਰੀ ਹੋ ਗਈ ਹੈ। ਇਸ ਤਰ੍ਹਾਂ ਅਡਾਨੀ ਗਰੁੱਪ ਨੂੰ ‘ਨਿਊ ਦਿੱਲੀ ਟੈਲੀਵਿਜ਼ਨ ਲਿਮਟਿਡ’ (ਐਨ.ਡੀ.ਟੀ.ਵੀ.) ਵਿੱਚ ਬਹੁਮਤ ਹਿੱਸੇਦਾਰੀ ਮਿਲ ਗਈ ਹੈ। ਕੁਝ ਹਫ਼ਤੇ ਪਹਿਲਾਂ ਰੌਏਜ਼ ਨੇ ਐਨਡੀਟੀਵੀ ਦੇ ਸਭ ਤੋਂ ਵੱਡੇ ਸ਼ੇਅਰਧਾਰਕਾਂ ਵਜੋਂ ਆਪਣਾ ਦਰਜਾ ਗੁਆ ਦਿੱਤਾ ਸੀ। ਦਰਅਸਲ, ਅਡਾਨੀ ਸਮੂਹ ਨੇ ਰਾਏ ਜੋੜੇ ਦੀ ਹਮਾਇਤ ਵਾਲੀ ਕੰਪਨੀ ਆਰਆਰਪੀਆਰ ਹੋਲਡਿੰਗ ਪ੍ਰਾਈਵੇਟ ਲਿਮਟਿਡ ਦੀ ਅਸਿੱਧੀ ਪ੍ਰਾਪਤੀ ਨਾਲ ਐਨਡੀਟੀਵੀ ਵਿੱਚ 29.18 ਪ੍ਰਤੀਸ਼ਤ ਹਿੱਸੇਦਾਰੀ ਹਾਸਲ ਕਰ ਲਈ ਸੀ। ਇਸ ਤੋਂ ਬਾਅਦ ਗਰੁੱਪ ਨੇ ਘੱਟ ਗਿਣਤੀ ਸ਼ੇਅਰਧਾਰਕਾਂ ਤੋਂ ਵੀ 26 ਫੀਸਦੀ ਹਿੱਸੇਦਾਰੀ ਖਰੀਦਣ ਦੀ ਖੁੱਲ੍ਹੀ ਪੇਸ਼ਕਸ਼ ਕੀਤੀ। ਇਸ ਨਾਲ ਐਨਡੀਟੀਵੀ ‘ਚ ਗਰੁੱਪ ਦੀ ਕੁੱਲ ਹਿੱਸੇਦਾਰੀ ਵਧ ਕੇ 37.44 ਫੀਸਦੀ ਹੋ ਗਈ ਹੈ। ਉਸ ਸਮੇਂ, ਅਡਾਨੀ ਸਮੂਹ ਦੀ ਹਿੱਸੇਦਾਰੀ ਐਨਡੀਟੀਵੀ ਦੇ ਦੋ ਸੰਸਥਾਪਕਾਂ ਦੀ ਸੰਯੁਕਤ ਹੋਲਡਿੰਗ 32.26 ਪ੍ਰਤੀਸ਼ਤ ਤੋਂ ਵੱਧ ਗਈ ਸੀ। ਇਸ ਤੋਂ ਬਾਅਦ ਹੀ ਰਾਏ ਜੋੜੇ ਵੱਲੋਂ ਆਪਣੀ ਕੁੱਲ ਹਿੱਸੇਦਾਰੀ ਦਾ 27.26 ਫੀਸਦੀ ਵੇਚਣ ਦਾ ਐਲਾਨ ਕੀਤਾ ਗਿਆ। ਹਾਲਾਂਕਿ, ਇਸ ਪੇਸ਼ਕਸ਼ ਨੂੰ ਚੰਗਾ ਹੁੰਗਾਰਾ ਨਹੀਂ ਮਿਲਿਆ ਅਤੇ ਅਡਾਨੀ ਸਮੂਹ ਸਿਰਫ 8.26 ਫੀਸਦੀ ਹਿੱਸੇਦਾਰੀ ਹੀ ਜੁਟਾ ਸਕਿਆ।

# ਟੀ-20 ਵਿਸ਼ਵ ਕੱਪ ਲਈ ਭਾਰਤੀ ਬੀਬੀਆਂ ਦੀ ਟੀਮ ਦਾ ਐਲਾਨ

ਮਹਿਲਾ ਟੀ–20 ਵਿਸ਼ਵ ਕੱਪ ਲਈ ਬੀਤੇ ਦਿਨੀਂ ਟੀਮ ਇੰਡੀਆ ਦਾ ਐਲਾਨ ਹੋਇਆ। ਹਰਮਨਪ੍ਰੀਤ ਦੀ ਕਪਤਾਨੀ ਵਾਲੀ ਟੀਮ ਵਿਚ ਆਲਰਾਊਂਡਰ ਸ਼ਿਖਾ ਪਾਂਡੇ ਦੀ ਵਾਪਸੀ ਹੋਈ ਹੈ। ਸ਼ਿਖਾ ਨੇ ਆਖਰੀ ਵਾਰ ਅਕਤੂਬਰ 2021 ਵਿਚ ਟੀਮ ਇੰਡੀਆ ਲਈ ਖੇਡਿਆ ਸੀ। ਇਸ ਤੋਂ ਬਾਅਦ ਘਰੇਲੂ ਮੈਦਾਨਾਂ ’ਤੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਟੀਮ ’ਚ ਵਾਪਸੀ ਕੀਤੀ। ਪੂਜਾ ਵਸਤਰਕਾਰ ਨੂੰ ਵੀ ਫਿਟਨੈੱਸ ਦੇ ਆਧਾਰ ’ਤੇ ਟੀਮ ਵਿਚ ਸ਼ਾਮਲ ਕੀਤਾ ਗਿਆ ਹੈ।




ਭਾਰਤੀ ਮਹਿਲਾ ਕ੍ਰਿਕਟ ਟੀਮ ਵਿਚ ਹਰਮਨਪ੍ਰੀਤ ਕੌਰ (ਕਪਤਾਨ), ਸਮ੍ਰਿਤੀ ਮੰਧਾਨਾ, ਸ਼ੈਫਾਲੀ ਵਰਮਾ, ਯਸਤਿਕਾ ਸ਼ਰਮਾ, ਰਿਸ਼ਾ ਘੋਸ਼, ਜੇਮਿਮਾ ਰੌਡਰਿਗਜ਼, ਹਰਲੀਨ ਦਿਓਲ, ਦੀਪਤੀ ਸ਼ਰਮਾ, ਦੀਪਿਕਾ ਵੈਦਿਆ, ਰਾਧਾ ਯਾਦਵ, ਰੇਣੁਕਾ ਸਿੰਘ, ਅੰਜਲੀ ਸਰਵਾਨੀ, ਪੂਜਾ ਵਸਤਰਕਾਰ, ਰਾਜੇਸ਼ਵਰੀ ਗਾਇਕਵਾੜ, ਸ਼ਿਖਾ ਪਾਂਡੇ।

ਰਿਜ਼ਰਵ: ਐਸ ਮੇਘਨਾ, ਸਨੇਹ ਰਾਣਾ, ਮੇਘਨਾ ਸਿੰਘ ਆਦਿ ਸ਼ਾਮਿਲ ਹਨ। ਟੀਮ ਇੰਡੀਆ ਤਿੰਨ ਸੈਮੀਫਾਈਨਲ ਮੁਕਾਬਲੇ ਖੇਡ ਚੁਕੀ ਹੈ ਪਰ ਉਹ ਅਜੇ ਤੱਕ ਮਹਿਲਾ ਟੀ–20 ਵਿਸ਼ਵ ਕੱਪ ਨਹੀਂ ਜਿੱਤ ਸਕੀ। 2009, 2010 ਅਤੇ 2018 ਵਿਚ ਟੀਮ ਇੰਡੀਆ ਸੈਮੀਫਾਈਨਲ ਵਿਚ ਪਹੁੰਚੀ ਸੀ। ਇਸ ਫਾਰਮੈਟ ’ਤੇ ਸ਼ੁਰੂ ਤੋਂ ਹੀ ਆਸਟ੍ਰੇਲੀਆ ਦਾ ਦਬਦਬਾ ਰਿਹਾ ਸੀ, ਜੋ ਚਾਰ ਵਾਰ ਚੈਂਪੀਅਨ ਬਣ ਚੁੱਕਾ ਹੈ। ਆਸਟ੍ਰੇਲੀਆ ਨੇ 2010, 2012, 2014 ਤੇ 2018 ਵਿਸ਼ਵ ਕੱਪ ਜਿੱਤੇ ਸਨ।

# ਪੰਜਾਬਣ ਕੇਰਨ ਹੀਰਾ ਨੂੰ ਮਿਲੇਗਾ ‘ਮੈਡਲ ਆਫ਼ ਗੁੱਡ ਸਿਟੀਜ਼ਨਸ਼ਿਪ’ ਪੁਰਸਕਾਰ

**ਐਬਟਸਫੋਰਡ–** ਆਰਡਰ ਆਫ਼ ਬੀ.ਸੀ. ਤੋਂ ਬਾਅਦ ਕੈਨੇਡਾ ਸਰਕਾਰ ਵਲੋਂ ਦਿੱਤੇ ਜਾਂਦੇ ਦੂਜੇ ਵੱਡੇ ਉੱਚ ਸਨਮਾਨ ‘ਮੈਡਲ ਆਫ਼ ਗੁੱਡ ਸਿਟੀਜ਼ਨਸ਼ਿਪ 2022’ ਲਈ 15 ਵਿਅਕਤੀਆਂ ਨੂੰ ਚੁਣਿਆ ਗਿਆ ਹੈ, ਜਿਨ੍ਹਾਂ ਵਿਚ ਵਿਕਟੋਰੀਆ ਨਿਵਾਸੀ ਪੰਜਾਬਣ ਕੇਰਨ ਹੀਰਾ ਨੂੰ ਵੀ ਇਹ ਸਨਮਾਨ ਮਿਲੇਗਾ।

ਕੇਰਨ ਹੀਰਾ ਇਸ ਵਕਾਰੀ ਸਨਮਾਨ ਲਈ ਚੁਣੀ ਜਾਣ ਵਾਲੀ ਇਕੋ–ਇਕ ਪੰਜਾਬਣ ਹੈ। ਬ੍ਰਿਟਿਸ਼ ਕੋਲੰਬੀਆ ਸਰਕਾਰ ਵਲੋਂ ਇਹ ਸਨਮਾਨ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਸਿਹਤ, ਸਿੱਖਿਆ ਅਤੇ ਸਮਾਜ ਸੇਵਾ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਇਆ ਹੋਵੇ। ਕੇਰਨ ਹੀਰਾ ਵਿਕ–ਟੋਰੀਆ ਇੰਮੀਗਰਾਂਟ ਐਂਡ ਰਫਿਊਜ਼ੀ ਸੈਂਟਰ ਸੁਸਾਇਟੀ ਅਤੇ ਓਸਿਸ ਸੁਸਾਇਟੀ ਫ਼ਾਰ ਦੀ ਸਪਿਰਚੂਅਲ ਹੈਲਥ ਆਫ਼ ਵਿਕਟੋਰੀਆ ਦੀ ਐਗਜ਼ੀਕਿਊਟਿਵ ਡਾਇਰੈਕਟਰ ਹੈ। ਕਿਰਨ ਹੀਰਾ ਨੇ ਪਬਲਿਕ ਐਡਮਿਨਸਟਰੇਸ਼ਨ ਵਿਸ਼ੇ ’ਤੇ ਪੀ.ਐਚ.ਡੀ. ਕੀਤੀ ਹੋਈ ਹੈ। ਇਨਾਮ ਵੰਡ ਸਮਾਗਮ ਮਾਰਚ 2023 ’ਚ ਹੋਵੇਗਾ।




**ਜਾਣੋ ਕੇਰਨ ਹੀਰਾ ਬਾਰੇ**

16 ਸਾਲ ਦੀ ਉਮਰ ਵਿੱਚ ਹੀਰਾ ਨੇ ਕਈ ਨੌਕਰੀਆਂ ਕਰ ਕੇ ਆਪਣੀ ਮਾਂ ਦੀ ਵਿੱਤੀ ਮਦਦ ਕੀਤੀ ਅਤੇ ਨਾਲ ਹੀ ਆਪਣੇ ਵਿਦਿਅਕ ਟੀਚਿਆਂ ਨਾਲ ਸਬੰਧਤ ਖਰਚਿਆਂ ਨੂੰ ਵੀ ਪੂਰਾ ਕੀਤਾ।2015 ਵਿੱਚ ਹੀਰਾ ਨੇ ਵਿਕਟੋਰੀਆ ਯੂਨੀਵਰਸਿਟੀ ਵਿੱਚ ਵਿਸ਼ੇਸ਼ਤਾ ਨਾਲ ਸਮਾਜਿਕ ਕਾਰਜ ਦੀ ਡਿਗਰੀ ਪੂਰੀ ਕੀਤੀ। ਬਾਅਦ ਵਿੱਚ ਉਸਨੇ 2018 ਵਿੱਚ ਪਬਲਿਕ ਐਡਮਿਨਿਸਟਰੇਸ਼ਨ ਦੀ ਮਾਸਟਰ ਡਿਗਰੀ ਪੂਰੀ ਕੀਤੀ ਅਤੇ ਇਸ ਸਮੇਂ ਲੋਕ ਪ੍ਰਸ਼ਾਸਨ ਵਿੱਚ ਆਪਣੀ ਪੀਐਚਡੀ ’ਤੇ ਕੰਮ ਕਰ ਰਹੀ ਹੈ। ਪੈਨਲ ਦੁਆਰਾ ਚੁਣੇ ਗਏ 15 ਵਿਅਕਤੀਆਂ ਵਿੱਚੋਂ ਦੋ ਵਿਕਟੋਰੀਆ ਨਿਵਾਸੀ ਕੈਰਨ ਹੀਰਾ ਅਤੇ ਰੌਨ ਰਾਈਸ ਹਨ। ਰਾਈਸ ਨੂੰ ਇੱਕ ਸਮਰਪਿਤ ਸਵਦੇਸ਼ੀ ਭਾਈਚਾਰੇ ਦੇ ਨੇਤਾ, ਵਲੰਟੀਅਰ ਅਤੇ ਬੋਰਡ ਚੇਅਰ ਵਜੋਂ ਦਰਸਾਇਆ ਗਿਆ ਹੈ, ਜਿਸਨੂੰ ਸ਼ਹਿਰੀ ਆਦਿਵਾਸੀ ਲੋਕਾਂ ਲਈ ਇੱਕ ਰੋਲ ਮਾਡਲ ਵਜੋਂ ਆਪਣੀ ਵਚਨਬੱਧਤਾ ਲਈ ਮਾਨਤਾ ਦਿੱਤੀ ਗਈ।

# ਕੈਨੇਡਾ 'ਚ ਹੁਣ ਭਾਰਤੀ 2 ਸਾਲ ਤਕ ਨਹੀਂ ਖਰੀਦ ਸਕਣਗੇ ਘਰ

**ਟਰਾਂਟੋ–** ਕੈਨੇਡਾ 'ਚ ਰਹਿਣ ਵਾਲੇ ਵਿਦੇਸ਼ੀ ਲੋਕ ਜੇਕਰ ਆਪਣੇ ਘਰ ਦਾ ਸੁਪਨਾ ਸਾਕਾਰ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਲਈ ਇਕ ਬੁਰੀ ਖ਼ਬਰ ਹੈ। ਕੈਨੇਡਾ 'ਚ ਜਸਟਿਸ ਟਰੂਡੋ ਦੀ ਸਰਕਾਰ ਨੇ ਵਿਦੇਸ਼ੀ ਲੋਕਾਂ ਦੇ ਘਰ ਖਰੀਦਣ 'ਤੇ ਦੋ ਸਾਲ ਦੀ ਪਾਬੰਦੀ ਲਗਾ ਦਿੱਤੀ ਹੈ। ਹਾਲਾਂਕਿ ਨਿਯਮਾਂ ਵਿਚ ਕੁਝ ਲੋਕਾਂ ਨੂੰ ਛੋਟ ਦਿੱਤੀ ਗਈ ਹੈ। ਜਿਵੇਂ ਕਿ ਕੈਨੇਡਾ 'ਚ ਰਹਿਣ ਵਾਲੇ ਸਥਾਈ ਲੋਕ ਤੇ ਸ਼ਰਨਾਰਥੀ ਆਪਣਾ ਘਰ ਲੈ ਸਕਦੇ ਹਨ। ਸਰਕਾਰ ਦਾ ਕਹਿਣਾ ਹੈ ਕਿ ਸਥਾਨਕ ਲੋਕਾਂ ਲਈ ਘਰ ਨਹੀਂ ਉਪਲਬਧ ਹੋ ਪਾ ਰਹੇ ਸਨ, ਇਸ ਲਈ ਦੋ ਸਾਲ ਲਈ ਇਹ ਨਿਯਮ ਲਾਗੂ ਕੀਤਾ ਗਿਆ ਹੈ। ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਨਿਯਮ ਸਿਰਫ਼ ਸ਼ਹਿਰੀ ਘਰਾਂ 'ਤੇ ਲਾਗੂ ਕੀਤਾ ਗਿਆ ਹੈ।

2021 ਦੀਆਂ ਚੋਣਾਂ ਤੋਂ ਪਹਿਲਾਂ ਹੀ ਜਸਟਿਨ ਟਰੂਡੋ ਨੇ ਇਸ ਪਾਬੰਦੀ ਦੀ ਗੱਲ ਕੀਤੀ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਕੈਨੇਡਾ ਦੇ ਰਹਿਣ ਵਾਲੇ ਲੋਕਾਂ ਲਈ ਘਰ ਦੀ ਕੀਮਤ ਉਨ੍ਹਾਂ ਦੀ



ਪਹੁੰਚ ਤੋਂ ਬਾਹਰ ਹੋ ਗਈ ਹੈ। ਉਨ੍ਹਾਂ ਦੀ ਲਿਬਰਲ ਪਾਰਟੀ ਨੇ ਕਿਹਾ ਸੀ , ਕੈਨੇਡਾ ਦੇ ਲੋਕਾਂ ਲਈ ਘਰ ਖਰੀਦਣਾ ਆਸਾਨ ਬਣ–ਾਉਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ, ਪਰ ਵਿਦੇਸ਼ੀ ਲੋਕ ਜ਼ਿਆਦਾ ਕੀਮਤਾਂ 'ਚ ਘਰ ਖਰੀਦ ਲੈਂਦੇ ਹਨ ਜਿਸ ਕਾਰਨ ਇਨ੍ਹਾਂ ਦੀ ਦਰ ਵਧ ਜਾਂਦੀ ਹੈ ਤੇ ਇੱਥੋਂ ਦੇ ਨਾਗਰਿਕਾਂ ਲਈ ਆਪਣਾ ਘਰ ਖਰੀਦਣਾ ਮੁਸ਼ਕਲ ਹੋ ਜਾਂਦਾ ਹੈ।

ਚੋਣਾਂ 'ਚ ਜਿੱਤ ਤੋਂ ਬਾਅਦ ਲਿਬਰਲ ਪਾਰਟੀ ਨੇ ਵਿਦੇਸ਼ੀਆਂ ਦੇ ਘਰ ਖਰੀਦਣ 'ਤੇ ਪਾਬੰਦੀ ਲਗਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਗ਼ੈਰ–ਕੈਨੇਡੀਅਨ ਐਕਟ 'ਚ ਸੋਧ ਕੀਤੀ ਗਈ। ਇਸ ਤੋਂ ਇਲਾਵਾ ਟੋਰਾਂਟੋ ਤੇ ਵੈਨਕੂਵਰ ਵਰਗੇ ਵੱਡੇ ਸ਼ਹਿਰਾਂ 'ਚ ਖਾਲੀ ਪਏ ਘਰਾਂ 'ਤੇ ਵਾਧੂ ਟੈਕਸ ਲਾਉਣਾ ਸ਼ੁਰੂ ਕਰ ਦਿੱਤਾ। ਕੈਨੇਡਾ ਦੇ ਰੀਅਲ ਅਸਟੇਟ ਐਸੋਸੀਏਸ਼ਨ ਦੇ ਮੁਤਾਬਕ ਘਰਾਂ ਦੀਆਂ ਕੀਮਤਾਂ 'ਚ 8 ਲੱਖ ਕੈਨੇਡੀਅਨ ਡਾਲਰ ਯਾਨੀ ਕਰੀਬ 6 ਲੱਖ ਅਮਰੀਕੀ ਡਾਲਰ ਦੀ ਘਾਟ ਦੇਖੀ ਗਈ।

# 'ਮੁਕਤਸਰ ਦਾ ਯੁੱਧ' (29 ਦਸੰਬਰ 1705)



ਕਲਗੀਧਰ ਦਸਮੇਸ਼ ਪਿਤਾ ਜੀ ਦੇ ਸਮੇਂ ਸਿੱਖ ਧਰਮ ਦੀ ਹਰਮਨ ਪਿਆਰਤਾ ਨਿਰੰਤਰ ਵਧਦੀ ਵੇਖ ਕੇ ਹਿੰਦੂ ਪਹਾੜੀ ਰਾਜੇ ਅਤੇ ਮੁਗਲ ਇਸਨੂੰ ਸਾਮਰਾਜ ਲਈ ਖਤਰਾ ਸਮਝਣ ਲੱਗ ਪਏ ਸਨ। ਗੁਰੂ ਜੀ ਨੇ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਇਹ ਅਹਿਸਾਸ ਦਿਵਾਇਆ ਕਿ ਉਹ ਬਲਹੀਣ ਨਹੀਂ ਹਨ, ਸਗੋਂ ਉਨ੍ਹਾਂ ਨੂੰ ਆਪਣੇ ਅੰਦਰਲੀ ਸ਼ਕਤੀ ਨੂੰ ਪਛਾਨਣ ਦੀ ਲੋੜ ਹੈ। ਗੁਰੂ ਜੀ ਤਲਵਾਰ ਨੂੰ ਸੰਘਰਸ਼ ਸ਼ਕਤੀ ਦਾ ਪ੍ਰਤੀਕ ਮੰਨਦੇ ਸਨ। ਉਹਨਾਂ ਨੇ ਬਹੁਤ ਸਾਰੇ ਯੁੱਧ ਲੜੇ ਅਤੇ ਜਿੱਤੇ ਵੀ। ਪਰ ਕਿਸੇ ਦੇ ਇਲਾਕੇ 'ਤੇ ਕਬਜਾ ਨਹੀਂ ਕੀਤਾ। ਕਿਸੇ ਦੇ ਧਨ-ਮਾਲ ਜਾਂ ਇੱਜਤ ਲੁੱਟੇ ਜਾਣ, ਭੱਜੇ ਜਾਂਦੇ ਜਾਂ ਸੁੱਤੇ ਪਏ ਵੈਰੀ 'ਤੇ ਵਾਰ ਨਾ ਕੀਤਾ। ਕਿਸੇ ਬੁੱਢੇ, ਬੱਚੇ ਜਾਂ ਔਰਤ ਤੇ ਵਾਰ ਨਹੀਂ ਕੀਤਾ। ਉਹਨਾਂ ਨੇ ਪਹਿਲਾਂ ਕਿਸੇ 'ਤੇ ਹਮਲਾ ਨਹੀਂ ਕੀਤਾ। ਜਿੱਤ ਲਈ ਜੂਝਣ ਅਤੇ ਜਿੱਤ ਪ੍ਰਾਪਤ ਕਰਨ ਵਿਚ ਅਟੁੱਟ ਵਿਸ਼ਵਾਸ ਰੱਖਦੇ ਸਨ। ਕੋਈ ਵੀ ਯੁੱਧ ਜਰ, ਜੋਰੂ ਜਾਂ ਜ਼ਮੀਨ ਵਾਸਤੇ ਨਹੀਂ ਲੜਿਆ। ਉਹਨਾਂ ਹਮੇਸ਼ਾ ਨਿਮਾਣਿਆਂ, ਨਿਤਾਣਿਆਂ, ਨੀਵਿਆਂ ਅਤੇ ਲਿਤਾੜਿਆਂ ਦੇ ਹੱਕ-ਸੱਚ ਤੇ ਬਰਾਬਰੀ ਲਈ ਹੀ ਸੰਘਰਸ਼ ਕੀਤਾ ਅਤੇ ਸਰਬੰਸ ਦਾਨ ਕੀਤਾ।

ਇਨ ਪੁਤਰਨ ਕੇ ਸੀਸ ਪੇ ਵਾਰ ਦੀਏ ਸੁਤ ਚਾਰ
ਚਾਰ ਮੂਏ ਤੋ ਕਿਆ ਭਇਆ, ਏ ਜੀਵਤ ਕਈ ਹਜਾਰ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਉਹਨਾਂ ਪੰਜ ਪਿਆਰਿਆਂ, ਚਾਲੀ ਮੁਕਤਿਆਂ ਦੀ ਲਾਸਾਨੀ ਵਫਾਦਾਰੀ ਅਤੇ ਕੁਰਬਾਨੀ ਤੋਂ ਲੈ ਕੇ ਸਿੱਖਾਂ ਵਿਚ ਇੰਨੀ ਸ਼ਰਧਾ ਅਤੇ ਜੋਸ਼ ਭਰ ਦਿੱਤਾ ਕਿ ਉਹ ਸ਼ਹੀਦੀਆਂ ਪਾਉਣ ਲਈ ਖੁਸ਼ੀ-ਖੁਸ਼ੀ ਅੱਗੇ ਆਉਣ ਲੱਗੇ, ਜਿਸ ਦੀ ਲਾਸਾਨੀ ਮਿਸਾਲ 29 ਦਸੰਬਰ 1705 ਦੇ ਮੁਕਤਸਰ ਦੇ ਯੁੱਧ ਵਿਚ ਮਿਲਦੀ ਹੈ। ਇਹ ਗੁਰੂ ਜੀ ਦੇ ਯੁੱਧ ਕਾਲ ਦਾ ਆਖਰੀ ਤੇ ਫੈਸਲਾਕੁੰਨ ਯੁੱਧ ਸੀ, ਜਿਸ ਵਿਚ ਔਰੰਗਜੇਬ ਰਾਜ ਦਾ ਅੰਤ ਹੋਇਆ।

ਗੁਰੂ ਜੀ ਜਦੋਂ ਆਨੰਦਪੁਰ ਦੇ ਧਰਮ ਯੁੱਧ ਮੋਰਚੇ ਵਿਚ ਲੰਮੇ ਸਮੇਂ ਤੋਂ ਡਟੇ ਹੋਏ ਸਨ ਤਾਂ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਚਾਹਿਆ ਕਿ ਗੁਰੂ ਜੀ ਆਨੰਦਪੁਰ ਛੱਡ ਜਾਣ। ਇਸ ਲਏ ਬਹਾਨੇ ਨਾਲ ਉਹਨਾਂ ਨੇ ਕਸਮਾਂ ਖਾਧੀਆਂ ਕਿ ਜੇਕਰ ਗੁਰੂ ਜੀ ਆਨੰਦਪੁਰ ਦਾ ਕਿਲਾ ਛੱਡ ਦੇਣ ਤਾਂ ਉਹਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ ਪਰ ਉਹਨਾਂ ਨੇ ਤਾਂ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਅਤੇ ਗੁਰੂ ਜੀ ਨੂੰ ਜਿੰਦਾ ਗ੍ਰਿਫਤਾਰ ਕਰਕੇ ਅਧੀਨ ਕਰਨ ਦਾ ਮਨ ਬਣਾਇਆ ਹੋਇਆ ਸੀ। ਗੁਰੂ ਜੀ ਚਮਕੌਰ ਸਾਹਿਬ ਦੀ ਲੜਾਈ ਅਤੇ ਬਿਖੜਿਆਂ ਪੈਂਡਿਆਂ, ਮਾਛੀਵਾੜਾ ਕਾਂਗੜ ਤੋਂ ਹੁੰਦੇ ਹੋਏ ਕੋਟਕਪੂਰਾ ਪੁੱਜੇ ਤੇ ਮੁਗਲ ਫੌਜਾਂ ਨੇ ਆਪਣੇ ਇਕਰਾਰ ਤੋੜ ਕੇ ਗੁਰੂ ਜੀ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਕੋਲ ਸਮਰਪਿਤ ਸਿੰਘ ਸਨ ਜੋ ਜਾਨ ਦੀ ਪਰਵਾਹ ਕੀਤੇ ਬਿਨਾਂ ਕੁਰਬਾਨੀ ਲਈ ਤਿਆਰ ਸਨ। ਗੁਰੂ ਜੀ ਰਾਮੇਆਣੇ ਤੇ ਖਿਦਰਾਣੇ ਵੱਲ ਵਧਣ ਲੱਗੇ। ਤਦ ਤੱਕ ਮਾਈ ਭਾਗੋ ਦੀ ਅਗਵਾਈ ਹੇਠ 40 ਸਿੰਘਾਂ ਦਾ ਜਥਾ ਗੁਰੂ ਜੀ ਦੀ ਮਦਦ ਲਈ ਖਿਦਰਾਣੇ ਦੀ ਢਾਬ 'ਤੇ ਪੁੱਜਿਆ। ਇਹ ਉਹ ਸਿੰਘ ਸਨ ਜੋ ਆਨੰਦਪੁਰ ਛੱਡਣ ਦੇ ਅਖੀਰਲੇ ਦਿਨਾਂ ਵਿਚ ਗੁਰੂ ਜੀ ਤੋਂ ਵਿੱਛੜ ਗਏ ਸਨ।

ਦੁਸ਼ਮਣ ਅਤੇ ਸ਼ਾਹੀ ਫੌਜ ਨੇੜੇ ਪਹੁੰਚ ਚੁੱਕੀ ਸੀ। ਗੁਰੂ ਜੀ ਉਸ ਸਮੇਂ ਅਜਿਹੀ ਜਗ੍ਹਾ ਦੀ ਤਲਾਸ਼ ਵਿਚ ਸਨ, ਜਿੱਥੇ ਦੁਸ਼ਮਣਾਂ ਨੂੰ ਘੇਰਿਆ ਜਾ ਸਕੇ ਅਤੇ ਦੁਸ਼ਮਣ ਦਾ ਮੁਕਾਬਲਾ ਵਿਉਂਤਬੰਦੀ ਨਾਲ ਕੀਤਾ ਜਾ ਸਕੇ। ਤਦ ਗੁਰੂ ਜੀ ਨੇ ਖਿਦਰਾਣੇ ਦੀ ਢਾਬ ਤੇ ਮੋਰਚਾ ਲਾਉਣਾ ਮੁਨਾਸਿਬ ਸਮਝਿਆ। ਜੋ ਕਿ ਢਾਬ ਝਾੜੀਆਂ ਨਾਲ ਘਿਰੀ ਹੋਈ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਉਥੇ ਪਾਣੀ ਦਾ ਭੰਡਾਰ ਸੀ। ਜਦਕਿ ਦੂਰ-ਦੂਰ ਤੱਕ ਪਾਣੀ ਨਹੀਂ ਸੀ ਮਿਲਦਾ। ਗੁਰੂ ਜੀ ਨੇ ਤੰਬੂ ਲਗਾ ਕੇ ਢਾਬ ਨੂੰ ਇਕ ਵਿਸ਼ਾਲ ਫੌਜੀ ਛਾਉਣੀ ਵਿਚ ਬਦਲ ਦਿੱਤਾ। ਮੁਗਲ ਫੌਜਾਂ ਨੇ ਅੰਮ੍ਰਿਤ ਵੇਲੇ ਹਮਲਾ ਕਰ ਦਿੱਤਾ। ਸਿੰਘਾਂ ਨੇ ਰਣਨੀਤੀ ਬਣਾਈ ਕਿ ਵਾਰੀ-ਵਾਰੀ ਸਿੰਘ ਟਾਕਰੇ ਲਈ ਜਾਣਗੇ। ਉਹਨਾਂ ਦੀ ਹਿਫਾਜ਼ਤ ਲਈ ਪੰਜ ਸਿੰਘਾਂ ਨੂੰ ਨਾਲ ਨਾਲ ਭੇਜਿਆ ਜਾਣ ਲੱਗਾ। ਗੁਰੂ ਜੀ ਟਿੱਬੇ ਤੇ ਸਮੇਂ ਸਮੇਂ ਤੀਰਾਂ ਦੀ ਬੁਛਾੜ ਹੇਠਾਂ ਵੱਲ ਕਰਦੇ ਰਹੇ। ਉਹਨਾਂ ਨੇ ਇਸੇ ਤਰ੍ਹਾਂ ਹੀ ਦੁਸ਼ਮਣ ਨੂੰ ਉਲਝਾਈ ਰੱਖਿਆ। ਸਭ ਤੋਂ ਅਹਿਮ ਗੱਲ ਇਹ ਹੋ ਨਿੱਬੜੀ ਕਿ ਸਿੰਘਾਂ ਦਾ ਪਾਣੀ 'ਤੇ ਕਬਜਾ ਸੀ। ਦੁਸ਼ਮਣਾਂ ਨੂੰ ਨੇੜੇ ਤੇੜੇ ਪਾਣੀ ਲੱਭਣਾ ਮੁਸ਼ਕਿਲ ਹੋ ਗਿਆ। ਲੜਾਈ ਗਹਿਗੱਚ ਹੋ ਚੁੱਕੀ ਸੀ। ਇਸ ਘਮਾਸਾਨ ਯੁੱਧ ਵਿਚ ਮੁਗਲ ਫੌਜ ਦੇ ਕਮਾਂਡਰ ਅਜਿਹੇ ਉਲਝੇ ਕਿ ਇਕ ਤਾਂ ਪਾਣੀ ਨਾ ਮਿਲਿਆ, ਉਪਰੋਂ ਗੁਰੂ ਜੀ ਸਾਹਮਣੇ ਢਾਬ ਦੀ ਉਚਾਈ ਤੋਂ ਤੀਰ ਛੱਡ ਰਹੇ ਸਨ। ਇਸ ਆਹਮੋ-ਸਾਹਮਣੇ ਦੀ ਟੱਕਰ ਵਿਚ ਮੁਗਲ ਫੌਜ ਨਾ ਟਿਕ ਸਕੀ। ਮੁਗਲ ਫੌਜ ਭੁਲੇਖੇ ਵਿਚ ਰਹੀ ਕਿ ਇੱਥੇ ਭਾਰੀ ਗਿਣਤੀ ਵਿਚ ਫੌਜ ਹੋਵੇਗੀ ਜੋ ਇਕ ਫੌਜੀ ਛਾਉਣੀ ਬਣਾਈ ਬੈਠੇ ਹਨ। ਪਰ ਸਿਰਫ 250 ਸਿੰਘਾਂ ਦੀ ਫੌਜ ਨੇ ਲੱਗਭੱਗ 20 ਹਜ਼ਾਰ ਦਾ ਟਾਕਰਾ ਬੜੀ ਦਲੇਰੀ ਨਾਲ ਕੀਤਾ। ਇਸ ਤਰ੍ਹਾਂ ਸਿੰਘਾਂ ਨੇ ਅਦੁੱਤੀ ਬਹਾਦਰੀ ਦਾ ਸਬੂਤ ਦਿੰਦੇ ਹੋਏ ਦੁਸ਼ਮਣਾਂ ਦੇ ਆਹੂ ਲਾਹ ਦਿੱਤੇ ਪਰ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਮੁਗਲ ਫੌਜ ਦਾ 4000 ਦਾ ਜਾਨੀ ਨੁਕਸਾਨ ਹੋਇਆ। ਗੁਰੂ ਜੀ ਦੀ ਫੌਜ ਵਿਚ ਜਿਹਨਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਉਹਨਾਂ ਵਿਚ ਲਾਗਲੇ ਪਿੰਡਾਂ ਦੇ ਕਿਸਾਨ ਅਤੇ ਕਾਰੀਗਰ ਵੀ ਸਨ।

ਮੁਗਲ ਫੌਜ ਨੂੰ ਅਹਿਸਾਸ ਹੋ ਗਿਆ ਕਿ ਗੁਰੂ ਜੀ ਦੀ ਅਗਵਾਈ ਹੇਠ ਜੋ ਫੌਜ ਤੋਂ ਉਸਦਾ ਟਾਕਰਾ ਕਰਨਾ ਸੰਭਵ ਨਹੀਂ ਹੈ। ਉਸਨੇ ਸਬਕ ਸਿੱਖ ਲਿਆ ਕਿ ਸਿੰਘਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਖਾਲਸੇ ਦੀ ਜਿੱਤ ਹੋਈ। ਗੁਰੂ ਜੀ ਰਣਭੂਮੀ ਵਿਚ ਉਤਰੇ। ਉਹਨਾਂ ਨੂੰ ਪਤਾ ਲੱਗਾ ਕਿ ਜਿਹੜੇ ਸਿੰਘ ਆਨੰਦਪੁਰ ਤੋਂ ਵਿੱਛੜ ਗਏ ਸਨ, ਉਹ ਜਾਂ ਤਾਂ ਜ਼ਖਮੀ ਹਨ ਜਾਂ ਸ਼ਹੀਦੀਆਂ ਪਾ ਚੁੱਕੇ ਹਨ।

ਗੁਰੂ ਜੀ ਨੇ ਸੂਰਮਿਆਂ ਦੇ ਮੁਖੜੇ ਪਿਆਰ ਨਾਲ ਪੂੰਝੇ ਅਤੇ ਸ਼ਹੀਦੀਆਂ ਦਾ ਮੁੱਲ ਪਾਉਂਦੇ ਵਰ ਦਿੰਦੇ ਗਏ। ਉਸ ਸਮੇਂ ਰਾਏ ਸਿੰਘ ਦੇ ਪੁੱਤਰ ਭਾਇ ਮਹਾਂ ਸਿੰਘ ਨੂੰ ਜਾ ਡਿੱਠਾ। ਮਹਾਂ ਸਿੰਘ ਦਾ ਮੁਖੜਾ ਸਾਫ ਕਰਕੇ ਉਸਦਾ ਸੀਸ ਗੋਦ ਵਿਚ ਰੱਖ ਕੇ ਪਾਣੀ ਮੂੰਹ ਵਿਚ ਪਾਇਆ, ਸੀਨੇ ਨਾਲ ਲਾਇਆ। ਗੁਰੂ ਜੀ ਆਖਣ ਲੱਗੇ। ਭਾਈ ਮਹਾਂ ਸਿੰਘ ਤੂੰ ਸਿੱਖੀ ਸੰਗਤ ਦੀ ਲਾਜ ਰੱਖ ਲਈ ਹੈ। ਜੰਗ ਵਿਚ ਹਿੱਸਾ ਲੈ ਕੇ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ ਹਨ। ਤੂੰ ਵਰ ਮੰਗ ਲੈ ਜੋ ਮੰਗਣਾ ਹੈ। ਭਾਈ ਮਹਾਂ ਸਿੰਘ ਨੇ ਕਿਹਾ ਦਸਮੇਸ਼ ਪਿਤਾ ਤੁਹਾਡੇ ਦਰਸ਼ਨ ਹੋ ਗਏ, ਹੋਰ ਕੀ ਮੰਗਾਂ, ਮੈਨੂੰ ਇਸ ਵਿਚ ਹੀ ਸਭ ਕੁਝ ਮਿਲ ਗਿਆ ਹੈ। ਗੁਰੂ ਜੀ ਨੇ ਫਿਰ ਕਿਹਾ, ਹੋਰ ਕੁਝ ਮੰਗ ਲੈ। ਭਾਈ ਮਹਾਂ ਸਿੰਘ ਨੇ ਕਿਹਾ ਦਸਮੇਸ਼ ਪਿਤਾ ਜੀ ਜੇ ਤੁਠੇ ਹੋ ਤਾਂ ਮੈਨੂੰ ਅਤੇ ਮੇਰੇ ਨਾਲ ਦੇ ਜਥੇ ਦੇ ਸਾਥੀਆਂ ਨੂੰ ਮਾਫ ਕਰ ਦਿਓ।

ਜੋ ਆਨੰਦਪਰ ਆਪ ਜੀ ਦੀ ਸੇਵਾ ਵਿਚ ਨਹੀਂ ਰਹਿ ਸਕੇ ਅਤੇ ਵਿੱਛੜ ਗਏ ਸਾਂ। ਗੁਰੂ ਜੀ ਨੇ ਕਿਹਾ, ਭਾਈ ਮਹਾਂ ਸਿੰਘ ਤੂੰ ਸਭ ਦੀ ਲਾਜ ਰੱਖ ਲਈ ਹੈ ਅਤੇ ਬਖਸ਼ਾ ਲਿਆ ਹੈ। ਭਾਈ ਮਹਾਂ ਸਿੰਘ ਦੀ ਆਤਮਾ ਸ਼ਾਂਤ ਹੋ ਗਈ, ਹਿਰਸ ਵਿਚ ਅੱਥਰੂ ਨਿਕਲ ਆਏ ਤੇ ਸ਼ਹੀਦੀ ਪਾ ਗਏ। ਫਿਰ ਗੁਰੂ ਜੀ ਮਾਈ ਭਾਗੋ ਪਾਸ ਪਹੁੰਚੇ, ਜਿਹਨਾਂ ਨੇ ਭਾਈ ਮਹਾਂ ਸਿੰਘ ਨਾਲ ਜਥੇ ਦੀ ਅਗਵਾਈ ਕੀਤੀ ਸੀ। ਉਹਨਾਂ ਨੂੰ ਗੁਰੂ ਜੀ ਨੇ ਭਾਈ ਮਹਾਂ ਸਿੰਘ ਦਾ ਅੰਤਿਮ ਸਮਾਂ ਦੱਸਿਆ ਕਿ ਉਹਨਾਂ ਨੇ ਟੁੱਟੀ ਗੰਢ ਲਈ ਹੈ। ਗੁਰੂ ਜੀ ਨੇ ਮਾਈ ਭਾਗੋ ਜੀ ਨੂੰ ਸੇਵਾ ਵਿਚ ਰਹਿਣ ਦਾ ਬਲ ਬਖਸ਼ਿਆ।

ਗੁਰੂ ਜੀ ਨੇ ਆਪਣੇ ਹੱਥੀਂ ਸ਼ਹੀਦਾਂ ਦਾ ਸਸਕਾਰ ਕੀਤਾ, ਜਿੱਥੇ ਗੁਰਦੁਆਰਾ 'ਸ਼ਹੀਦ ਗੰਜ' ਹੈ। ਇੱਥੇ ਆਪ ਨੇ ਬਚਨ ਕੀਤਾ ਕਿ ਇਹ ਚਾਲੀ ਸਿੰਘ ਹੁਣ ਚਾਲੀ ਮੁਕਤੇ ਹਨ। ਯੁੱਧ ਅਸਥਾਨ ਨੂੰ ਮੁਕਤਸਰ ਦਾ ਖਿਤਾਬ ਦਿੱਤਾ। ਇੱਥੇ ਇਤਿਹਾਸਕ ਗੁਰਦੁਆਰਾ ਟੁੱਟੀ ਗੰਢ ਹੈ। ਮੁਕਤਸਰ ਦੇ ਸ਼ਹੀਦਾਂ ਤੋਂ ਪ੍ਰੇਰਨਾ ਮਿਲਦੀ ਹੈ ਕਿ ਹੱਕ-ਸੱਚ ਅਤੇ ਧਰਮ ਲਈ ਜ਼ੁਲਮ ਦੇ ਖਿਲਾਫ ਸੰਘਰਸ਼ਮਈ ਰਹਿਣਾ। ਇਸ ਯੁੱਧ ਦਾ ਸੁਨੇਹਾ ਹੈ ਕਿ ਇਹ ਸਾਡਾ ਗੌਰਵਮਈ ਬਹਾਦਰੀ ਦਾ ਵਿਰਸਾ ਹੈ, ਜਿਸ ਤੋਂ ਸਾਨੂੰ ਹਮੇਸ਼ਾ ਅਗਵਾਈ ਮਿਲਦੀ ਰਹੇਗੀ।

# 'ਭੈਣਾਂ ਨੂੰ ਭਰਾਵਾਂ ਦਾ ਫਿਕਰ !'

ਆਪਣੀ ਜਿਸ ਭੈਣ ਦੇ ਫਿਕਰ ਦਾ ਮੈਂ ਜਿਕਰ ਕਰਨ ਲੱਗਾ ਹਾਂ ਪਹਿਲਾਂ ਉਹਦੇ ਬਾਰੇ ਸੰਕੋਚਵੀਂ ਜਿਹੀ ਜਾਣਕਾਰੀ- ਮੈਥੋਂ ਵੱਡੀਆਂ ਚਾਰ ਭੈਣਾ ਹਨ। ਜਦ ਮੈਥੋਂ ਵੱਡੀ ਦਾ ਜਨਮ ਹੋਇਆ ਤਾਂ ਇੱਕ 'ਪੱਥਰ ਹੋਰ ਆ ਗਿਆ' ਕਹਿੰਦਿਆਂ ਘਰ ਦਿਆਂ ਨੇ ਖਿਝ ਕੇ ਉਹਦਾ ਵਿਚਾਰੀ ਦਾ ਕੋਈ ਨਾਂ ਹੀ ਨਾ ਰੱਖਿਆ !ਅਖੇ ਜਦ ਰੱਬ ਪੁੱਤ ਦਊ ਗਾ ਤਦ ਦੋਹਾਂ ਭੈਣ-ਭਰਾਵਾਂ ਦਾ ਇੱਕੋ ਨਾਂ ਰੱਖ ਦਿਆਂ ਗੇ ! ਸੋ ਕੁਦਰਤੀ ਜਦ ਮੇਰਾ ਜਨਮ ਹੋਇਆ ਤਾਂ ਮੇਰੇ ਨਾਂ 'ਤੇ ਹੀ ਇਹਦਾ ਨਾਂ ਵੀ ਤਰਲੋਚਨ ਕੌਰ ਹੀ ਰੱਖ ਦਿੱਤਾ ਗਿਆ!



ਅਨਪੜ੍ਹ ਦੀ ਥਾਂਹ ਉਹਨੂੰ ਅੱਧਪੜ ਕਹਿ ਸਕਦੇ ਹਾਂ ਕਿਉਂ ਕਿ ਉਹ ਦੂਜੀ ਤੀਜੀ ਜਮਾਤ ਤੱਕ ਹੀ ਸਕੂਲੇ ਗਈ ਸੀ।ਕਈ ਸਦਮਿਆਂ ਮਾਰੀ ਵਿਚਾਰੀ ਇਸ ਭੈਣ ਨੂੰ ਹੋਰ ਕਈ ਤਰਾਂ ਦੀਆਂ ਪ੍ਰਵਾਰਕ ਮੁਸੀਬਤਾਂ ਨੇ ਬਹੁਤ ਦੁਖੀ ਕਰੀ ਰੱਖਿਆ ਪਰ ਉਹਨੇ ਆਪਣਾ ਹੱਸਮੁਖ ਸੁਭਾਅ ਨਹੀਂ ਤਿਆਗਿਆ!

ਕੱਲ੍ਹ ਪਰਸੋਂ ਮੈਨੂੰ ਉਹਨੇ ਫੋਨ 'ਤੇ ਪੁੱਛਿਆ ਅਖੇ ਵੀਰਿਆ ਅੱਜ ਕੀ ਕਰਦਾਂ ਐਂ?

ਮੈਖਿਆ ਪਿੰਨੀਆਂ ਬਣਾਉਣ ਲੱਗੇ ਆਂ !

ਮੇਰੀ ਗੱਲ ਸੁਣ ਕੇ ਉਹ ਬੋਲੀ-

'ਵੇ ਭਰਾਵਾ, ਮੈਨੂੰ ਤਾਂ ਆਹ ਫੇਸ ਫੂਸ-ਬੁੱਕਾਂ ਦਾ ਕੋਈ ਪਤਾ ਨੀ ਇਹ ਕਿਆ ਹੁੰਨੀਆਂ..... ਪਰ ਮੈਨੂੰ ਮੇਰੀਆਂ ਸਹੇਲੀਆਂ ਵੀ ਦੱਸਦੀਆਂ ਰਹਿੰਦੀਆਂ ਤੇ ਸਾਡੇ ਨਿਆਣੇ ਵੀ ਦੱਸਦੇ ਹੁੰਦੇ ਆ ਕਿ ਮਾਮਾ ਜੀ ਬਹੁਤ ਖੋਜਾ-ਖਾਜੀ ਕਰਕੇ ਲਿਖਦੇ ਰਹਿੰਦੇ ਆ.....ਨਾਲ਼ੇ ਕਹਿੰਦੇ ਤੂੰ 'ਖਬਾਰਾਂ 'ਚ ਵੀ ਲੇਖ-ਲੂਖ ਲਿਖਦਾ ਈ ਰਹਿਨਾਂ ਐਂ! ਇਸ ਕਰਕੇ ਪਿੰਨੀਆਂ 'ਚ ਚਾਰੇ ਮਗਜ਼ ਤੇ ਬਦਾਮ ਕਾਜੂ ਦੱਬ ਕੇ ਪਾ ਲਿਉ ਭਰਾਵਾ, ਦਿਮਾਗ ਨੂੰ 'ਤਰੌਤ ਮਿ਼ਲਦੀ ਰਹੂ !!!'

ਭਾਵੁਕ ਹੁੰਦਿਆਂ ਮੈਂ ਭੈਣ ਨੂੰ ਕਿਹਾ ਕਿ ਤੂੰ ਕਦ ਆਵੇਂ ਗੀ ਮਗਜ ਬਦਾਮਾਂ ਵਾ਼ਲੀਆਂ ਪਿੰਨੀਆਂ ਛਕਣ ਵਾਸਤੇ?

ਉਹਦਾ ਜਵਾਬ ਸੁਣ ਕੇ ਮੈਂ ਹੋਰ ਦ੍ਰਵਿਆ ਗਿਆ ! ਕਹਿੰਦੀ- "ਜਦ ਮੇਰੇ ਅੰਮਾਂ ਜਾਏ ਭਰਾ ਨੇ ਪਿੰਨੀਆਂ ਖਾ ਲਈਆਂ ਤਾਂ ਸਮਝੋ ਭੈਣ ਨੇ ਵੀ ਖਾ ਲਈਆਂ ਭਰਾਵਾ ! ਜੁੱਗ ਜੁੱਗ ਜੀਉਂਦੇ ਵਸਦੇ ਰਹਿਣ ਸਾਨੂੰ ਭੈਣਾ ਨੂੰ ਪੇਕੀਂ ਆਉਣ ਦਾ ਸੱਦਾ ਦੇਣ ਵਾ਼ਲੇ ਸਾਡੇ ਲਾਡਲੇ ਭਰਾ !"

'ਭੈਣਾ ਵਰਗਾ ਸਾਕ ਨਾ ਕੋਈ.......!'

– ਤਰਲੋਚਨ ਸਿੰਘ 'ਦੁਪਾਲ ਪੁਰ'
78146-92724

# ਪੰਜਾਬੀ ਲੋਕ ਵਿਰਾਸਤ ਫਾਊਂਡੇਸ਼ਨ ਵਲੋਂ ਮਾਹਿਲਪੁਰ 'ਚ ਸਭਿਆਚਾਰਕ ਮੇਲਾ 28, 29 ਨੂੰ



**ਮਾਹਿਲਪੁਰ 31 ਜਨਵਰੀ–** ਪੰਜਾਬੀ ਲੋਕ ਵਿਰਾਸ਼ਤ ਫ਼ਾਊਡੇਸ਼ਨ ਮਾਹਿਲਪੁਰ ਦੀ ਇੱਕ ਵਿਸ਼ੇਸ ਮੀਟਿੰਗ ਫ਼ਾਊਡੇਸ਼ਨ ਦੇ ਪ੍ਰਧਾਨ ਕ੍ਰਿਸ਼ਨਜੀਤ ਰਾਓ ਦੀ ਅਗਵਾਈ ਹੇਠ ਅੱਜ ਹੋਈ ਜਿਸ ਵਿਚ ਪ੍ਰਵਾਸੀ ਭਾਰਤੀ ਲੇਖ਼ਕ ਅਤੇ ਕਾਲਮ ਨਵੀਸ ਐਸ ਅਸ਼ੋਕ ਭੌਰਾ ਹਾਜ਼ਰ ਹੋਏ ਗੀਤਕਾਰ ਗੁਰਮਿੰਦਰ ਕੈਂਡੋਵਾਲ, ਬਾਲ ਲੇਖ਼ਕ ਬਲਜਿੰਦਰ ਮਾਨ ਉਚੇਚੇ ਤੌਰ 'ਤੇ ਹਾਜ਼ਰ ਹੋਏ। ਇਸ ਮੀਟਿੰਗ ਵਿਚ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ 28 ਅਤੇ 29 ਜਨਵਰੀ ਨੂੰ ਮਾਹਿਲਪੁਰ ਵਿਖੇ ਦੋ ਦਿਨਾ ਸਭਿਆਚਾਰਕ ਮੇਲਾ ਕਰਵਾਇਆ ਜਾਵੇਗਾ ਜਿਸ ਵਿਚ ਪੰਜਾਬ ਸਮੇਤ ਦੇਸ਼ਾਂ ਵਿਦੇਸ਼ਾਂ ਦੇ ਕਲਾਕਾਰ ਇਸ ਮੇਲੇ ਵਿਚ ਹਾਜਰੀ ਲਗਵਾਉਣਗੇ । ਇਸ ਮੇਲੇ ਦਾ ਮੁੱਖ਼ ਉਦੇਸ਼ ਜਿੱਥੇ ਪੰਜਾਬੀਆਂ ਨੂੰ ਉੱਚ ਪਾਏ ਦਾ ਮਨੋਰੰਜਨ ਦੇਣਾ ਹੈ ਉੱਥੇ ਇੰਟਰਨੈਟ ਅਤੇ ਹੋਰ ਕੁਰੀਤੀਆਂ ਵਿਚ ਨਿਘਰਦੀ ਜਾ ਰਹੀ ਜਵਾਨੀ ਨੂੰ ਬਚਾਉਣਾ ਹੈ।

ਅੱਜ ਮਾਹਿਲਪੁਰ ਵਿਖ਼ੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਅਸ਼ੋਕ ਭੌਰਾ, ਬਲਜਿੰਦਰ ਮਾਨ, ਰਾਓ ਕੈਂਡੋਵਾਲ ਨੇ ਦੱਸਿਆ ਕਿ 28 ਜਨਵਰੀ ਨੂੰ ਪ੍ਰਵਾਸੀ ਭਾਰਤੀ ਨਾਜਰ ਸਿੰਘ ਸਹੋਤਾ ਦੀ ਅਗਵਾਈ ਹੇਠ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ ਅਤੇ ਨਾਲ ਹੀ ਪੰਜਾਬੀ ਵਿਰਾਸਤੀ ਪ੍ਰੋਗਰਾਮ ਪੇਸ਼ ਹੋਵੇਗਾ ਅਤੇ 29 ਜਨਵਰੀ ਨੂੰ ਸਭਿਆਚਾਰਕ ਪ੍ਰੋਗਰਾਮ ਕਰਵਾਇਆ ਜਾਵੇਗਾ ਜਿਸ ਵਿਚ ਪੰਜਾਬ ਸਮੇਤ ਦੇਸ਼ ਵਿਦੇਸ਼ ਦੇ ਮਸ਼ਹੂਰ ਕਲਾਕਾਰ ਆਪਣੀਆਂ ਕਲਾਕਾਰੀਆਂ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨਗੇ । ਉਨ੍ਹਾਂ ਕਿਹਾ ਕਿ ਮਾਹਿਲਪੁਰ ਨੂੰ ਮੁੜ ਤੋਂ ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਬਣਾਉਣ ਲਈ ਦੇਸ਼ ਦੇ ਪ੍ਰਸਿੱਧ ਗਾਇਕ, ਕਲਾਕਾਰ, ਲੋਕ ਨਾਚ, ਲੋਕ ਸਾਜ ਅਤੇ ਵਿਰਾਸਤੀ ਵੰਨਗੀਆਂ ਪੇਸ਼ ਕਰਨ ਲਈ ਕਲਾਕਾਰ ਆਉਣਗੇ । ਉਨ੍ਹਾਂ ਦੱਸਿਆ ਕਿ ਉਨ੍ਹਾਂ ਆਪਣੇ ਵਿਦੇਸ਼ੀ ਦੌਰੇ ਦੌਰਾਨ ਉਨ੍ਹਾਂ ਨੂੰ ਬਹੁਤ ਸਾਰੇ ਮਾਹਿਲਪੁਰ ਦੇ ਇਲਾਕੇ ਨਾਲ ਸਬੰਧਤ ਪ੍ਰਵਾਸੀ ਭਾਰਤੀਆਂ ਨੇ ਸੱਭਿਆਚਾਰਕ ਮੇਲਾ ਕਰਵਾਉਣ ਦੀ ਇੱਛਾ ਪ੍ਰਗਟ ਕੀਤੀ ਅਤੇ ਉਨ੍ਹਾਂ ਦੀ ਸਹਾਇਤਾ ਨਾਲ ਹੀ ਇਹ ਦੋ ਦਿਨਾ ਮੇਲਾ ਕਰਵਾਇਆ ਜਾ ਰਿਹਾ ਹੈ । ਉਨ੍ਹਾਂ ਦੱਸਿਆ ਇਸ ਮੌਕੇ ਚਰਨਜੀਤ ਸਿੰਘ ਚੰਨੀ, ਅਰਵਿੰਦਰ ਸਿੰਘ ਹਵੇਲੀ, ਤਲਵਿੰਦਰ ਸਿੰਘ ਹੀਰ, ਦੀਪਕ ਸ਼ਰਮਾ, ਰਵਿੰਦਰ ਸਿੰਘ, ਸਤਵੰਤ ਸਿੰਘ ਸਿਆਣ, ਹਰੀ ਸਿੰਘ ਜਸਪਾਲ, ਹਰਪ੍ਰੀਤ ਕੌਰ ਮਾਨ, ਪੰਮੀ ਖ਼ੁਸ਼ਹਾਲਪੁਰੀ, ਸੰਦੀਪ ਕੈਂਡੋਵਾਲ, ਸੁਰਜੀਤ ਸਿੰਘ, ਅਮਨਦੀਪ ਸਿੰਘ ਕੈਂਡੋਵਾਲ ਸਮੇਤ ਵੱਡੀ ਗਿਣਤੀ ਵਿਚ ਸੰਗੀਤ ਜਗਤ ਦੀਆਂ ਹਸਤੀਆਂ ਅਤੇ ਸਭਿਆਚਾਰਕ ਪ੍ਰੇਮੀ ਵੀ ਹਾਜ਼ਰ ਸਨ।

# 'ਖ਼ੋਜੀ ਲੇਖਕ 'ਰੂਪ ਲਾਲ ਰੂਪ'



ਜਲੰਧਰ ਜ਼ਿਲ੍ਹੇ ਦੇ ਪਿੰਡ 'ਭੇਲਾਂ' ਵਿੱਚ,
ਹੋਇਆ ਖ਼ੋਜੀ ਲੇਖਕ 'ਰੂਪ ਲਾਲ' ਯਾਰੋ।

ਜਿਸਨੇ 'ਗੁਰੂ ਰਵਿਦਾਸ' ਜੀ ਉਤੇ 'ਖੋਜ' ਕੀਤੀ,
ਘੁੰਮਿਆਂ ਪੂਰਾ ਦੇਸ਼ ਲਾਕੇ 'ਦੋ ਸਾਲ' ਯਾਰੋ।

'ਗੁਰੂ ਰਵਿਦਾਸ ਪਰਗਾਸ' ਲਿਖਕੇ ਕਿਤਾਬ ਵੱਡੀ,
ਨਵੀਂ 'ਖੋਜ' ਕੀਤੀ ਕਾਇਮ ਮਿਸਾਲ ਯਾਰੋ।

ਗੁਰੂ 'ਰਵਿਦਾਸ' ਦੇ 'ਵਾਰਸ' ਅਖਵਾਉਣ ਵਾਲਿਆਂ ਨੂੰ,
ਸਭ ਨੂੰ ਪੜ੍ਹਨੀ ਚਾਹੀਦੀ 'ਰੀਝ' ਨਾਲ ਯਾਰੋ।

ਅਸਮਰੱਥ ਲੋਕ ਪੜ੍ਹਨ 'ਸਿੱਖ ਕੱਲਬ' ਨੈੱਟ ਉਤੇ,
ਸਮਰੱਥ ਲੋਕ ਖ਼ਰੀਦਣ ਲਈ ਹੋਣ ਦਿਆਲ ਯਾਰੋ।

'ਮੇਜਰ' ਇਤਿਹਾਸ ਵਿੱਚ ਰਲਾਇਆ 'ਮਿਥਿਹਾਸ' ਭਾਰੀ,
ਤੁਸੀਂ ਸਮਝਣ ਦੀ ਕਰ ਦਿਉ ਕਮਾਲ ਯਾਰੋ।

ਮੇਜਰ ਸਿੰਘ 'ਬੁਢਲਾਡਾ'
91-94176 42327

# ਗੁਰਮੁਖੀ ਅੱਖਰਾਂ ਦਾ ਪਿਛੋਕੜ ਅਤੇ ਅਜੋਕੀ ਗੁਰਮੁਖੀ

ਗੁਰਮੁਖੀ ਨਾਲ ਮਿਲਦੇ ਜੁਲਦੇ ਅੱਖਰ ਪੰਜ ਹਜ਼ਾਰ ਵਰ੍ਹਿਆਂ ਤੋਂ ਮਿਲਦੇ ਹਨ।ਪੰਜਾਬ ਵਿੱਚ ਵਰਤੇ ਗਏ ਅੱਖਰ ਕਈ ਭਾਂਤ ਦੇ ਉਪਲੱਬਧ ਹਨ। ਸੱਭ ਤੋਂ ਪੁਰਾਣੇ ਅੱਖਰ ਹੜੱਪਾ ਅਤੇ ਮੋਇੰਜੋਦੜੋ ਦੇ ਹਨ, ਜਿਹੜੇ ਕਿ ਅਜੇ ਤੱਕ ਪੜੇ ਨਹੀ ਗਏ।ਦੂਜੇ ਪੁਰਾਣੇ ਅੱਖਰ ਖਰੋਟੀ ਜਾਂ ਖਰੋਸ਼ਟੀ ਦੇ ਹਨ।ਤੀਜੇ ਗ੍ਰੀਕ ਸਿੱਕਿਆਂ ਅਤੇ ਉਦੰਬਰ ਰਾਜਿਆਂ ਦੇ ਸਿੱਕਿਆਂ ਤੋਂ ਅੱਖਰ ਮਿਲੇ ਹਨ। ਇਸ ਤੋਂ ਇਲਾਵਾ ਅਸ਼ੋਕ ਮਹਾਨ ਦੇ ਅੱਖਰ, ਸ਼ਾਹਬਾਜਗੜੀ, ਟੈਕਸਲਾ ਤੋਂ ਮਿਲੇ ਸਿੱਕਿਆ ਤੋਂ ਮਿਲੇ ਅੱਖਰ, ਟਾਕਰੀ ਅੱਖਰ, ਸਾਹਸੀ ਰਾਜਿਆ ਦੇ ਅੱਖਰ, ਭੱਟੀਆਂ ਦੇ ਭੱਠਛਰ ਜਾਂ ਅਲਬਰੂਨੀ ਦੇ ਅਨੁਸਾਰ ਅਰਧ ਨਾਕਰੀ, ਹਰਸ਼ਵਰਧਨ ਦੇ ਅੱਖਰ, ਮਹਿਮੂਦ ਬਾਦਸ਼ਾਹ ਵੇ.ਲੇ ਕੂਫੀ ਅੱਖਰ ਆਏ, ਲੰਡੇ ਅੱਖਰ, ਅੰਗਰੇਜ਼ਾ ਵੇ.ਲੇ ਰੋਮਨ ਅੱਖਰ ਆਏ, ਅਜੋਕੀ ਦੇਵਨਾਗਰੀ ਹਿੰਦੂ ਧਰਮ ਪ੍ਰਚਾਰਕ ਲੈ ਕੇ ਆਏ, ਸੋ ਇਸ ਤਰ੍ਹਾਂ ਪੰਜਾਬ ਵਿੱਚ ਵੱਖ-ਵੱਖ ਸਮਿਆਂ ਵਿੱਚ ਵੱਖ-ਵੱਖ ਅੱਖਰ ਪ੍ਰਚੱਲਿਤ ਹੋਏ। ਇਸ ਤੋਂ ਇਲਾਵਾ ਯੋਗੀਆਂ ਦੀ ਸਿੱਧ ਮਾਤਰਕਾ ਲਿੱਪੀ ਵੀ ਚਲਦੀ ਰਹੀ।

ਉਪਰੋਕਤ ਕਈ ਅੱਖਰਾਂ ਦੇ Sign Value ਦੇ ਹਿਸਾਬ ਨਾਲ ਪੰਜਾਬੀ ਜਾਂ ਗੁਰਮੁਖੀ ਦੇ ਅੱਖਰਾਂ ਦੀ Sign Value ਨਾਲੋਂ ਵੱਖਰੀ ਹੈ। ਕਈ ਅੱਖਰਾਂ ਦੀ Sign Value ਪੰਜਾਬੀ ਦੇ ਅੱਖਰਾਂ ਨਾਲੋਂ ਵੱਧ ਹੈ ਅਤੇ ਗੁਰਮੁਖੀ ਨਾਲੋਂ ਵੱਖਰੀ ਹੈ। ਇਸ ਤਰ੍ਹਾਂ ਜੇਕਰ ਗੁਰਮੁਖੀ ਤੋਂ ਇਲਾਵਾ ਕਿਸੇ ਹੋਰ ਲਿੱਪੀ ਵਿੱਚ ਗੁਰਬਾਣੀ ਲਿਖੀ ਜਾਵੇ ਤਾਂ ਉਸ ਦਾ ਉਚਾਰਣ ਠੀਕ ਨਹੀ ਹੋਵੇਗਾ ਅਤੇ ਗੁਰਬਾਣੀ ਅਟਕਲ ਪੱਚੂ ਪੜ੍ਹੀ ਜਾਵੇਗੀ। ਗੁਰਬਾਣੀ ਵਿੱਚ ਕੁੱਝ ਵੱਖਰੀਆਂ ਧੁਨੀਆਂ ਵੀ ਮਿਲਦੀਆਂ ਹਨ ਜਿਵੇਂ ਅਯੋਗਵਾ (:), ਅੱਖਰ ਦੇ ਪੈਰੀ ਪੁੱਠਾ 'ਹ' ( )। ਕਿਸੇ ਅੱਖਰ ਦੇ ਪੈਰੀ ਅੱਖਰ ਪਾਉਣ ਦਾ ਰਿਵਾਜ਼ ਪੁਰਾਣੀ ਟਾਕਰੀ ਲਿੱਪੀ ਵਿੱਚ ਪ੍ਰਚੱਲਿਤ ਸੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਅੱਧਕ (ੱ) ਦਾ ਪ੍ਰਯੋਗ ਨਹੀ ਕੀਤਾ ਗਿਆ। ਅੱਧਕ ਦੀ ਵਰਤੋਂ ਸਿੰਘ ਸਭਾ ਵੇ.ਲੇ ਪ੍ਰਚੱਲਿਤ ਹੋਈ। 'ਸ਼', '.ਖ', 'ਗ਼', 'ਜ਼', '.ਫ' ਆਦਿ ਪੰਜ ਅੱਖਰ ਵੀ ਉਸੇ ਵੇ.ਲੇ Adjust ਕੀਤੇ ਗਏ। 'ਲ਼' ਅੱਖਰ 1973 ਵਿੱਚ ਪੰਜਾਬ ਦੇ ਅੱਜ ਦੇ ਭਾਸ਼ਾ ਵਿਭਾਗ ਨੇ ਮੰਨਜ਼ੂਰ ਕੀਤਾ। ਇੰਝ ਉਕਤ ਛੇ ਅੱਖਰ ਗੁਰਬਾਣੀ ਵਿੱਚ ਵਰਣਨ ਅੱਖਰਾਂ ਤੋਂ ਪਿੱਛੋਂ ਗੁਰਮੁਖੀ ਵਿੱਚ ਦਾਖ.ਲ ਕੀਤੇ ਗਏ। ਪਹਿਲੇ ਪੰਜ ਅੱਖਰ (ਸ਼, .ਖ, ਗ਼, ਜ਼ ਅਤੇ .ਫ) ਅਸੀਂ ਕੂਫੀ ਲਿੱਪੀ ਤੋਂ ਲਏ ਹਨ ਕਿਉਂਕਿ ਮਹਿਮੂਦ ਬਾਦਸ਼ਾਹ ਵੇ.ਲੇ ਕੂਫੀ ਲਿੱਪੀ ਪੰਜਾਬ ਦੀ ਅਧਿਕਾਰਕ ਤੌਰ ਤੇ ਵਰਤੀ ਜਾਣ ਲੱਗੀ ਅਤੇ ਫਾਰਸੀ ਸਰਕਾਰੀ ਬੋਲੀ ਹੋਣ ਕਰਕੇ ਮਜ਼ਬੂਰੀ ਵਸਲੋਕਾਂ ਨੂੰ ਪੜ੍ਹਨੀ ਪਈ। ਮਹਾਰਾਜਾ ਰਣਜੀਤ ਸਿੰਘ ਜਿਹੜਾ ਪ੍ਰਭੂਸੱਤਾ ਸੰਪਨ ਸੀ ਉਸ ਵੇ.ਲੇ ਵੀ ਸਰਕਾਰੀ ਬੋਲੀ ਫਾਰਸੀ ਰੱਖੀ ਅਤੇ ਲਿੱਪੀ ਕੂਫੀ ਹੀ ਲਾਗੂ ਕਰੀ ਰੱਖੀ। ਉਪਰੋਕਤ ਪੰਜ ਧੁਨੀਆਂ ਪੰਜਾਬ ਦੇ ਲੋਕ ਬੋਲਦੇ ਨਹੀ ਸਨ ਅਤੇ ਨਾ ਹੀ ਹੁਣ ਬੋਲਦੇ ਹਨ। ਇਹ ਪੰਜ ਧੁਨੀਆਂ ਸੈਮਟਿਕ ਮੂ.ਲ ਦੀਆਂ ਹਨ ਇਹ ਪੰਜ ਧੁਨੀਆਂ ਪੰਜਾਬ ਮੂਲ ਦੀਆਂ ਨਹੀ ਹਨ। ਪੰਜਾਬ ਵਿੱਚ ਫਾਰਸੀ ਬੋਲੀ ਨੂੰ ਕੂਫੀ ਲਿੱਪੀ ਵਿੱਚ ਅਪਨਾਉਣ ਕਰਕੇ ਉਕਤ ਪੰਜ ਧੁਨੀਆਂ ਨੂੰ ਵੀ ਪੰਜਾਬੀ ਨੇ ਵੀ ਅਪਨਾ ਲਈਆਂ। ਇਸ ਪਿੱਛੋ ਅੰਗਰੇਜ਼ਾ ਨੇਉਰਦੂ ਸਰਕਾਰੀ ਬੋਲੀ ਲਾਗੂ ਕਰੀ ਰੱਖੀ।ਬਾਕੀ ਸਿੱਖ ਰਾਜੇ ਅੰਗਰੇਜ਼ਾ ਦੀ ਟ੍ਰਿਬਿਊਟਰੀ ਸਨ। ਉਨ੍ਹਾਂ ਨੇ ਵੀ ਸਰਕਾਰੀ ਬੋਲੀ ਫਾਰਸੀ ਜਾਂ ਅੰਗਰੇਜ਼ੀ ਹੀ ਲਾਗੂ ਕਰੀ ਰੱਖੀ।ਪਰ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾਂ ਜੀ ਨੇ ਵੀ 1912 ਵਿੱਚ ਸਰਕਾਰੀ ਬੋਲੀ ਪੰਜਾਬੀ ਐਲਾਨੀ ਪਰ ਸ਼ਬਦਾਵਲੀ (Vocabulary) ਪੱਖੋਂ ਪੰਜਾਬੀ ਮੂ.ਲਦੇ ਸ਼ਬਦ ਬਹੁਤ ਘੱਟ ਘੜੇ ਹੋਣ ਕਰਕੇ ਅਰਬੀ, ਫਾਰਸੀ ਅਤੇ ਤੁਰਕੀ ਦੀ ਸ਼ਬਦਾਵਲੀ (Vocabulary) ਨਾਲ ਹੀ ਕੰਮ ਚਲਾਇਆ। ਜੇਕਰ ਸਿੱਖ ਰਾਜਿਆ ਨੇ ਗੁਰਬਾਣੀ ਅਤੇ ਪੰਜਾਬੀ ਦੇ ਪ੍ਰਚਾਰ ਵੱਲ ਧਿਆਨ ਦਿੱਤਾ ਹੁੰਦਾ ਤਾਂ ਲੋਕ ਸਿੱਖੀ ਨੂੰ ਛੱਡ ਕੇ ਦੂਜੇ ਭਾਈਚਾਰੇ ਪੰਜਾਬੀ ਅਤੇ ਗੁਰਮੁੱਖੀ ਤੋਂ ਦੂਰ ਨਾ ਜਾਂਦੇ ਅਤੇ ਨਾ ਹੀ ਗੁਰਮੁਖੀ ਵਰਤਣ ਵਿੱਚ ਕਿਸੇ ਤਰ੍ਹਾਂ ਦੀ ਢੁੱਚਰ ਡਾਹੁੰਦੇ। ਉਰਦੂ ਮਾਧਿਅਮ ਪੰਜਾਬ ਵਿੱਚ 1948 ਤੱਕ ਜਾਰੀ ਰਿਹਾ। ਇਸ ਪਿੱਛੋਂ ਪੰਜਾਬ ਵਿੱਚ ਅਧਿਕਾਰਕ ਤੌਰ ਤੇ ਪੰਜਾਬੀ ਅਤੇ ਹਿੰਦੀ ਮਾਧਿਅਮ ਸਵੀਕਾਰ ਕੀਤੇ ਗਏ। ਪਾਕਿਸਤਾਨ ਪੰਜਾਬ ਵਿੱਚ ਹੁਣ ਵੀ ਉਰਦੂ ਮੀਡੀਅਮ ਹੈ। ਪਾਕਿਸਤਾਨੀ ਪੰਜਾਬ ਦੀ ਸਰਕਾਰੀ ਬੋਲੀ ਉਰਦੂ ਹੈ। ਜੇ ਕੋਈ ਟਾਵਾਂ ਪੰਜਾਬੀ ਵਿੱਚ ਲਿਖਦਾ ਹੈ ਤਾਂ ਉਹ ਗੁਰਮੁਖੀ ਲਿੱਪੀ ਦੀ ਵਰਤੋਂ ਨਹੀ ਕਰਦਾ ਹੈ, ਜਿਹੜੀ ਲਿੱਪੀ ਦੀ ਉਹ ਵਰਤੋਂ ਕਰਦੇ ਹਨ ਉਸ ਨੂੰ ਸ਼ਾਹਮੁੱਖੀ ਕਹੀ ਜਾ ਰਹੇ ਹਨ ਅਤੇ ਬਹਾਨਾ ਲਉਂਦੇ ਹਨ ਕਿ ਸਿੱਖਾਂ ਨੇ ਸਾਨੂੰ ਪੰਜਾਬੀ ਤੋਂ ਦੂਰ ਕੀਤਾ ਹੈ। ਜਦੋਂ ਉਹ ਅੰਗਰੇਜ਼ੀ ਰੋਮਨ ਵਿੱਚ ਲਿਖਦੇ ਹਨ ਤਾਂ ਫਿਰ ਨ੍ਹੀ ਉਹ ਕਹਿੰਦੇ ਕਿ ਅੰਗਰੇਜ਼ਾਂ ਦੀ ਲਿੱਪੀ ਹੈ।

John Beam ਨੇ ਆਪਣੀ ਕਿਤਾਬ 'Modern ayrian Comparative grammar ਵਿੱਚ ਜੇਮਜ਼ ਪ੍ਰਿੰਸੇਪ ਦਾ ਵਰਣਨ ਕੀਤਾ ਹੈ ਕਿ ਗੁਰਮੁਖੀ ਦੇ ਕਈ ਅੱਖਰ ਅਸ਼ੋਕ ਦੀ ਲਿੱਪੀ ਨਾਲ ਮਿਲਦੇ ਹਨ ਅਤੇ ਕਈ ਅੱਖਰ ਉਸ ਤੋਂ ਵੀ ਪੁਰਾਣੇ ਹਨ। ਗੌਰੀ ਸ਼ੰਕਰ ਓਝਾ ਦੀ ਕਿਤਾਬ ਭਾਰਤੀ ਲਿੱਪੀ ਮਾਲਾ ਵਿੱਚ ਅਸ਼ੋਕ ਦੀ ਲਿੱਪੀ ਨੂੰ ਬ੍ਰਹਮੀ ਲਿੱਪੀ ਕਹਿੰਦਾ ਹੈ, ਦੇਖੋ ਉਕਤ ਕਿਤਾਬ ਦੀ ਭੂਮਿਕਾ ਵਿੱਚ ਅਤੇ ਭਾਰਤੀ ਲਿੱਪੀ ਮਾ.ਲਾ ਦੇ ਆਖਰੀ ਸਫਿਆਂ ਤੇ ਵਰਣਨ ਕੀਤਾ ਹੈ ਕਿ ਜਿਸ ਵਿੱਚ ਗੁਰਮੁਖੀ ਦੇ 'ੜ' ਅੱਖਰ ਦਾ ਕੋਈ ਵਰਣਨ ਨਹੀ ਹੈ ਅਤੇ ਉਹ ਇਸ ਧੁਨੀ ਨੂੰ ਰਿਰੀ ਹੀ ਸਮਝੀ ਜਾਂਦਾ ਹੈ। ਇੱਕ ਵਰਕੇ ਉੱਤੇ ਟਾਕਰੀ ਲਿੱਪੀ ਦਾ ਵਰਣਨ ਕਰਦਾ ਹੈ ਕਿ 'ਵ' ਦੀ ਸ਼ਕਲ ਗੁਰਮੁਖੀ ਦੇ 'ਵ'' ਵਰਗੀ ਹੈ। 16ਵੀਂ ਸਦੀ ਦੇ ਕੁੱਲੂ ਦੇ ਰਾਜੇ ਬਹਾਦਾਰ ਸਿੰਘ ਦੀ ਲਿੱਪੀ ਦੀ ਫੋਟੋ ਕਾਪੀ ਵੀ ਦਿੱਤੀ ਹੈ ਜਿਹੜੀ ਕਿ ਟਾਕਰੀ ਲਿੱਪੀ ਵਿੱਚ ਹੈ ਅਤੇ ਉਸਦੀ ਸ਼ਕਲ ਗੁਰਮੁਖੀ ਦੇ 'ਧ' ਵਰਗੀ ਹੈ ਇਸ ਤੋਂ ਸਾਬਤ ਹੁੰਦਾ ਹੈ ਕਿ ਇਸ ਤੋਂ ਪਤਾ ਲਗਦਾ ਹੈ ਕਿ ਉਹਨਾਂ ਨੂੰ ਪੰਜਾਬ ਦੀਆਂ ਲਿੱਪੀਆਂ ਦੀ ਜਾਣਕ-ਾਰੀ ਨਹੀ ਸੀ ਕਿਉਂਕਿ 16ਵੀਂ ਸਦੀ ਪਿੱਛੋਂ ਗੁਰਮੁਖੀ ਵਿੱਚੋਂ ਨਕ.ਲ ਕੀਤੀ ਗਈ ਹੈ। ਇਹ ਵੀ ਦੱਸਦਾ ਹੈ ਕਿ ਉੱਤਰ ਤੋਂ ਲੈ ਕੇ ਦੱਖਣ ਤੱਕ ਸਾਰੀਆਂ ਲਿੱਪੀਆਂ ਅਸ਼ੋਕ ਦੀ ਲਿੱਪੀ ਵਿੱਚੋਂ ਹੀ ਨਿਕ.ਲੀਆਂ ਹਨ। ਸਾਨੂੰ ਟਾਕਰੀ ਦੇ ਨਮੂਨੇ ਦੂਜੀ ਸਦੀ BC ਦੇ ਕੁਸ਼ਾਨ, ਉਦੰਬਰ ਅਤੇ ਕੁਨਿੰਦਿਆਂ ਦੇ ਸਿੱਕਿਆ ਤੋਂ ਮਿਲਦੇ ਹਨ। ਉਂਜ ਵਿਕੀਪੀਡੀਆ ਅਨੁਸਾਰ ਉਦੰਬਰਾਂ ਦਾ ਵਰਣਨ ਪੰਜਵੀ ਸਦੀ BC ਤੋਂ ਚੌਥੀ ਸਦੀ AD ਤੱਕ ਦੱਸਦੇ ਹਨ।ਇਹਨਾਂ ਨੇ ਖਰੋਸ਼ਟੀ ਜਾਂ ਖਰੋਟੀ ਅਤੇ ਟਾਕਰੀ ਲਿੱਪੀ ਨੂੰ ਆਪਣੇ ਸਿੱਕਿਆ ਤੇ ਵਰਤਿਆ।ਸਿੱਕਿਆ ਦੇ ਇੱਕ ਪਾਸੇ ਖਰੋਟੀ ਅਤੇ ਦੂਜੇ ਪਾਸੇ ਟਾਕਰੀ ਲਿੱਪੀ ਵਰਤੀ।ਆਰਕਿਆਲੋਜੀ ਵਾਲੇ ਟਾਕਰੀ ਲਿੱਪੀ ਨੂੰ ਬ੍ਰਹਮੀ ਲਿੱਪੀ ਹੀ ਦੱਸੀ ਜਾ ਰਹੇ ਹਨ।ਇੱਥੋਂ ਪਤਾ ਲੱਗਦਾ ਹੈ ਕਿ ਉਹ ਬ੍ਰਹਮੀ ਕਰਨ ਦੇ ਪਾਖੂ ਬਣੇ ਹੋਏ ਹਨ ਅਤੇ ਸੱਚ ਨੂੰ ਅੱਖੋਂ ਪਰੋਖੇ ਕਰ ਰਹੇ ਹਨ।


ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਦੇ ਪੰਨਾ ਨੰਬਰ 418 ਤੇ ਲਿਖਿਆ ਹੈ ਕਿ ਗੁਰਮੁਖੀ ਵਰਣਮਾ.ਲਾ ਸ਼ਾਰਦਾ ਅਤੇ ਟਾਕਰੀ ਵਿੱਚੋਂ ਨਿਕਲੀ ਹੈ, ਇੰਜ ਉਹਨਾਂ ਦੇ ਅੱਖਰਾਂ ਸਬੰਧੀ ਜਾਣਕਾਰੀ ਦਾ ਪਤਾ ਲਗਦਾ ਹੈ ਕਿ ਉਹ Epigraphy ਤੋਂ ਅਣਜਾਣ ਸਨ। ਜੇ ਅਸੀਂ ਸ਼ਾਰਦਾ ਲਿੱਪੀ ਦੀ ਗੱਲ ਕਰੀਏ ਤਾਂ ਸ਼ਾਰਦਾ ਲਿੱਪੀ ਦੇ ਸਿਰਫ ਅੱਠ ਅੱਖਰ ਹੀ ਗੁਰਮੁਖੀ ਨਾਲ ਮੇ.ਲ ਖਾਂਦੇ ਹਨ ਅਤੇ ਜਦਕਿ ਟਾਕਰੀ ਲਿੱਪੀ ਦੇ ਅਠਾਈ ਅੱਖਰ ਗੁਰਮੁਖੀ ਨਾਲ ਮੇ.ਲ ਖਾਂਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਉਹਨਾਂ ਨੇ ਇਹ ਸੁਣ ਸੁਣਾ ਕੇ ਜਾਂ ਕਿਸੇ ਲਿਖਾਰੀ ਤੋਂ ਪ੍ਰਭਾਵਿਤ ਹੋ ਕੇ ਇਹ ਲਿਖ ਦਿੱਤਾ ਹੈ ਕਿ ਇਹ ਲਿੱਪੀ ਸ਼ਾਰਦਾ ਲਿੱਪੀ ਵਿੱਚੋਂ ਨਿਕਲੀ ਹੈ। ਇੱਕ ਅੱਖਰ ਉਹਨਾਂ ਨੇ ਖਰਵੇ ਸ਼ ਨੂੰ ਪ੍ਰਗਟ ਕਰਨ ਲਈ ਕਲਪਿਆ ਜਦਕਿ ਗੁਰਮੁਖੀ ਵਿੱਚ ਨਾ ਤਾਂ ਤਾਲਵੀ ਸ਼ ਅਤੇ ਨਾ ਹੀ ਖਰਵਾ ਸ਼ ਹੈ। ਗੁਰੂ ਸਾਹਿਬ ਨੇ ਗੁਰਮੁਖੀ ਅਨੁਸਾਰੀ ਅੱਖਰਾਂ ਨਾਲ ਹੀ ਗੁਰਬਾਣੀ ਰਚੀ ਹੈ। ਉਹਨਾਂ ਨੇ ਕੂਫੀ ਅੱਖਰਾਂ ਨੂੰ ਗੁਰਮੁਖੀ ਅਨੁਸਾਰੀ ਅੱਖਰਾਂ ਨਾਲ ਹੀ ਵਰਤਿਆ। ਕਈ ਸੰਸਕ੍ਰਿਤ ਦੀਆਂ ਅੱਡਰੇਵੀਆਂ ਧੁਨੀਆਂ ਜਿਹੜੀਆਂ ਗੁਰਮੁਖੀ ਨਾਲ ਮੇ.ਲ ਨਹੀ ਖਾਂਦੀਆ ਗੁਰਮੁਖੀ ਵਿੱਚ ਨਹੀ ਵਰਤੀਆਂ।

ਸ. ਜੀ.ਬੀ. ਸਿੰਘ ਨੇ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਨੇ ਇੱਕ ਵੀ ਅੱਖਰ ਦੀ ਰਚਨਾ ਨਹੀ ਕੀਤੀ ਭਾਵ ਇਹ ਅੱਖਰ ਪਹਿਲਾ ਹੀ ਬਣੇ ਹੋਏ ਹਨ। ਸ. ਜੀ.ਬੀ ਸਿੰਘ ਹੋਰਾਂ ਨੇ ਗੋਰੀ ਸ਼ੰਕਰ ਓਜਾ ਦੀ ਨਕਲ ਕੀਤੀ ਲਗਦੀ ਹੈ। ਗੌਰੀ ਸ਼ੰਕਰ ਓਜਾ ਤਾਂ ਪੰਜਾਬ ਮੂਲ ਦੇ ਨਹੀ ਸਨ ਪਰ ਸ. ਜੀ. ਬੀ ਸਿੰਘ ਜੀ ਤਾਂ ਪੰਜਾਬ ਮੂ.ਲ ਦੇ ਸਨ ਜਿਹਨਾਂ ਨੇ ਆਪਣੀ ਕਿਤਾਬ ਵਿੱਚ ਕਈ ਲਿੱਪੀਆਂ ਦਾ ਟਾਕਰਾ ਕੀਤਾ ਹੋਇਆ ਹੈ ਜਿਵੇਂ ਕਿ ਅਸ਼ੋਕਨ ਲਿੱਪੀ, ਖਰੋਟੀ ਲਿੱਪੀ, ਜ਼ੰਦ ਅਵੇਸਤਾਂ ਦੀ ਲਿੱਪੀ, ਟਾਕਰੀ ਲਿੱਪੀ ਅਤੇ ਹਠੂਰ ਤੋਂ ਮਿਲੇ ਸਿਵਿਆਂ ਤੋਂ ਕਿਸੇ ਮਕਾਨ ਦੇ ਡਾਟ ਤੇ ਲਿਖੇ ਹੱਥ ਅੱਖਰ, ਜਿਹਨਾਂ ਨੂੰ ਉਹ ਉਦਾਹਣ ਦੇ ਤੌਰ ਤੇ ਵਰਤਦਾ ਹੈ ਕਿ ਇਹ ਅੱਖਰ ਬਾਬੇ ਨਾਨਕ ਤੋਂ ਪਹਿਲਾ ਦੇ ਹਨ ਉਹਨਾਂ ਨੇ ਇੱਕ ਵੀ ਅੱਖਰ ਨਹੀ ਘੜਿਆ। ਮੈਂ ਵੀ 1985 ਵਿੱਚ ਉੱਥੇ ਜਾ ਕੇ ਦੇਖ ਆਇਆ ਹਾਂ ਕਿ 16 ਅੱਖਰਾਂ ਦਾ ਗੁਰਮੁਖੀ ਨਾਲ ਮੇ.ਲ ਨਹੀ ਹੈ ਅਤੇ ਅੱਠ ਅੱਖਰ ਗਾਇਬ ਹਨ ਅਤੇ ਕਈ ਅੱਖਰਾਂ ਦਾ ਗੁਰਮੁਖੀ ਦੇ ਅੱਖਰਾਂ ਦੀਆਂ ਸ਼ਕਲਾਂ ਨਾਲੋਂ ਫਰਕ ਹੈ। 16 ਅੱਖਰਾਂ ਦਾ ਅੱਡਰੇਂਵਾ ਹੋਣਾ ਦੱਸਦਾ ਹੈ ਕਿ ਉਸਦੀ ਦਲੀ.ਲ ਵਿੱਚ ਵਜ਼ਨ ਨਹੀ ਹੈ ਕਿ ਗੁਰਮੁਖੀ ਅੱਖਰ ਗੁਰੂ ਸਾਹਿਬ ਤੋਂ ਪਹਿਲਾ ਹੀ ਬਣੇ ਹੋਏ ਸਨ।

ਪੰਡਿਤ ਕਰਤਾਰ ਸਿੰਘ ਦਾਖਾ ਆਪਣੀ ਕਿਤਾਬ ਗੁਰਮੁਖੀ ਹਿੰਦੀ ਟਾਕਰਾ ਵਿੱਚ ਗੁਰਮੁਖੀ ਨੂੰ ਗੁਰੂ ਸਾਹਿਬ ਦੀ ਗੁਰੁਕ੍ਰਿਤ ਮੰਨਦਾ ਹੈ ਅਤੇ ਨਾਲ ਇਹ ਵੀ ਦੱਸਦਾ ਹੈ ਕਿ ਗੁਰੂ ਸਾਹਿਬ ਤੋਂ ਪਹਿਲਾ 1800 ਸਾਲ ਤੱਕ ਪੰਜਾਬ ਵਿੱਚ ਲਿੱਪੀਆਂ ਦਾ ਅਭਾਵ ਸੀ। ਪਰ ਗੁਰੂ ਸਾਹਿਬ ਤੋਂ ਪਹਿਲਾ ਪੰਜਾਬ ਵਿੱਚ ਕਈ ਲਿੱਪੀਆਂ ਪ੍ਰਚੱਲਿਤ ਸਨ ਜਿਵੇਂ ਮਾਣਕਿਆ.ਲ ਤੋਂ ਜਨਰਲ ਵੈਂਤੂਰਾ ਦੀ ਖੋਜ ਦੌਰਾਨ ਸਤੂਪ ਵਿੱਚੋਂ ਜਿਹੜਾ ਸਮਾਨ ਮਿਲਿਆਂ ਉਹ ਕਈ ਲਿੱਪੀ ਵਿੱਚ ਲਿਖਿਆ ਹੋਇਆ ਸੀ ਜਿਵੇਂ ਗ੍ਰੀਕ ਲਿੱਪੀ, ਅਸ਼ੋਕਨ ਲਿੱਪੀ, ਟਾਕਰੀ ਲਿੱਪੀ, ਕੂਫੀ ਅਤੇ ਪਹਿਲਵੀ ਲਿੱਪੀ ਆਦਿ। An Essay on Antiquity of India ਵਿੱਚ ਦੱਸਿਆ ਗਿਆ ਕਿ ਕਾਬ.ਲ ਤੋਂ ਪੰਜਵੀਂ ਸਦੀ ਦੀ ਇੱਕ ਲਿੱਪੀ ਮਿਲੀ ਹੈ ਜਿਸ ਦੇ 23 ਅੱਖਰ ਅੱਜ ਦੀ ਗੁਰਮੁਖੀ ਨਾਲ ਮਿਲਦੇ ਹਨ। ਜਪਾਨ ਦੇ ਹੋਜ਼ੀ ਮੱਠ ਤੋਂ ਵੀ ਇੱਕ 5ਵੀਂ ਸਦੀ ਦੀ ਲਿੱਪੀ ਮਿ.ਲੀ ਹੈ ਜਿਸ ਦੇ 22 ਅੱਖਰ ਅੱਜ ਦੀ ਗੁਰਮੁਖੀ ਨਾਲ ਮਿਲਦੇ ਹਨ।

ਜਿੱਥੋ ਤੱਕ ਲੰਡਿਆਂ ਦਾ ਸਬੰਧ ਹੈ ਇਹ ਲਿੱਪੀ ਅਲਫਾਬੈਟਿਕ ਲਿੱਪੀ ਹੈ। ਇਸ ਲਿੱਪੀ ਵਿੱਚ ਲਗਾਂ ਦੀ ਵਰਤੋਂ ਨਹੀ ਕੀਤੀ ਜਾਂਦੀ ਹੈ ਅਤੇ ਇਸ ਨੂੰ ਅਟਕਲ ਪੱਚੂ ਹੀ ਪੜ੍ਹਿਆ ਜਾਂਦਾ ਸੀ। ਲੰਡੇ ਬਹੀ ਖਾਤਿਆ ਲਿਖਣ ਲਈ ਵਰਤੀ ਜਾਂਦੀ ਰਹੀ ਅਤੇ ਸੰਨ 1980 ਵਿੱਚ ਲੁਧਿਆਣੇ ਦੇ ਚੌੜੇ ਬਾਜ਼ਾਰ ਵਿੱਚ ਇੱਕ ਸਰਦਾਰ ਨੂੰ ਲੰਡੇ ਲਿੱਪੀ ਵਿੱਚ ਲਿਖਦਿਆ ਦੇਖਿਆ। ਅਤੇ ਅੱਜ ਬਹੀ ਖਾਤੇ ਅੰਗਰੇਜੀ ਵਿੱਚ ਲਿਖੇ ਜਾਂਦੇ ਹਨ। ਜਿੱਥੋਂ ਤੱਕ ਟਾਕਰੀ ਲਿੱਪੀ ਦਾ ਸਬੰਧ ਹੈ ਇਸ ਲਿੱਪੀ ਨੂੰ ਚੰਬੇ ਅਤੇ ਕੱਲੂ ਦੇ ਰਾਜੇ ਰਾਜ ਲਿੱਪੀ ਦੇ ਤੌਰ ਤੇ ਵਰਤਦੇ ਰਹੇ। ਇਸ ਲਿੱਪੀ ਦੇ ਮਾਧਿਅਮ ਰਾਹੀਂ ਹਿੰਦੂ ਸੰਸਕ੍ਰਿਤ ਲਿਖਦੇ ਸਨ ਅਤੇ ਮੰਦਰਾਂ ਦੇ ਮੱਥਿਆਂ ਤੇ ਵੀ ਇਸੇ ਲਿੱਪੀ ਵਿੱਚ ਸੰਸਕ੍ਰਿਤ ਲਿਖਿਆਂ ਕਰਦੇ ਸਨ।ਪੰਡਿਤ ਜੀ ਟਾਕਰੀ ਲਿੱਪੀ ਨੂੰ ਨਿਰੇ ਲੰਡੇ ਮੰਨਣਾ, ਇਹ ਗੱਲ ਠੀਕ ਨਹੀ ਲੱਗਦੀ।

Alexander Cunnigham ਆਪਣੀ ਕਿਤਾਬ Ancient Geography of India ਵਿੱਚ ਲਿਖਦਾ ਹੈ ਕਿ ਉਸਨੂੰ ਪੰਡਿਤ ਕ.ਲਹਣ ਦੀ ਕਿਤਾਬ 'ਰਾਜ ਤ੍ਰਿੰਗਣੀ' ਮਿ.ਲੀ ਹੈ ਜਿਹੜੀ ਕਿ ਸੰਸਕ੍ਰਿਤ ਬੋਲੀ ਅਤੇ ਟਾਕਰੀ ਵਿੱਚ ਲਿਖੀ ਹੋਈ ਸੀ ਜੋ ਕਿ 1150 ਅ.ਧ. ਦੀ ਹੈ। ਇਥੋ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਟਾਕਰੀ ਲਿੱਪੀ ਕਸ਼ਮੀਰ ਵਿੱਚ ਸੰਸਕ੍ਰਿਤ ਲਿਖਣ ਲਈ ਵਰਤੀ ਜਾਂਦੀ ਰਹੀ ਅਤੇ ਨਾ ਕਿ ਸ਼ਾਰਦਾ ਲਿੱਪੀ। Alexander Cunnigham ਸਾਹਿਬ ਨੇ ਦੱਸਿਆ ਹੈ ਕਿ ਪੰਜਾਬ ਦਾ ਪੁਰਾਣਾ ਨਾਮ ਟੱਕ ਦੇਸ਼ ਸੀ ਜਿਵੇਂ ਫਾਰਸੀ ਦੇ ਸ਼ਬਦ ਪੰਜਾਬ ਤੋਂ ਪੰਜਾਬੀ ਸ਼ਬਦ ਬਣਿਆ ਹੈ ਉਵੇਂ ਹੀ ਟੱਕ ਦੇਸ਼ ਤੋਂ ਟਾਕਰੀ ਲਿੱਪੀ ਦਾ ਨਾਮਕਰਨ ਹੋਇਆ ਹੈ।




Wikipedia ਤੋਂ ਪਤਾ ਲਗਦਾ ਹੈ ਕਿ ਟੈਕਸਲਾਦੇ ਮੁਕਾਮ ਤੇ ਇੱਕ ਯੂਨੀਵਰਸਿਟੀ ਸੀ ਜਿਹੜੀ ਕਿ 1000 B.C. ਦੀ ਸਥਾਪਿਤ ਮੰਨੀ ਜਾਂਦੀ ਹੈ। ਇਥੇ ਦੂਰੋਂ ਦੂਰੋਂ ਵਿਦਿਆਰਥੀ ਪੜ੍ਹਣ ਲਈ ਆਉਂਦੇ ਸਨ ਅਤੇ ਪੜ੍ਹ ਕੇ ਲਾਭ ਉਠਾਉਂਦੇ ਸਨ।ਚਣਕਯ ਅਤੇ ਚੰਦਰ ਗੁਪਤ ਮੌਰੀਆ ਵਰਗੇ ਇਸੇ ਯੂਨੀਵਰਸੀਟੀ ਤੋਂ ਹੀ ਪੜੇ ਸਨ। ਇੱਥੇ ਅਕਸਰ ਕੋਈ ਲਿੱਪੀ ਜਰੂਰ ਹੋਵੇਗੀ ਜਿਸ ਦੇ ਮਾਧਿਅਮ ਨਾਲ ਲਿਖਿਆ ਜਾਂ ਪੜ੍ਹਾਇਆ ਜਾਂਦਾ ਸੀ। Alexander Cunnigham ਸਾਹਿਬ ਦਾ ਦਾਅਵਾ ਹੈ ਕਿ ਉਹਨਾਂ ਨੂੰ ਯਮੁਨਾ ਤੋਂ ਲੈ ਕੇ ਬਾਮਯਾਨ (ਅਫਗਾਨਿਸਤਾਨ) ਤੱਕ ਟਾਕਰੀ ਲਿੱਪੀ ਦੇ 26 ਥਾਵਾਂ ਤੋਂ ਨਮੂਨੇ ਮਿਲੇ ਹਨ।ਇੱਥੋਂ ਟਾਕਰੀ ਲਿੱਪੀ ਦੇ ਪਸਾਰੇ ਦਾ ਵੀ ਪਤਾ ਲਗਦਾ ਹੈ।

ਜੇਕਰ ਟੈਕਸਲਾ ਯੂਨੀਵਰਸੀਟੀ ਬਰਬਾਦ ਨਾ ਹੁੰਦੀ ਤਾਂ ਜਰੂਰ ਸਾਨੂੰ ਪੂਰੀ ਜਾਣਕਾਰੀ ਮਿਲ ਜਾਂਦੀ। ਇੰਡੀਅਨ ਸੱਬਕੰਟੀਨੈਂਟ ਵਿੱਚ ਇਸ ਤੋਂ ਹੋਰ ਕੋਈ ਪੁਰਾਣੀ ਯੂਨੀਵਰਸੀਟੀ ਨਹੀ ਹੈ।ਪੰਜਾਬੀਆ ਨੂੰ ਟਾਕਰੀ ਲਿਪੀ ਤੇ ਮਾਣ ਹੋਣਾ ਚਾਹੀਦਾ ਹੈ।ਇਹ ਫੂਨੀਸ਼ੀਅਨ ਤੋਂ ਪੁਰਾਣੀ ਹੈ ਅਤੇ ਫੀਨੀਸ਼ੀਅਨ ਲਿੱਪੀ ਦਾ ਸਮਾਂ 1000 BC ਮੰਨਿਆਂ ਜਾਦਾ ਹੈ ਅਤੇ ਗ੍ਰੀਕ ਦਾ ਸਮਾਂ 800 BC ਮੰਨਿਆ ਜਾਦਾਂ ਹੈ।

ਅਸ਼ੋਕ ਲਿੱਪੀ ਦਾ ਸਮਾਂ 500 BC ਦਾ ਮੰਨਿਆ ਜਾਂਦਾ ਹੈ। ਅਸ਼ੋਕ ਬਾਦਸ਼ਾਹ ਨੇ ਆਪਣੇ ਰਾਜ ਦੇ ਬੱਲ-ਬੂਤੇ ਇਸ ਲਿੱਪੀ ਨੂੰ ਦੂਰ ਦੂਰ ਤੱਕ ਫੈਲਾਇਆ।ਬੋਧੀ ਰਾਜਿਆ ਨੇ ਅਤੇ ਜਿਹੜੇ ਬ੍ਰਾਹਮਣੀਕਲ ਸਿਸਟਮ ਨੂੰ ਮੰਨਦੇ ਸਨ, ਉਹਨਾਂ ਨੇ ਟਾਕਰੀ ਲਿੱਪੀ ਨੂੰ ਦੂਰ ਦੂਰ ਤੱਕ ਫੈਲਾਇਆ।ਅਜਿਹਾ ਸਾਨੂੰ 200 BC ਦੇ ਮਿਲੇ ਸਿੱਕਿਆਂ ਤੋਂ ਪਤਾ ਲਗਦਾ ਹੈ ਕਿ ਉਹਨਾਂ ਨੇ ਸਿੱਕਿਆਂ ਦੇ ਇਕ ਪਾਸੇ ਖਰੋਸਟੀ ਅਤੇ ਦੂਜੇ ਪਾਸੇ ਟਾਕਰੀ ਲਿੱਪੀ ਦੀ ਵਰਤੋਂ ਕੀਤੀ ਹੈ। ਇਸ ਲਿੱਪੀ ਨੂੰ ਰਾਜ ਲਿੱਪੀ ਦਾ ਦਰਜ਼ਾ ਦਿੱਤਾ ਅਤੇ ਟਾਕਰੀ ਲਿੱਪੀ ਤਾਲਮੇ.ਲ ਲਿੱਪੀ ਵੀ ਰਹੀ ਹੋਵੇਗੀ। ਇਸ ਦਾ ਘੇਰਾ ਈਰਾਨ ਤੋਂ ਲੈ ਕੇ ਇੰਡੀਅਨ ਸੱਬ-ਕੰਟੀਨੈਂਟ ਤੱਕ ਰਿਹਾ ਹੈ ਅਤੇ ਇਸ ਦੀ ਹੋਰ ਖੌਜ ਕਰਨ ਦੀ ਲੋੜ ਹੈ। ਇੰਜ ਸਾਨੂੰ ਪਤਾ ਲਗਦਾ ਹੈ ਪੰਜਾਬੀ epigraphy ਵਿੱਚ ਕਾਫੀ ਮਾਹਰ ਸਨ ਅਤੇ ਵਿੱਦਿਆ ਪ੍ਰੇਮੀ ਸਨ। ਸੰਸਾਰ ਵਿੱਚ ਪਹਿਲੀ ਵਾਰ Urbanisation ਅਤੇ ਲਿੱਪੀ ਦੀ ਕਾਢ ਇਹਨਾਂ ਲੋਕਾਂ ਨੇ ਹੀ ਕੱਢੀ ਹੈ।ਇਸ ਤੋਂ ਦੇਖ ਕੇ ਬਾਕੀ ਸੰਸਾਰ ਦੇ ਲੋਕਾਂ ਨੇ ਆਪਣੀਆਂ ਲਿੱਪੀਆਂ ਘੜੀਆਂ ਹਨ।



ਨਾਜ਼ਰ ਸਿੰਘ
91-94641-58136

ਲੋਕਾਂ ਦਾ ਕਿਤਾਬਾਂ ਪੜ੍ਹਣ ਦਾ ਸ਼ੌਕ ਮੈਂ 1950 ਤੋਂ ਦੇਖ ਰਿਹਾ ਹਾਂ। ਜਦੋਂ ਲੋਕਾਂਲਈ ਜੀਅ ਪਰਚਾਵੇ ਦੇ ਘੱਟ ਸਾਧਨ ਸਨ ਤਾਂ ਪੁਤਲੀਆਂ ਦੇ ਤਮਾਸ਼ੇ, ਨਕਲਾਂ, ਭਜਨ, ਬੁਝਾਰਤਾਂ, ਕਵਾਲੀਆਂ ਅਤੇ ਕਿੱਸਿਆ ਆਦਿ ਨੂੰ ਤਰਜੀਹ ਦਿੰਦੇ ਸਨ ਅਤੇ ਇੰਜ ਲੋਕ ਆਪਣਾ ਜੀਅ ਪਰਚਾਵਾ ਕਰ ਲੈਂਦੇ ਸਨ। ਕਈਆਂ ਨੂੰ ਕਿੱਸੇ ਪੜ੍ਹਣ ਦਾ ਸ਼ੌਕ ਹੁੰਦਾ ਤਾਂ ਉਹ ਗੁਰੂਦੁਆਰਿਆਂ ਦੇ ਭਾਈਆਂ ਤੋਂ ਉਦਾਸੀ ਅਤੇ ਨਿਰਮਲਿਆਂ ਸਾਧਾਂ ਕੋਲੋ ਗੁਰਮੁਖੀ ਸਿੱਖ ਕੇ ਮਾਹਰ ਹੋ ਜਾਂਦੇ ਸਨ।ਇੰਜ ਲੋਕ ਆਪਣੇ ਆਪ ਕਿੱਸੇ ਪੜਣਾ ਸਿੱਖ ਗਏ ਅਤੇ ਇਸ ਤਰਾਂ ਲੋਕਾਂ ਦੇ ਜੀਅ ਪਰਚਾਵੇ ਲਈ ਕਿੱਸੇ ਪੜ ਕੇ ਸੁਣਾਉਂਦੇ। ਇਸ ਤਰ੍ਹਾਂ ਹੋਰਾਂ ਲੋਕਾਂ ਦਾ ਵੀ ਜੀਅ ਪਰਚਾਵਾ ਕਰਦੇ ਅਤੇ ਉਹਨਾਂ ਨੂੰ ਸੰਤੁਸ਼ਟੀ ਮਿਲਦੀ।

ਗੁਰਮੁਖੀ ਦੇ ਛਪੇ ਕਿੱਸੇ ਅਕਸਰ ਮਿ.ਲ ਜਾਂਦੇ ਸਨ।ਇਹ ਗੁਰਮੁਖੀ ਦਾ ਸਾਦਾਪਨ ਹੀ ਹੈਕਿ ਥੋੜੀ ਜਿਹੀ ਖੇਚ.ਲ ਨਾਲ ਸ਼ਬਦ ਜੋੜ ਸਿੱਖ ਜਾਂਦੇ ਸਨ, ਖਾਸ ਕਰਕੇ ਮੁਹਾਰਨੀ ਸਿੱਖਣ ਨਾਲ ਅੱਖਰਾਂ ਦੀਆਂ ਅਵਾਜਾਂ ਦਾ ਗਿਆਨ ਹੋ ਜਾਂਦਾ ਹੈ ਇੱਥੋ ਤੱਕ ਗੁਰਬਾਣੀ ਪੜ੍ਹਣ ਦੇ ਯੋਗ ਜੋ ਜਾਂਦੇ ਸਨ ਜਿਸ ਤੋਂ ਉਹਨਾਂ ਨੂੰ ਮਾਨਸਿਕ ਸੰਤੁਸ਼ਟੀ ਮਿਲਦੀ ਸੀ ਅਤੇ ਉਹਨਾਂ ਵਿੱਚੋਂ ਕਈ ਰਾਗੀ, ਢਾਡੀ, ਭਜਨੀਏ ਅਤੇ ਕਥਾਕਾਰ ਬਣ ਜਾਂਦੇ ਸਨ।

ਜਦੋਂ ਅਸੀਂ ਗੁਰਬਾਣੀ ਗੁਰਮੁਖੀ ਤੋਂ ਛੁੱਟ ਕਿਸੇ ਹੋਰ ਲਿੱਪੀ ਵਿੱਚ ਲਿਖਦੇ ਤਾਂ ਇਸ ਦੀ ਫੋਨੋਲੋਜੀ ਵਿੱਚ ਫਰਕ ਆ ਜਾਂਦਾ, ਕਿਉਕਿ ਜਿਵੇਂ ਅਰਬੀ, ਰੋਮਨ ਅਤੇ ਦੇਵ ਨਾਗਰੀ ਆਦਿ ਲਿੱਪੀਆਂ ਦਾ ਫੋਨੋਲੋਜੀ ਸਿਸਟਿਮ ਅੱਡ ਹੈ। ਦੂਜੇ ਪਾਠਕ ਨੂੰ ਗਿਆਨ ਪ੍ਰਾਪਤ ਕਰਨ ਦੀ ਬਜਾਏ ਉਸਨੂੰ ਸਸ਼ੋਪੰਜ ਵਿੱਚ ਪਾ ਦਿੰਦਾ। ਪਾਠਕ ਕਿਸ ਧੁਨੀ ਜਾਂ ਉਚਾਰਨ ਨੂੰ ਠੀਕ ਮੰਨੇ ਜਾਂ ਗਲਤ, ਇਹ ਉਸਨੂੰ ਮੁਸ਼ਕਿਲ ਵਿੱਚ ਪਾ ਦਿੰਦਾ ਹੈ। ਸੋ ਗੁਰਮੁਖੀ ਲਿੱਪੀ ਹੀ ਗੁਰਬਾਣੀ ਲਿਖਣ ਲਈ ਢੁੱਕਵੀਂ ਹੈ। ਗੁਰਮੁਖੀ ਲਿੱਪੀ ਦੀ ਉਪਜ ਪੰਜਾਬ ਵਿੱਚ ਹੀ ਹੋਈ ਹੈ। ਇਹ ਪੰਜਾਬ ਦੇ ਲੋਕਾਂ ਦੀਆਂ ਧੁਨੀਆਂ ਦੀ ਪੂਰਤੀ ਕਰਦੀ ਹੈ।ਲੋਕ ਇਸ ਨੂੰ ਛੇਤੀ ਹੀ ਯਾਦ ਕਰਕੇ ਸਿੱਖ ਲੈਂਦੇ ਹਨ। ਗੁਰਮੁਖੀ ਅੱਖਰਾਂ ਦੀ ਅਰਬੀ ਅਤੇ ਦੇਵ ਨਾਗਰੀ ਵਾਂਗ ਭੰਨ ਤੋੜ ਨਹੀ ਕਰਨੀ ਪੈਂਦੀ ਅਤੇ ਸਫੁਟ ਅੱਖਰ ਲਿਖੇ ਜਾਂਦੇ ਹਨ। ਕਈ features ਦੂਜੀਆਂ ਬੋਲੀਆਂ ਵਿੱਚ ਨਹੀ ਹੁੰਦੇ ਹਨ। ਕਈ ਇਹਨਾਂ features ਨੂੰ ਜਾਨਣ ਦੀ ਬਜਾਏ ਵਿਅੰਗ ਕਰਕੇ ਉਹਨਾਂ ਨੂੰ ਓਜਡ ਨਾਦੇ ਕੇ ਤ੍ਰਿਸਕਾਰਦੇ, ਇਹ ਉਹਨਾਂ ਦੀ ਅਗਿਆਨਤਾ ਹੈ।

ਸਿੱਖ ਪੰਥ ਦੇ ਮੋਢੀ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਕਈ ਧਰਮਾਂ ਦੇ ਲੋਕਾਂ ਅਤੇ ਆਮ ਲੋਕਾਂ ਨਾਲ ਸੰਵਾਦ ਰਚਾਏ ਅਤੇ ਆਪਣੇ ਖਿਆ.ਲ ਦਿੱਤੇ ਅਤੇ ਦੂਜਿਆ ਦੇ ਵੀ ਖਿਆ.ਲ ਸੁਣੇ ਅਤੇ ਸਮਝੇ। ਉਹਨਾਂ ਨੂੰ ਆਪਣੇ ਸਿਧਾਂਤ ਦੱਸੇ ਅਤੇ ਆਪਣੇ ਸਿਧਾਂਤਾ ਦੀ ਵਿਆਖਿਆ ਵੀ ਕੀਤੀ ਜਿਸ ਤੋਂ ਅਨੇਕਾਂ ਪ੍ਰਾਣੀਆਂ ਨੇ ਲਾਭ ਉਠਾਇਆ। ਜਿਹੜੇ ਲੋਕਾਂ ਨੇ ਸੰਵਾਦਾਂ ਦੌਰਾਨ ਆਪਣੀਆਂ ਸ਼ੰਕਾਵਾ ਦੱਸੀਆਂ ਉਹਨਾਂ ਦਾ ਹੱਲ ਵੀ ਦੱਸਿਆ ਤਾਂ ਕਿ ਉਹ ਸਹਿਜ ਜੀਵਨ ਜੀ ਸਕਣ ਅਤੇ ਸਮਾਜ ਵਿੱਚ ਬਰਾਬਰੀ ਨਾਲ ਜੀ ਸਕਣ।

ਗੁਰੂ ਸਾਹਿਬ ਨੇ ਹਾਕਮ ਜਮਾਤ ਅਤੇ ਪਰਜਾ ਦੇ ਧਰਮ ਦਾ ਅਧਿਐਨ ਕੀਤਾ। ਉਨ੍ਹਾਂ ਨੂੰ ਜੋਗੀ, ਬ੍ਰਾਹਮਣ, ਗ੍ਰਸਤਿ ਤਿਆਗੀ ਜੈਨੀ ਬੋਧੀ, ਮੁਲਾਂ, ਕਾਜ਼ੀ ਅਤੇ ਸ਼ੂਦਰ ਸੰਤ ਵੀ ਮਿ.ਲੇ। ਸ਼ੂਦਰ ਸੰਤ ਨਿਰਗੁਣਵਾਦੀ ਸਨ ਅਤੇ ਕਈ ਸਰਗੁਣਵਾਦੀ ਵੀ ਸਨ। ਜਿਨ੍ਹਾਂ ਸੰਤਾਂ ਦੀ ਵਿਚਾਰਧਾਰਾ ਗੁਰੂ ਜੀ ਦੀ ਕਸੌਟੀ ਤੇ ਪੂਰੀ ਉਤਰੀ ਉਹਨਾਂ ਸੰਤਾਂ ਦੀਆਂ ਬਾਣੀਆਂ ਓਹਨਾਂ ਕੋਲੋ ਪ੍ਰਾਪਤ ਕੀਤੀਆਂ। ਉਕਤ ਸੰਤਾਂ ਦੀਆਂ ਬਾਣੀਆਂ ਵੱਖੋ-ਵੱਖਰੀਆਂ ਲਿੱਪੀਆਂ ਵਿੱਚ ਸਨ, ਜਿਨਾਂ ਨੂੰ ਇੱਕ ਸਾਂਝੀ ਲਿੱਪੀ ਦੀ ਲੋੜ ਸੀ ਜੋਕਿ ਵੱਖੋ ਵੱਖਰੀਆਂ ਧੁਨੀਆਂ ਨੂੰ ਅਤੇ ਗਰੈਮਰ ਅਨੁਸਾਰ ਅੰਕਿਤ ਕਰ ਸਕੇ। ਗੁਰੂ ਸਾਹਿਬ ਨੇ ਗੁਰਮੁਖੀ ਲਿੱਪੀ ਵਿੱਚ ਅਰਬੀ, ਫਾਰਸੀ, ਸੰਸਕ੍ਰਿਤ ਅਤੇ ਪ੍ਰਕ੍ਰਿਤ ਦੇ ਸ਼ਬਦ ਆਪਣੀ ਅਨੁਸਾਰੀ ਧੁਨੀਆਂ ਵਿੱਚੋਂ ਹੀ ਲਏ। ਇਹ ਉਹਨਾਂ ਦੀ ਕਮਾਲ ਦੀ ਜੁਗਤ ਸੀ ਅਤੇ ਕਈ ਸਿਧਾਂਤਾਂ ਵਿੱਚ ਜੇ ਕੋਈ ਇਖਤਲਾਫ ਸੀ ਤਾਂ ਆਪਣਾ ਵੀ ਯੋਗ ਵਿਚਾਰ ਦਿੱਤਾ ਅਤੇ ਇੰਜ ਸਿਧਾਂਤ ਪੁਸ਼ਟੀ ਦੀ ਜੁਗਤ ਵੀ ਵਰਤੀ।

ਗੁਰੂ ਜੀ ਦੇ ਸ਼ਹਿਜਾਦੇ ਸ਼੍ਰੀ ਚੰਦ ਜੀ ਦੇ '**ਮਾਤਰਿਆ**' ਵਿੱਚ ਲਿਖਿਆ ਮਿਲਦਾ ਹੈ ਕਿ '**ਗੁਰਮੁਖੀ ਅੱਖਰ ਜਗਤ ਕਾ ਟੋਪ**' ਇੰਜ ਗੁਰੂ ਜੀ ਦੇ ਸ਼ਹਿਜਾਦੇ ਨੇ ਹੀ ਗੁਰਮੁਖੀ ਦੇ ਨਾਮਕਰਨ ਦੀ ਪੁਸ਼ਟੀ ਕਰ ਦਿੱਤੀ। ਕਈਆਂ ਦਾ ਵਿਚਾਰ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਦੀ ਰਚਨਾ ਕੀਤੀ ਹੈ। ਜਦ

**(ਬਾਕੀ ਅਗਲੇ ਸਫੇ 'ਤੇ)**


# ਲੰਮਾ ਜੱਟਪੁਰਾ: ਜਿੱਥੇ ਗੁਰੂ ਗੋਬਿੰਦ ਸਿੰਘ ਜੀ 21 ਦਿਨ ਰਹੇ



ਚਰਨ ਸਿੰਘ ਮਾਹੀ
91-99143-64728

ਸਿੱਖ ਇਤਿਹਾਸ ਸੰਸਾਰ ਪ੍ਰਸਿੱਧ ਵਿਲੱਖਣ ਇਤਿਹਾਸ ਹੈ। ਸਿੱਖ ਇਤਿਹਾਸ ਵਿੱਚ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖਾਸ ਸਥਾਨ ਹੈ। ਜਿਨ੍ਹਾਂ ਨੇ ਸਿੱਖ ਕੌਮ ਦੀ ਖ਼ਾਤਰ ਆਪਣਾ ਸਾਰਾ ਪਰਿਵਾਰ ਲੇਖੇ ਲਾ ਦਿੱਤਾ ਅਤੇ ਸਿੱਖ ਇਤਿਹਾਸ ਨੂੰ ਨਵਾਂ ਮੋੜ ਦਿੱਤਾ। ਇਸੇ ਕਰਕੇ ਉਨ੍ਹਾਂ ਨੂੰ 'ਸਰਬੰਸਦਾਨੀ' ਵੀ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਵੱਖ ਵੱਖ ਇਤਿਹਾਸਕਾਰਾਂ ਨੇ ਖੋਜ ਦੇ ਆਧਾਰ ਤੇ ਵੱਖ ਵੱਖ ਵਿਚਾਰ ਪੇਸ਼ ਕੀਤੇ ਹਨ । ਪ੍ਰੰਤੂ ਕੋਈ ਵੀ ਇਤਿਹਾਸ ਨੂੰ ਸੁਲਝਾਉਣ ਲਈ ਪੁਰਾਤਨ ਇਤਿਹਾਸਕ ਲਿਖਤਾਂ ਦਾ ਸਹਾਰਾ ਲੈਣਾ ਪੈਂਦਾ ਹੈ। ਇਹੀ ਕੁਝ ਸਿੱਖ ਇਤਿਹਾਸ ਨਾਲ ਵਾਪਰ ਰਿਹਾ ਹੈ। ਭਾਵੇਂ ਕਿ ਸਿੱਖਾਂ ਦੀ ਸਰਬਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੁਰਾਤਨ ਇਤਿਹਾਸਕਾਰਾਂ ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਭਾਈ ਕਾਨ੍ਹ ਸਿੰਘ ਜੀ ਨਾਭਾ, ਭਾਈ ਸੋਭਾ ਸਿੰਘ ਚਿੱਤਰਕਾਰ ਅਤੇ ਅੰਗਰੇਜ਼ ਲਿਖਾਰੀਆਂ ਦੀਆਂ ਲਿਖਤਾਂ ਨੂੰ ਸਹੀ ਮੰਨਦੀਆਂ ਹਨ । ਪ੍ਰੰਤੂ ਨਵੇਂ ਲੇਖਕ ਜੋ ਆਪ ਮੁਹਾਰੇ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰ ਰਹੇ ਹਨ, ਬਾਰੇ ਚੁੱਪ ਬੈਠੇ ਹਨ।

ਸਿੱਖ ਇਤਿਹਾਸ ਦਾ ਖਾਸ ਮਹੱਤਵਪੂਰਨ ਹਿੱਸਾ ਹੈ ਕਿ ਗੁਰੂ ਜੀ ਚਮਕੌਰ ਦੀ ਗੜ੍ਹੀ ਦੀ ਜੰਗ ਤੋਂ ਬਾਅਦ ਮਾਛੀਵਾੜੇ ਤੋਂ ਉੱਚ ਦੇ ਪੀਰ ਬਣ ਕੇ ਮਾਲਵੇ ਵਿੱਚ ਗੁਰੂ ਸਾਹਿਬ ਨੇ ਤੁਰਕ ਰਾਜ ਦੇ ਜ਼ਾਲਮ ਰਾਜ ਦੀ ਜੜ੍ਹ ਪੁੱਟੀ। ਨੂਰੇ ਮਾਹੀ ਨੂੰ ਸਰਹਿੰਦ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ ਮੰਗਵਾਈ। ਸੂਬਾ ਸਰਹਿੰਦ ਦੀ ਕਚਹਿਰੀ ਵਿਚ 'ਹਾਅ ਦਾ ਨਾਅਰਾ' ਮਾਰਨ ਬਦਲੇ ਖਾਨ ਮਾਲੇਰਕੋਟਲਾ ਨੂੰ ਗੱਦੀ ਬਖਸ਼ਿਸ਼ ਕੀਤੀ। ਰਾਏ





ਇਤਿਹਾਸਕ ਜੰਡ ਪਿੰਡ ਲੰਮਾ


ਗੁਰਦੁਆਰਾ ਗੁਰਸਰ ਪੰਜੂਆਣਾ ਸਾਹਿਬ, ਪਿੰਡ ਲੰਮਾ ਜੱਟਪੁਰਾ

ਕੱਲੇ ਨੂੰ ਤਲਵਾਰ ਰਾਹਿਲ ਅਤੇ ਗੰਗਾ ਸਾਗਰ ਦੀ ਬਖਸਿਸ ਕੀਤੀ। ਇਹ ਸਭ ਕੁਝ ਕਿਸ ਜਗ੍ਹਾ ਵਾਪਰਿਆ ਭਾਵੇਂ ਕਿ ਇਸ ਬਾਰੇ ਪੁਰਾਤਨ ਇਤਿਹਾਸਕਾਰ ਪਿੰਡ ਲੰਮਾ ਜੱਟਪੁਰਾ (ਜਿਲਾ ਲੁਧਿਆਣਾ) ਲਿਖਦੇ ਹਨ ਪ੍ਰੰਤੂ ਇਸ ਬਾਰੇ ਨਵੇਂ ਲੇਖਕ ਮਾਛੀਵਾੜਾ ਕਨੇਚ ਅਤੇ ਰਾਏਕੋਟ ਜਾਂ ਕਾਂਗੜ ਦੀਨਾ ਲਿਖਦੇ ਹਨ। ਇਸ ਬਾਰੇ ਧਰਮ ਦੇ ਠੇਕੇਦਾਰ ਚੌਧਰ ਦੇ ਭੁੱਖੇ ਲੀਡਰ ਚੁੱਪ ਹਨ। ਖਾਸ ਕਰਕੇ ਤਾਂ ਲੇਖਕ ਇਸ ਤੱਥ ਬਾਰੇ ਲਿਖਣਾ ਮੁਨਾਸਬ ਹੀ ਨਹੀਂ ਸਮਝਦੇ ਜਾਂ ਫਿਰ ਮਨਮਰਜ਼ੀ ਨਾਲ ਇਤਿਹਾਸ ਤੋੜ ਮਰੋੜ ਕੇ ਪੇਸ਼ ਕਰ ਰਹੇ ਹਨ। 1999 ਤੋਂ ਲੈ ਕੇ ਹੁਣ ਤੱਕ ਕਿੰਨੀਆਂ ਹੀ ਸ਼ਤਾਬਦੀਆਂ ਸਿੱਖ ਕੌਮ ਮਨਾ ਚੁੱਕੀ ਹੈ ਪ੍ਰੰਤੂ ਇਸ ਅਣਗੌਲੇ ਇਤਿਹਾਸਕ ਤੱਥ ਬਾਰੇ ਕਿਸੇ ਨੇ ਕੋਈ ਗੌਰ ਨਹੀਂ ਕੀਤੀ। ਜੇਕਰ ਅਸੀਂ ਇਸ ਤਰ੍ਹਾਂ ਹੀ ਅੱਖਾਂ ਬੰਦ ਕਰਕੇ ਬੇਇਨਸਾਫ਼ੀ ਬਾਰੇ ਚੁੱਪ ਵੱਟੀ ਰੱਖੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੀ ਜਵਾਬ ਦੇਵਾਂਗੇ ਕਿ ਗੁਰੂ ਜੀ ਨੇ ਜ਼ੁਲਮ ਰਾਜ ਦੀ ਜੜ੍ਹ ਕਿਸ ਜਗ੍ਹਾ ਪੁੱਟੀ ਸੀ ?

ਇਸ ਬਾਰੇ ਮੈਂ ਪੁਰਾਤਨ ਗ੍ਰੰਥਾਂ ਅਤੇ ਨਵੇਂ ਲੇਖਕਾਂ ਦੇ ਵਿਚਾਰ ਪੇਸ਼ ਕਰ ਰਿਹਾ ਹਾਂ ਅਤੇ ਫੈਸਲਾ ਸਿੱਖ ਸੰਗਤਾਂ ਅਤੇ ਬੁੱਧੀਜੀਵੀਆਂ 'ਤੇ ਛੱਡਦਾ ਹਾਂ। ਮੇਰਾ ਮਕਸਦ ਕਿਸੇ ਲੇਖਕ ਜਾਂ ਸੰਸਥਾ ਤੇ ਟਿੱਪਣੀ ਕਰਨ ਦਾ ਨਹੀਂ। ਮੈਂ ਤਾਂ ਸਿਰਫ ਇਤਿਹਾਸਕ ਤੱਥਾਂ ਦੇ ਆਧਾਰ ਤੇ ਸਚਾਈ ਪੇਸ਼ ਕਰਨ ਦਾ ਇੱਕ ਨਿਮਾਣਾ ਜਿਹਾ ਯਤਨ ਕਰ ਰਿਹਾ ਹਾਂ। ਪੁਰਾਤਨ ਇਤਿਹਾਸਕਾਰਾਂ ਦੇ ਵਿਚਾਰ ਅਨੁਸਾਰ –

1. ਗੁਰਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਸ਼੍ਰੋਮਣੀ ਕਵੀ ਭਾਈ ਸੰਤੋਖ ਸਿੰਘ ਜੀ ਨੇ ਪੰਨਾ ਨੰਬਰ 5937 ਦੇ ਛੰਦ ਨੰਬਰ 40 ਸਾਰਾ ਪ੍ਰਸੰਗ ਜਿਵੇਂ ਕਿ –

ਲੰਮੇ ਗ੍ਰਾਮ ਆਪਿ ਚਲਿ ਜਾਈਏ।
ਸੋ ਰਾਖੇ ਤੁਮਕੋ ਕਰ ਦੇਈਏ।
ਨਰਸੌ ਹਜਾਰਹ ਦਾਦੇ ਪੋਤੇ
ਲਰਿਬੇ ਦਿੜ ਡਰ ਧਰੇ ਨਾ ਕੋਤੇ।
ਲੰਮੇ ਗ੍ਰਾਮ ਬਿਰਾਜੀਏ, ਆਇਓ ਮੈਂ ਸੰਗੀ।
ਬੈਠ ਬਿਤਾਵਹੁ ਸਮਾਂ ਕੁਛ ਮਮ ਪੂਰਹ ਉਮੰਗੀ ।।
ਮਾਨ ਹੁਕਮ ਹਯ ਚਢਯੋ ਪੁਨ ਸਤਿਗੁਰ ਪਯਾਨੇ।
ਲੰਮੇ ਗ੍ਰਾਮ ਪੁਨ ਪਹੁੰਚ ਕੇ ਬਚ ਰਾਇ ਬਖਾਨੇ।
ਉਤਰਹੁ ਕਰੋ ਕਰੁਣਾ ਕੀਜੀਏ, ਦ੍ਰਿਸਟਿ ਦਿਖਿ ਰੂਰੀ। (੮)

2. ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਦੇ ਪੰਨਾ ਨੰਬਰ 291 ਉੱਤੇ ਲਿਖਦੇ ਹਨ –

ਹੋਏ ਅਸਵਾਰ ਅਸਵਪਰ ਚਾਲੇ ਪੁੱਜੇ ਜੱਟਪੁਰ ਲੰਮੇ।
ਰਾਏਕੋਟ ਵਾਰੋ ਰਾ ਕਲਾ ਮਿਲਯੋ ਤਹੀਤਿਸ ਸੰਮੇ।

3. ਪੰਥ ਪ੍ਰਕਾਸ਼ ਕਿਰਤ ਰਤਨ ਸਿੰਘ ਭੰਗੂ, ਸੰਪਾਦਤ ਭਾਈ ਵੀਰ ਸਿੰਘ ਲਿਖਦੇ ਹਨ –

ਪ੍ਰਾਤ ਖੋਹਲ ਕਰ ਦੇਖਿਉ ਖਾਣਾ ਕੜਾਹ ਕਾਵਲ ਦਿਖ ਮਨ ਪਤਿਆਣਾ
ਉਹਾਂ ਤੇ ਤੁਰ ਮੋਹੀ ਗਏ, ਜੱਟਪੁਰੇ ਲੰਮੇ ਭਗਤੇ ਠਹੇ।

4. ਕਲਗੀਧਰ ਚਮਤਕਾਰ ਕਿਰਤ ਭਾਈ ਵੀਰ ਸਿੰਘ ਜੀ ਪ੍ਰਸੰਗ 75 ਰਾਏ ਕੱਲਾ ਪੜ੍ਹੋ।
5. ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ ਜੀ ਚੌਥੀ ਜਿਲਦ ਪੰਨਾ 3234 ਵੇਰਵਾ ਲੰਮੇ ਦਾ।
6. ਸਾਲ 1929 ਦੇ 'ਉਪਕਾਰੀ ਹੰਝੂ' ਰਸਾਲੇ ਵਿੱਚ ਜਨਵਰੀ ਅੰਕ ਵਿੱਚ ਚਿੱਤਰਕਾਰ ਭਾਈ ਸੋਭਾ ਸਿੰਘ ਜੀ ਨੇ ਪਿੰਡ ਲੰਮੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਜ਼ੁਲਮ ਦੀ ਜੜ੍ਹ ਪੁੱਟਣ ਦਾ ਚਿੱਤਰ ਛਾਪਿਆ ਸੀ ।
7. ਗੁਰਦੁਆਰਾ ਗਜ਼ਟ ਸ੍ਰੀ ਅੰਮ੍ਰਿਤਸਰ ਦੇ ਜਨਵਰੀ 1976 ਦੇ ਅੰਕ ਵਿੱਚ ਸਫ਼ਾ ਨੰਬਰ 44 'ਤੇ ਸ਼ਮਸ਼ੇਰ ਸਿੰਘ ਅਸ਼ੋਕ ਜੀ ਦਾ ਲੇਖ ਜੱਟਪੁਰੇ ਦਾ ਇਤਿਹਾਸ ਪੜ੍ਹੋ।
8. ਪ੍ਰਸਿੱਧ ਅੰਗਰੇਜ਼ ਲੇਖਕ ਜੇ. ਡੀ. ਕਨਿੰਗਮ ਨੇ ਆਪਣੀ ਪੁਸਤਕ "ਏ ਹਿਸਟਰੀ ਆਫ਼ ਸਿੱਖਜ਼" ਵਿੱਚ, ਜੋ ਕਿ 1849 ਵਿੱਚ ਲੰਡਨ ਵਿੱਚ ਅਤੇ 1915 ਵਿੱਚ ਲਾਹੌਰ ਤੋਂ ਛਪੀ ਸੀ, ਵਿੱਚ ਲਿਖਿਆ ਹੈ ਕਿ ਰਾਇਕੱਲਾ ਗੁਰੂ ਜੀ ਨੂੰ ਜੱਟਪੁਰੇ ਮਿਲਿਆ। ਲੰਮੇ ਜੱਟਪੁਰੇ ਵਿੱਚ ਗੁਰੂ ਜੀ ਦੇ ਠਹਿਰਨ ਦੀਆਂ ਤਰੀਕਾਂ 5, 6, 7 ਮਾਘ (ਜਨਵਰੀ 19, 20, 21) ਨੂੰ ਹਰ ਸਾਲ ਸਾਲਾਨਾ ਜੋੜ ਮੇਲਾ ਮਨਾਇਆ ਜਾਂਦਾ ਹੈ।
9. ਸਰਦਾਰ ਸੁਖਵੰਤ ਸਿੰਘ ਨੇ ਆਪਣੀ ਪੁਸਤਕ "ਏ ਹਿਸਟਰੀ ਆਫ ਦੀ ਸਿੱਖਜ਼" ਜੋ ਕਿ ਵਿੱਚ ਲੰਦਨ 1966 ਵਿੱਚ ਛਪੀ ਸੀ, ਵਿੱਚ ਲਿਖਿਆ ਹੈ ਕਿ ਗੁਰੂ ਜੀ ਨੇ 'ਜ਼ਫ਼ਰਨਾਮੇ' ਦੇ ਕੁਝ ਬੰਦ ਲੰਮੇ ਜੱਟਪੁਰੇ ਵਿੱਚ ਲਿਖੇ।

ਇਸ ਤੋਂ ਇਲਾਵਾ ਸਿੱਖ ਬੁੱਧੀਜੀਵੀਆਂ ਅਤੇ ਧਾਰਮਿਕ ਆਗੂਆਂ ਨੇ ਵੀ ਇਨ੍ਹਾਂ ਤੱਥਾਂ ਦੀ ਪੁਸ਼ਟੀ ਕੀਤੀ ਹੈ ।

1. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਹੋਰਾਂ ਨੇ ਇਸ ਇਤਿਹਾਸ ਨੂੰ ਸਹੀ ਮੰਨਿਆ ।
2. ਹਾਜ਼ੀ ਅਨਵਰ ਖਾਨ ਸਾਬਕਾ ਐਮਐਲਏ ਅਤੇ ਸਾਜਿਦਾ ਬੇਗਮ ਐਮਐਲਏ ਮਲੇਰਕੋਟਲਾ ਨੇ ਵੀ ਇਸ ਇਤਿਹਾਸ ਦੀ ਪ੍ਰੋੜਤਾ ਕੀਤੀ ਹੈ ।
3. ਗਿਆਨੀ ਲਾਲ ਸਿੰਘ ਜੀ ਸਾਬਕਾ ਚੇਅਰਮੈਨ ਪੰਜਾਬ ਸਰਵਿਸ ਕਮਿਸ਼ਨ ਅਤੇ ਸਲਾਹਕਾਰ ਗੁਰਮਤਿ ਕਾਲਜ ਪਟਿਆਲਾ ਜਿਨ੍ਹਾਂ ਨੇ ਮੌਕੇ 'ਤੇ ਇਤਿਹਾਸਕ ਨਿਸ਼ਾਨੀਆਂ ਦੇਖ ਕੇ ਘਟਨਾਵਾਂ ਦੀ ਪੁਸ਼ਟੀ ਕੀਤੀ ਤੇ ਸਹੀ ਮੰਨਿਆ।
4. ਸਾਲ 1982 ਵਿੱਚ ਜੁਲਾਈ ਮਹੀਨੇ ਜਗਦੇਵ ਸਿੰਘ ਜੱਸੋਵਾਲ ਹੋਰਾਂ ਨੇ ਗੁਰੂ ਜੀ ਦੇ ਇਸ ਨਗਰ ਵਿੱਚ ਆਉਣ ਦੀ ਯਾਦ ਸਬੰਧੀ ਗੁਰਦੁਆਰਾ ਗੁਰੂਸਰ ਪੰਜੂਆਣਾ ਸਾਹਿਬ ਪਾਤਸ਼ਾਹੀ ਦਸਵੀਂ ਲੰਮਾ ਜੱਟਪੁਰਾ ਵਿੱਚ ਖੰਡਾ ਸਾਹਿਬ ਸਥਾਪਤ ਕਰਕੇ ਇਤਿਹਾਸ ਦੀ ਸੱਚਾਈ ਪ੍ਰਗਟ ਕੀਤੀ।
5. ਸਵਰਗਵਾਸੀ ਜਥੇਦਾਰ ਜਗਦੇਵ ਸਿੰਘ ਤਲਵੰਡੀ, ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਰਾਏਕੋਟ ਜਗਰਾਉਂ ਰੋਡ ਤੇ ਲੰਮਾ ਜੱਟਪੁਰਾ ਲਿੰਕ ਰੋਡ ਉੱਤੇ ਇੱਕ ਯਾਦਗਾਰੀ ਗੇਟ ਬਣਵਾਇਆ। ਜਿਸ ਉੱਤੇ "ਬੀਸ ਇੱਕੀਸ ਦਿਨ ਰਹੇ ਗੁਰੂ ਲੰਮੀ" ਸ਼ਬਦ ਉੱਕਰੇ ਹੋਏ ਹਨ ਅਤੇ ਨਾਲ ਹੀ ਇੱਕ ਨੀਂਹ ਪੱਥਰ ਵੀ ਲੱਗਾ ਹੋਇਆ ਹੈ ਜਿਸ ਉੱਤੇ ਲਿਖਿਆ ਹੈ ਕਿ ਗੁਰੂ ਜੀ ਨੇ ਇੱਥੇ ਲੰਮਾ ਜੱਟਪੁਰਾ ਵਿਖੇ ਜ਼ੁਲਮ ਰਾਜ ਦੀ ਜੜ੍ਹ ਪੁੱਟੀ ਅਤੇ ਇਸ ਪਿੰਡ ਵਿੱਚ 21 ਦਿਨ ਰਹੇ ਸਨ।

ਇਸ ਇਤਿਹਾਸ ਬਾਰੇ ਨਵੇਂ ਲੇਖਕਾਂ ਦੇ ਵਿਚਾਰ ਜੋ ਅਖਬਾਰਾਂ, ਰਸਾਲਿਆਂ ਜਾਂ ਪੁਸਤਕਾਂ ਵਿੱਚੋਂ ਇਕੱਤਰ ਕੀਤੇ ਗਏ ਹਨ ।

1. ਰੋਜ਼ਾਨਾ ਅਖ਼ਬਾਰ 'ਅੱਜ ਦੀ ਆਵਾਜ਼' ਵਿੱਚ 26 ਦਸੰਬਰ 1991 ਦੇ ਅੰਕ ਵਿੱਚ ਲੇਖਕ ਰਣਬੀਰ ਸਿੰਘ ਮਹਿਮੀ ਆਪਣੇ ਲੇਖ 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਵਿੱਚ ਜੱਟਪੁਰੇ ਦਾ ਜ਼ਿਕਰ ਕਰਦੇ ਹਨ ।
2. ਰੋਜ਼ਾਨਾ ਅਖ਼ਬਾਰ 'ਅਜੀਤ' ਦੇ 17 ਜਨਵਰੀ 1992 ਦੇ ਅੰਕ ਵਿੱਚ ਚਰਨ ਸਿੰਘ ਮਾਹੀ ਨੇ 'ਲੰਮੇ ਜੱਟਪੁਰੇ ਦਾ ਜੋੜ ਮੇਲਾ' ਲੇਖ ਵਿੱਚ ਲੰਮੇ ਜੱਟਪੁਰੇ ਨਗਰ ਦਾ ਜ਼ਿਕਰ ਕੀਤਾ ਹੈ ।
3. ਰੋਜ਼ਾਨਾ 'ਅੱਜ ਦੀ ਅਵਾਜ' ਅਖ਼ਬਾਰ ਵਿੱਚ 27 ਦਸੰਬਰ 1994 ਦੇ ਅੰਕ ਵਿੱਚ ਕੁਲਦੀਪ ਸਿੰਘ ਬਰਮਾਲੀਪੁਰ ਨੇ "ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ" ਲੇਖ ਵਿੱਚ ਦੀਨੇ ਕਾਂਗੜ ਦਾ ਜਿਕਰ ਕੀਤਾ ਹੈ ।
4. ਜਨਵਰੀ 1994 ਦੇ ਅਖ਼ਬਾਰ ਵਿੱਚ ਸਰਦਾਰ ਕੋਮਲ ਸਿੰਘ ਨੇ ਲੇਖ 'ਪਟਨੇ ਤੋਂ ਨੰਦੇੜ ਤੱਕ ਦਾ ਰਾਹੀ' ਵਿੱਚ ਰਾਏਕੋਟ ਦਾ ਜ਼ਿਕਰ ਕੀਤਾ ।
5. ਦਸੰਬਰ 1994 ਦੇ 'ਪੰਜਾਬ ਪੋਰਟਰੇਟ' ਰਸਾਲੇ ਅਤੇ 'ਅਕਾਲੀ ਪੱਤ੍ਰਿਕਾ' ਅਖ਼ਬਾਰ ਵਿੱਚ ਡਾਕਟਰ ਬਲਕਾਰ ਸਿੰਘ ਹੋਰਾਂ ਨੇ ਮਾਛੀਵਾੜੇ ਦਾ ਜਿਕਰ ਕੀਤਾ ਹੈ ।
6. 28 ਦਸੰਬਰ 1995 ਦੇ ਅਜੀਤ ਅਖ਼ਬਾਰ ਵਿੱਚ ਡਾ. ਮੇਜਰ ਸਿੰਘ ਤੱਤਲਾ ਹੋਰਾਂ ਨੇ 'ਜਦੋਂ ਜ਼ੁਲਮ ਰਾਜ ਦੀ ਜੜ੍ਹ ਪੁੱਟੀ ' ਲੇਖ ਵਿੱਚ ਵਿਸਥਾਰ ਨਾਲ ਲੰਮੇ ਜੱਟਪੁਰੇ ਦਾ ਵਰਣਨ ਕੀਤਾ ਹੈ ।
7. ਦਸੰਬਰ 1995 ਦੇ 'ਸੰਤ ਸਿਪਾਹੀ' ਰਸਾਲੇ ਵਿੱਚ ਲੇਖਕ ਹਰਜਿੰਦਰ ਸਿੰਘ ਦਿਲਗੀਰ ਦੇ ਇੱਕ ਲੇਖ ਵਿੱਚ ਲੰਮੇ ਜੱਟਪੁਰੇ ਦਾ ਜ਼ਿਕਰ ਕਰਦੇ ਹਨ ਜਦੋਂ ਕਿ ਇਸ ਅੰਕ ਵਿੱਚ ਗਿਆਨੀ ਜੀਵਨ ਸਿੰਘ ਕਾਂਗੜ ਦੀਨ ਦਾ ਜ਼ਿਕਰ ਕਰਦੇ ਹਨ।
8. ਜਨਵਰੀ 1996 ਦੇ 'ਨਿਰਮਲ ਮਾਰਗ' ਰਸਾਲੇ ਵਿੱਚ ਸ੍ਰ. ਭਗਤ ਸਿੰਘ ਸਟੈਨੋ ਆਪਣੇ ਲੇਖ 'ਚਾਲੀ ਮੁਕਤੇ' ਵਿੱਚ ਕਨੇਚ ਪਿੰਡ ਦਾ ਜ਼ਿਕਰ ਕਰਦੇ ਹਨ ।
9. ਜੂਨ 1997 ਦੇ 'ਕੌਮਾਂਤਰੀ ਪ੍ਰਦੇਸੀ' ਰਸਾਲੇ ਵਿੱਚ 'ਦੇਸ ਪ੍ਰਦੇਸ' ਮੈਗਜ਼ੀਨ ਦੇ ਬਾਨੀ ਸਵਰਗਵਾਸੀ ਤਰਸੇਮ ਸਿੰਘ ਪੁਰੇਵਾਲ ਹੁਰਾਂ ਨੇ ਲੇਖ 'ਗੁਰੂ ਗੋਬਿੰਦ ਸਿੰਘ ਜੀ ਦਾ ਗੰਗਾ ਸਾਗਰ ਸਿੱਖਾਂ ਲਈ ਪਵਿੱਤਰ ਨਿਸ਼ਾਨੀ' ਅਤੇ 3 ਅਗਸਤ 1997 ਦੇ 'ਅਜੀਤ' ਅਖ਼ਬਾਰ ਵਿੱਚ ਪਾਕਿਸਤਾਨ ਦੇ ਪ੍ਰਸਿੱਧ ਪੰਜਾਬੀ ਲੇਖਕ ਇਲਿਆਸ ਘੁੰਮਣ ਹੁਰਾਂ ਨੇ 'ਜਦੋਂ ਗੰਗਾ ਸਾਗਰ ਪ੍ਰਵਾਸੀ ਹੋਇਆ' ਵਿੱਚ ਰਾਏਕੋਟ ਦਾ ਜ਼ਿਕਰ ਕੀਤਾ ਹੈ ।
10. 'ਸਾਡਾ ਇਤਿਹਾਸ' ਪੁਸਤਕ ਵਿੱਚ ਪ੍ਰਿੰਸੀਪਲ ਸਤਵੀਰ ਸਿੰਘ ਹੁਰਾਂ ਨੇ 402 ਸਫ਼ੇ ਉੱਤੇ ਲੰਮੇ ਜੱਟਪੁਰੇ ਦਾ ਜ਼ਿਕਰ ਕੀਤਾ ਹੈ।
11. ਸਾਲ 1995 ਦੇ 'ਸੰਤ ਸਿਪਾਹੀ' ਰਸਾਲੇ ਵਿੱਚ ਡਾ. ਹਰਜਿੰਦਰ ਸਿੰਘ ਦਿਲਗੀਰ 'ਸਾਹਿਬਜ਼ਾਦਿਆਂ ਦੀ ਗ੍ਰਿਫਤਾਰੀ ਦੀ ਖਬਰ ਜਦ ਭਾਈ ਦੂਨਾ ਜੀ ਨੂੰ ਲੱਗੀ ਤਾਂ ਉਸ ਨੇ ਭਾਈ ਦਇਆ ਸਿੰਘ ਪ੍ਰੋਹਤ ਨੂੰ ਦੱਸੀ। ਭਾਈ ਦਇਆ ਸਿੰਘ ਨੇ ਇਸਦੀ ਵਾਕਫੀ ਲੰਮੇ ਜੱਟਪੁਰੇ ਜਾ ਕੇ ਦਿੱਤੀ। ਭਾਈ ਦੂਨਾ ਸਹੇੜੀ ਦਾ ਤਰਖਾਣ ਸੀ।
12. ਹਰਿੰਦਰ ਸਿੰਘ ਮਹਿਬੂਬ ਆਪਣੀ ਪੁਸਤਕ 'ਪੰਥ ਦਾ ਬਾਨੀ ਕਲਗੀਆਂ ਵਾਲਾ ਨੀਲੇ ਵਾਲਾ' ਜੋ ਕਿ 1996 ਵਿੱਚ ਪ੍ਰਕਾਸ਼ਿਤ ਹੋਈ ਸੀ, ਵਿੱਚ ਲਿਖਦੇ ਹਨ ਤੇ ਨੂਰਾ ਮਾਹੀ ਸਿੱਧਾ ਸਰਹਿੰਦ ਪੁੱਜਾ ਅਤੇ ਚਾਰ ਦਿਨਾਂ ਮਗਰੋਂ ਭਾਰੀ ਗ਼ਮ ਵਿੱਚ ਡੁੱਬ ਕੇ ਵਾਪਸ ਆ ਗਿਆ । ਉਸ ਵੇਲੇ ਗੁਰੂ ਜੀ ਮਿੱਟੀ ਦੀ ਢਿੱਗ ਉੱਤੇ ਬੈਠੇ ਸਨ। ਜਦ ਮਾਹੀ ਦੁੱਖਾਂ ਦੀ ਕਹਾਣੀ ਸੁਣਾ ਰਿਹਾ ਸੀ ਤਾਂ ਗੁਰੂ ਜੀ ਕਿਸੇ ਬੇਧਿਆਨ ਡੂੰਘੀ ਉਦਾਸੀ ਵਿੱਚ ਕਾਹੀ ਦੇ ਬੂਟੇ ਨੂੰ ਜੜ੍ਹਾਂ ਤੋਂ ਖੋਦ ਰਹੇ ਸਨ।ਜਦ ਨੂਰੇ ਮਾਹੀ ਸਾਹਿਬਜ਼ਾਦੇ ਦੀ ਸ਼ਹੀਦੀ ਦੀ ਖ਼ਬਰ ਸੁਣਾ ਚੁੱਕਾ ਸੀ ਤਾਂ ਸਿੰਘਾਂ ਨੇ ਗੁਰੂ ਜੀ ਦੀ ਸੱਜੀ ਅੱਖ ਵਿੱਚੋਂ ਇੱਕ ਹੰਝੂ ਤਿਲਕਦਾ ਦੇਖਿਆ ।ਗੁਰੂ ਜੀ ਨੇ ਕਿਸੇ ਫੈਸਲਾਕੁੰਨ ਲੰਮਹੇ ਉੱਤੇ ਕਾਹੀ ਦੀ ਜੜ੍ਹ ਨੂੰ ਤੀਰ ਦੀ ਨੋਕ ਤੇ ਟੰਗ ਕੇ ਆਸਮਾਨ ਵੱਲ ਕੀਤਾ ਤੇ ਹੌਲੇ ਜਿਹੇ ਕਿਹਾ "
ਜ਼ਾਲਮਾਂ ਦੀ ਜੜ੍ਹ ਹੁਣ ਇਸ ਤਰ੍ਹਾਂ ਪੁੱਟੀ ਜਾਵੇਗੀ।"
ਸਿੱਖ ਪਰੰਪਰਾ ਦੱਸਦੀ ਹੈ ਕਿ ਰਾਏ ਕੱਲੇ ਨੇ 16 ਦਿਨ ਗੁਰੂ ਜੀ ਦੀ ਖ਼ਿਦਮਤ ਕੀਤੀ। ਇੱਥੇ ਮਹਿਬੂਬ ਸਾਹਿਬ ਨੇ ਜੜ੍ਹ ਪੁੱਟਣ ਦਾ ਜ਼ਿਕਰ ਤੱਕ ਕੀਤਾ ਪਰ ਕਿਸੇ ਸਥਾਨ ਦਾ ਜ਼ਿਕਰ ਨਹੀਂ ਕੀਤਾ ਕਿ ਕਿਸ ਜਗ੍ਹਾ ਜੜ੍ਹ ਪੁੱਟੀ ਸੀ ।
13. ਪ੍ਰਿੰਸੀਪਲ ਗੁਰਨਾਮ ਸਿੰਘ ਬਿੰਜਲ ਹੁਰਾਂ ਨੇ 1999 ਵਿੱਚ ਛਪੀ ਪੁਸਤਕ 'ਬਚਨ ਦੀ ਕਰਾਮਾਤ' ਵਿੱਚ ਲੰਮੇ ਜੱਟਪੁਰੇ ਦਾ ਵਿਸਥਾਰ ਪੂਰਵਕ ਜ਼ਿਕਰ ਕੀਤਾ ਹੈ ।
14. ਸਾਲ 2000 ਦੇ ਰੋਜ਼ਾਨਾ 'ਜਗ ਬਾਣੀ' ਵਿੱਚ 28 ਮਈ ਅਤੇ 5 ਜੂਨ ਦੇ ਅੰਕਾਂ ਵਿੱਚ ਲੇਖਕ ਗੁਰਪ੍ਰੀਤ ਸਿੰਘ ਨਿਆਮੀਆਂ ਨੇ ਲੰਮੇ ਜੱਟਪੁਰੇ ਦਾ ਦੌਰਾ ਕਰਕੇ ਗੁਰਦੁਆਰਾ ਗੁਰੂਸਰ ਪੰਜੂਆਣਾ ਸਾਹਿਬ ਅਤੇ ਗੁਰਦੁਆਰਾ ਛੋਟਾ ਦਮਦਮਾ ਸਾਹਿਬ ਬਾਰੇ ਲੇਖਾਂ ਵਿੱਚ ਖਾਸ ਜ਼ਿਕਰ ਕੀਤਾ ਹੈ ।
15. 21 ਦਸੰਬਰ 2011 ਦੇ ਰੋਜ਼ਾਨਾ ਸਪੋਕਸਮੈਨ ਅਖ਼ਬਾਰ ਵਿੱਚ ਹਰਜਿੰਦਰ ਸਿੰਘ ਦਿਲਗੀਰ 'ਇਤਿਹਾਸ ਵਿੱਚ ਅੱਜ ਦਾ ਦਿਨ' ਕਾਲਮ ਵਿੱਚ ਲਿਖਦੇ ਹਨ "17 ਦਸੰਬਰ ਦੀ ਰਾਤ ਲੰਮੇ ਜੱਟਪੁਰੇ ਬਿਤਾਈ ਜਿੱਥੇ ਰਾਏ ਕਲਾਂ ਆਪ ਨੂੰ ਮਿਲਣ ਆਇਆ। ਉਹਨੇ ਆਪਣੇ ਸਾਥੀ ਨੂਰੇ ਮਾਹੀ ਨੂੰ ਸਰਹਿੰਦ ਭੇਜ ਕੇ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਮੰਗਵਾਈ । ਦੋ ਰਾਤਾਂ ਇੱਥੇ ਰਹਿਣ ਤੋਂ ਮਗਰੋਂ ਇੱਥੋਂ ਚੱਲ ਕੇ ਗੁਰੂ ਜੀ ਤਖਤੂਪੁਰੇ ਪੁੱਜੇ। ਇੱਥੇ ਆਪ ਦੇ ਨਾਲ ਆਏ ਪੰਜ ਮੁਸਲਮਾਨ ਮੁਰੀਦਾਂ ਨੂੰ ਅਲਵਿਦਾ ਆਖੀ ਤੇ ਘੋੜੇ ਤੇ ਸਵਾਰ ਹੋ ਕੇ ਅੱਗੇ ਚੱਲ ਪਏ । ਫਿਰ ਮਧੇਅ ਹੁੰਦੇ ਹੋਏ ਭਦੌੜ ਪੁੱਜੇ। 20 ਦਸੰਬਰ ਦੀ ਰਾਤ ਉੱਥੇ ਬਿਤਾਉਣ ਮਗਰੋਂ 21 ਦਸੰਬਰ ਦੀਨਾ ਪਿੰਡ ਜਾ ਪੁੱਜੇ। 22 ਦਸੰਬਰ ਦੇ ਅੰਕ ਵਿੱਚ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ 22 ਦਸੰਬਰ 1705 ਨੂੰ ਔਰੰਗਜ਼ੇਬ ਦੇ ਨਾਂ ਇੱਕ ਖ਼ਤ ਲਿਖਿਆ ਜਿਸ ਨੂੰ 'ਜ਼ਫ਼ਰਨਾਮਾ' ਕਹਿੰਦੇ ਹਨ। ਜਿਸ ਜਗ੍ਹਾ 'ਜ਼ਫ਼ਰਨਾਮਾ' ਲਿਖਿਆ ਸੀ, ਉਸ ਜਗ੍ਹਾ ਦਿਆਲਪੁਰਾ ਭਾਈਕਾ ਵਸ ਚੁੱਕਾ ਹੈ। ਇਹ ਖ਼ਤ ਦੋ ਪਿਆਰਿਆਂ ਭਾਈ ਦਿਆ ਸਿੰਘ ਤੇ ਭਾਈ ਧਰਮ ਸਿੰਘ ਰਾਹੀਂ ਔਰੰਗਜ਼ੇਬ ਤੱਕ ਪੁੱਜਿਆ ਸੀ । ਇੱਥੇ ਡਾ. ਸਾਹਿਬ ਜੋ ਲਿਖਦੇ ਹਨ ਕਿ ਸਾਹਿਬਜ਼ਾਦਿਆਂ ਦੀ ਖ਼ਬਰ 22 ਦਸੰਬਰ ਨੂੰ ਮੰਗਵਾ ਕੇ ਜ਼ਫ਼ਰਨਾਮਾਂ ਵੀ ਲਿਖਵਾ ਦਿੱਤਾ ਪਰ ਸ਼ਹੀਦੀ ਤਾਂ ਅਜੇ 27 ਦਸੰਬਰ ਨੂੰ ਹੋਣੀ ਸੀ। ਬਾਕੀ ਇਤਿਹਾਸ ਮੁਤਾਬਕ ਗੁਰੂ ਜੀ ਲੰਮੇ ਜੱਟਪੁਰੇ ਵਿੱਚ 21 ਦਿਨ ਤੱਕ ਰਹੇ ਸਨ ਅਤੇ 'ਜ਼ਫ਼ਰਨਾਮੇ' ਦੇ ਕੁਝ ਬੰਦ ਵੀ ਇੱਥੇ ਬੈਠ ਕੇ ਲਿਖੇ ਸਨ ਬਾਕੀ ਦੋ ਦਿਨਾਂ ਵਿੱਚ ਲੰਮੇ ਜੱਟਪੁਰੇ ਤੋਂ ਚੱਲ ਕੇ ਕਾਂਗੜ ਦੀਨੇ ਤੱਕ ਪੁੱਜ ਕੇ ਜਫ਼ਰਨਾਮਾ ਲਿਖਣਾ ਜੱਚਦਾ ਨਹੀਂ। ਇਸ ਬਾਰੇ ਪਿੰਡ ਦੇ ਇੱਕ ਵਿਅਕਤੀ ਗੁਰਬਚਨ ਸਿੰਘ ਢਿੱਲੋਂ ਨੇ ਜਦੋਂ ਇੰਗਲੈਂਡ ਵਿੱਚ ਡਾ. ਦਿਲਗੀਰ ਸਾਹਿਬ ਨਾਲ ਸੰਪਰਕ ਕੀਤਾ ਤਾਂ ਫੋਨ ਤੇ ਡਾ. ਸਾਹਿਬ ਨੇ ਜਵਾਬ ਦਿੱਤਾ ਕਿ "ਮੈਂ ਲੰਮੇ ਜੱਟਪੁਰੇ ਦਾ ਨਾਂ ਤਾਂ ਲਿਖ ਦਿੱਤਾ।'ਜਿਸ ਤਰ੍ਹਾਂ ਉਨ੍ਹਾਂ ਨੇ ਲੰਮਾ ਜੱਟਪੁਰਾ ਦਾ ਜ਼ਿਕਰ ਕਰਕੇ ਬਹੁਤ ਵੱਡਾ ਅਹਿਸਾਨ ਕੀਤਾ ਹੋਵੇ ਅਤੇ ਫੋਨ ਕੱਟ ਦਿੱਤਾ।
16. 2004 ਵਿੱਚ ਲੇਖਕ ਜਰਨੈਲ ਸਿੰਘ ਅੱਚਰਵਾਲ ਨੇ ਪੁਸਤਕ 'ਸੰਗਰਾਮੀ ਪਿੰਡ' ਵਿੱਚ ਲੰਮੇ ਜੱਟਪੁਰੇ ਦਾ ਜ਼ਿਕਰ ਕੀਤਾ ਹੈ ।
17. 2014 ਦੇ 'ਗੁਰਮਤਿ ਪ੍ਰਕਾਸ਼' ਦੇ ਜਨਵਰੀ ਅੰਕ ਵਿੱਚ ਚਰਨ ਸਿੰਘ ਮਾਹੀ ਨੇ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਲੰਮਾ ਜੱਟਪੁਰਾ' ਵਿੱਚ ਲੰਮੇ ਜੱਟਪੁਰੇ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ ।
18. ਅਗਸਤ 2016 ਵਿੱਚ ਕੈਨੇਡਾ ਤੋਂ ਛਪਦੇ ਅਖ਼ਬਾਰ 'ਦੇਸ਼ ਦੋਆਬਾ' ਵਿੱਚ ਲੇਖਕ ਕੁਲਵੰਤ ਸਿੰਘ ਟਿੱਬਾ ਨੇ ਲੇਖ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਲੰਮਾ ਜੱਟਪੁਰਾ' ਵਿੱਚ ਇਸ ਪਿੰਡ ਦੇ ਇਤਿਹਾਸ ਬਾਰੇ ਦੱਸਿਆ ਹੈ।
19. ਜਨਵਰੀ 2017 ਦੇ ਅੰਕ ਵਿੱਚ 'ਗੁਰਮਤਿ ਪ੍ਰਕਾਸ਼' ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਹੁਰਾਂ ਨੇ ਲੇਖ 'ਸਾਹਿਬੇ ਕਮਾਲ' ਵਿੱਚ ਰਾਏਕੋਟ ਦਾ ਜ਼ਿਕਰ ਕੀਤਾ ਹੈ ।
20. ਸ੍ਰੀ ਪਟਨਾ ਸਾਹਿਬ ਤੋਂ ਜਨਵਰੀ 2017 ਵਿੱਚ ਚੱਲ ਰਹੀ ਗੁਰੂ ਗੋਬਿੰਦ ਸਿੰਘ ਜੀ ਦੀ ਲੜੀਵਾਰ ਕਥਾ ਵਿੱਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਉਸ ਵਕਤ ਦੇ ਜਥੇਦਾਰ ਇਕਬਾਲ ਸਿੰਘ ਹੁਰਾਂ ਨੇ ਪਿੰਡ ਲੰਮੇ ਜੱਟਪੁਰੇ ਦਾ ਜ਼ਿਕਰ ਕੀਤਾ ਸੀ ਅਤੇ ਨਾਲ ਹੀ ਉਹ ਜੰਡ ਦਾ ਜ਼ਿਕਰ ਕੀਤਾ ਸੀ, ਜਿਸ ਉੱਤੇ ਚੜ੍ਹ ਕੇ ਭਾਈ ਦਿਆ ਸਿੰਘ ਨੇ ਨੂਰੇ ਮਾਹੀ ਨੂੰ ਸਰਹਿੰਦ ਤੋਂ ਆਉਂਦਿਆਂ ਤੱਕਿਆ ਸੀ ਅਤੇ ਗੁਰਦੁਆਰਾ ਪੰਜੂਆਣਾ ਸਾਹਿਬ ਲੰਮਾ ਜੱਟਪੁਰਾ ਨਾਲ ਮੁਲਾਕਾਤ ਵੀ ਕਰਕੇ ਗਏ ਸਨ।
21. 11 ਜਨਵਰੀ 2019 ਦੇ 'ਚੜ੍ਹਦੀ ਕਲਾ ਟਾਈਮ ਟੀ ਵੀ' ਤੇ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੱਲ ਰਹੀ ਗੁਰੂ ਗੋਬਿੰਦ ਸਿੰਘ ਬਾਰੇ ਲੜੀਵਾਰ ਕਥਾ ਵਿੱਚ ਦਮਦਮੀ ਟਕਸਾਲ ਦੇ ਮੁਖੀ ਭਾਈ ਹਰਨਾਮ ਸਿੰਘ ਜੀ ਖਾਲਸਾ ਹੁਰਾਂ ਨੇ ਗੁਰੂ ਜੀ ਦੇ ਲੰਮੇ ਜੱਟਪੁਰੇ ਵਿੱਚ 21 ਦਿਨ ਠਹਿਰਨ ਦਾ ਜ਼ਿਕਰ ਤਾਂ ਕੀਤਾ ਜਦੋਂ ਕਿ ਜ਼ੁਲਮ ਰਾਜ ਦੀ ਜੜ੍ਹ ਪੁੱਟਣ ਬਾਰੇ ਰਾਏਕੋਟ ਦਾ ਜ਼ਿਕਰ ਕੀਤਾ ਹੈ ।
22. ਸਾਲ 2018 ਵਿੱਚ ਸ੍ਰ. ਕੇਹਰ ਸਿੰਘ ਮਠਾੜੂ ਹੋਰਾਂ ਨੇ ਕੈਨੇਡਾ ਤੋਂ ਪੁਸਤਕ 'ਗੰਗਾ ਸਾਗਰ' ਪ੍ਰਕਾਸ਼ਿਤ ਕੀਤੀ ਹੈ।ਜਿਸ ਵਿੱਚ ਲੰਮੇ ਜੱਟਪੁਰੇ ਦੇ ਇਤਿਹਾਸ ਦਾ ਖ਼ਾਸ ਵਰਣਨ ਹੈ।

**ਲੰਮੇ ਜੱਟਪੁਰੇ ਬਾਰੇ ਇਤਿਹਾਸਕ ਜਾਣਕਾਰੀ**

ਲੰਮਾ ਜੱਟਪੁਰਾ ਗੁਰੂ ਗੋਬਿੰਦ ਸਿੰਘ ਮਾਰਗ ਤੇ ਰਾਏਕੋਟ ਜਗਰਾਉਂ ਰੋਡ ਤੋਂ ਦੱਖਣ ਵੱਲ ਕਮਾਲਪੁਰੇ ਤੋਂ ਤਿੰਨ

(ਬਾਕੀ ਅਗਲੇ ਸਫੇ 'ਤੇ)

# ਲੰਮਾ ਜੱਟਪੁਰਾ: ਜਿੱਥੇ ਗੁਰੂ ਗੋਬਿੰਦ ਸਿੰਘ ਜੀ 21 ਦਿਨ ਰਹੇ

(ਸਫਾ 22 ਦੀ ਬਾਕੀ)

ਕਿਲੋਮੀਟਰ ਦੂਰ ਲਿੰਕ ਰੋਡ ਤੇ ਸਥਿਤ ਹੈ। ਲੰਮਾ ਅਤੇ ਜੱਟਪੁਰਾ ਦੋ ਵੱਖ ਵੱਖ ਨਗਰ ਹਨ ਪ੍ਰੰਤੂ ਦੋਹਾਂ ਨਗਰਾਂ ਵਿੱਚ ਇਤਿਹਾਸਕ ਸਾਂਝ ਹੈ। ਪਿੰਡ ਜੱਟਪੁਰਾ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹੈ ਜਦੋਂ ਕਿ ਪਿੰਡ ਲੰਮਾ ਨੂੰ ਦਸ਼ਮੇਸ਼ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 21 ਦਿਨ ਤੱਕ ਵਿਸ਼ਰਾਮ ਕਰਕੇ ਭਾਗ ਲਾਏ ਅਤੇ ਇਸ ਨਗਰ ਨੂੰ ਇਤਿਹਾਸਕ ਮਹੱਤਤਾ ਬਖਸ਼ੀ। ਇਸੇ ਕਰਕੇ ਹੀ ਇਨ੍ਹਾਂ ਨਗਰਾਂ ਦੀ ਸਾਂਝ ਬਾਰੇ ਸੱਚਖੰਡ ਵਾਸੀ ਸੰਤ ਬਾਬਾ ਅਜਾਇਬ ਸਿੰਘ ਜੀ ਕਿਹਾ ਕਰਦੇ ਸਨ ਕਿ ਦੋਹਾਂ ਨਗਰਾਂ ਲੰਮਾ ਅਤੇ ਜੱਟਪੁਰਾ ਨੂੰ ਦਾਦਾ ਪੋਤਾ ਆਪਣੀ ਬੁੱਕਲ ਵਿੱਚ ਲੁਕੋਈ ਬੈਠੇ ਹਨ। ਇੱਥੇ ਮੈਂ ਨਗਰ ਲੰਮਾ ਦੇ ਇਤਿਹਾਸ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰ ਰਿਹਾ ਹਾਂ ।

ਨਗਰ ਲੰਮਾ ਇਤਿਹਾਸ ਮੁਤਾਬਕ ਕਾਫੀ ਪੁਰਾਣਾ ਨਗਰ ਹੈ ਇਸ ਦੀ ਮੋੜ੍ਹੀ ਰਣਧੀਰ ਸਿੰਘ ਨੇ ਗੱਡੀ ਸੀ ਜਿਸ ਦੇ ਨਾਂ ਤੇ ਪਿੰਡ ਦਾ ਪਹਿਲਾ ਨਾਂ ਰਣਧੀਰਗੜ੍ਹ ਪਿਆ। ਉਹ ਬਹੁਤ ਲੰਮੇ ਉੱਚੇ ਕੱਦ ਦਾ ਹੋਣ ਕਰਕੇ ਫਿਰ ਇਸ ਪਿੰਡ ਦਾ ਨਾਂ ਲੰਮਾ ਪੈ ਗਿਆ ਜਿਸ ਦਾ ਗੋਤ ਖੇਲਾ ਸੀ । ਉਸ ਨੇ ਮਾਝੇ ਵਿੱਚ ਸੁਰ ਸਿੰਘ ਵਾਲਾ ਅਤੇ ਤਤਲਾ ਪਿੰਡਾਂ ਤੋਂ ਸਹਿਜੋ ਅਤੇ ਰਜਾਣੀ ਦੋ ਵਿਅਕਤੀ ਲਿਆਂਦੇ, ਜੋ ਆਪਸ ਵਿੱਚ ਮਮੇਰੇ ਜਾਂ ਮਸੇਰੇ ਭਰਾ ਸਨ। ਸੁਰ ਸਿੰਘ ਵਾਲੇ ਦਾ ਗੋਤ ਢਿੱਲੋਂ ਸੀ ਅਤੇ ਤੱਤਲਾ ਵਾਲੇ ਵਿਅਕਤੀ ਦਾ ਗੋਤ ਤੱਤਲਾ ਸੀ। ਪਿੰਡ ਲੰਮਾ ਵਿੱਚ ਦੋਹਾਂ ਗੋਤਾਂ ਦੇ ਨਾਂਅ ਤੇ ਢਿੱਲੋਂ ਅਤੇ ਤੱਤਲਾ ਦੋ ਪੱਤੀਆਂ ਹਨ। ਗੁਰੂ ਘਰ ਦੇ ਮਹਾਨ ਕੀਰਤਨੀਏ ਰਾਏ ਸੱਤਾ ਅਤੇ ਬਲਵੰਡ ਦਾ ਸਬੰਧ ਵੀ ਪਿੰਡ ਲੰਮੇ ਨਾਲ ਹੈ। ਬਲਵੰਡ ਦਾ ਜਨਮ ਪਿੰਡ ਲੰਮੇ ਦਾ ਸੀ ਅਤੇ ਗੁਰੂ ਨਾਨਕ ਦੇਵ ਜੀ ਦੇ ਰਬਾਬੀ ਸਾਥੀ ਭਾਈ ਮਰਦਾਨਾ ਜੀ ਦੀ ਮਾਸੀ ਦਾ ਲੜਕਾ ਸੀ।ਗੁਰੂ ਨਾਨਕ ਦੇਵ ਜੀ ਠੱਕਰਵਾਲ ਤੋਂ ਤਖ਼ਤੂਪੁਰਾ ਨੂੰ ਜਾਂਦੇ ਸਮੇਂ ਭਾਈ ਮਰਦਾਨੇ ਨਾਲ ਇਸ ਪਿੰਡ ਵਿੱਚ ਪਧਾਰੇ ਸਨ। ਸੱਤਾ ਬਲਵੰਡ ਦੇ ਮਾਮੇ ਦਾ ਲੜਕਾ ਸੀ, ਉਸ ਦਾ ਪਿੰਡ ਖੰਡੂਰ ਸਾਹਿਬ ਸੀ। ਪਿੰਡ ਵਿੱਚ ਸੰਨਿਆਸੀ ਡੇਰਾ ਸਵਾਮੀ ਪਰਮਾਨੰਦ ਜੀ ਅਤੇ ਹਰਗੁਦਿੰਆਣਾ ਸਾਹਿਬ, ਦੋ ਗੁਰਦੁਆਰਾ ਸਾਹਿਬ ਗੁਰਦੁਆਰਾ ਪੰਜੂਆਣਾ ਸਾਹਿਬ ਪਾਤਸ਼ਾਹੀ ਦਸਵੀਂ ਅਤੇ ਗੁਰਦੁਆਰਾ ਸਾਹਿਬ ਛੋਟਾ ਦਮਦਮਾ ਸਾਹਿਬ ਸੁਸ਼ੋਭਤ ਹਨ। ਇਸ ਤੋਂ ਇਲਾਵਾ ਆਜ਼ਾਦੀ ਸੰਗਰਾਮ ਦੇ ਯੋਧੇ ਗ਼ਦਰੀ ਦੇਸ਼ ਭਗਤ ਬਾਬਾ ਹਰਦਿੱਤ ਸਿੰਘ ਜੀ ਵੀ ਇਸ ਨਗਰ ਦੇ ਜੰਮਪਲ ਹਨ , ਜਿਨ੍ਹਾਂ ਨੇ ਆਜ਼ਾਦੀ ਸੰਘਰਸ਼ ਲਈ ਬਾਈ ਸਾਲ ਜੇਲ੍ਹਾਂ ਕੱਟੀਆਂ ਜਿਨ੍ਹਾਂ ਵਿੱਚ ਕਾਲੇ ਪਾਣੀ ਦੀ ਸਖ਼ਤ ਸਜ਼ਾ ਵੀ ਸਾਮਿਲ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਗੜ੍ਹੀ ਦੀ ਜੰਗ ਤੋਂ ਬਾਅਦ ਮਾਛੀਵਾੜੇ ਤੋਂ ਉੱਚ ਦੇ ਪੀਰ ਬਣ ਕੇ ਕਨੇਚ, ਲੱਲੀ,ਕਟਾਣੀ, ਆਲਮਗੀਰ, ਮੋਹੀ ਤੋਂ ਹੁੰਦੇ ਹੋਏ ਪਿੰਡ ਹੇਰਾਂ ਵਿਖੇ ਮਹੰਤ ਕਿਰਪਾਲ ਦਾਸ ਦੇ ਡੇਰੇ ਵਿੱਚ ਪੁੱਜੇ।ਮਹੰਤ ਕਿਰਪਾਲ ਦਾਸ ਨੇ ਮੁਸਲਮਾਨ ਇਲਾਕਾ ਹੋਣ ਕਰਕੇ ਗੁਰੂ ਜੀ ਨੂੰ ਡੇਰੇ ਵਿੱਚ ਰੱਖਣ ਤੋਂ ਇਨਕਾਰ ਕਰ ਦਿੱਤਾ।

ਹਲਵਾ ਰੇੜਾ ਅਰ ਤਲਵੰਡੀ, ਮੁਸਲਮਾਨ ਕੇ ਪਿੰਡ ਅਖੰਡੀ।
ਉਨ ਕੋ ਸੁਧ ਚਲਿ ਆਵੇ, ਉਹ ਮੁਝ ਪਰ ਚੜ੍ਹ ਆਵੇ ।।

ਭਾਵ ਕਿ ਹਲਵਾਰਾ ਅਤੇ ਤਲਵੰਡੀ ਮੁਸਲਮਾਨਾਂ ਦੇ ਪਿੰਡ ਹਨ ਅਗਰ ਉਨ੍ਹਾਂ ਨੂੰ ਪਤਾ ਲੱਗ ਗਿਆ ਤਾਂ ਉਹ ਚੜ੍ਹਾਈ ਕਰਕੇ ਆ ਜਾਣਗੇ ਅਤੇ ਮੇਰਾ ਡੇਰਾ ਢਾਹ ਦੇਣਗੇ। ਇੱਥੋਂ ਥੋੜ੍ਹੀ ਦੂਰ ਪਿੰਡ ਲੰਮਾ ਹੈ, ਆਪ ਉੱਥੇ ਚਲੇ ਜਾਓ, ਉਥੋਂ ਦੇ ਲੋਕ ਦਲੇਰ ਸੂਰਮੇ ਹਨ ਅਤੇ ਇੱਕ ਦਾਦੇ ਦੀ ਔਲਾਦ ਹਨ। ਉਹ ਤੁਹਾਨੂੰ ਨਿਡਰਤਾ ਨਾਲ ਆਪਣੇ ਪਾਸ ਰੱਖ ਸਕਣਗੇ।

ਲੰਮੇ ਗ੍ਰਾਮ ਆਪਿ ਚਲਿ ਆਇਏ।
ਸੋ ਰਾਖਹਿ ਤੁਮਕੋ ਕਰ ਦਾਈਏ।
ਨਰਸੁ ਹਜਾਰਹੁ ਦਾਦੇ ਪੋਤੇ ।
ਲਰਿਬੈ ਦਿਡ ਡਰ ਧਰੇ ਨਾ ਕੋਤੇ।
(ਗੁਰਪ੍ਰਕਾਸ਼ ਸੂਰਜ ਗ੍ਰੰਥ)

ਗੁਰੂ ਜੀ ਹੇਰਾਂ ਤੋਂ ਰਾਜੋਆਣਾ, ਸੀਲੋਆਣੀ ਤੋਂ ਹੁੰਦੇ ਹੋਏ 16 ਪੋਹ ਨੂੰ ਪਿੰਡ ਲੰਮੇ ਜੱਟਪੁਰੇ ਪੁੱਜੇ। ਇੱਥੇ ਰਾਏਕੋਟ ਦਾ ਚੌਧਰੀ ਰਾਇ ਕੱਲਾ ਆਪ ਜੀ ਦੇ ਦਰਸ਼ਨਾਂ ਲਈ ਆਇਆ। ਗੁਰੂ ਜੀ ਦੀ ਨਗਰ ਨਿਵਾਸੀਆਂ ਨੇ ਖ਼ੂਬ ਸੇਵਾ ਸੰਭਾਲ ਕੀਤੀ।

ਮਾਨ ਹੁਕਮ ਕੋ ਹਯ ਚਡਯੋ ਪੁਨ ਸਤਿਗੁਰ ਪਯਾਨੇ।
ਲੰਮੇ ਗ੍ਰਾਮ ਪੁਨ ਪਹੁੰਚ ਕੇ ਬਚ ਰਾਇ ਬਖਾਨੇ।
ਉਤਰਹੁ ਕਰੋ ਅਰਾਮ ਕੁਛ ਆਏ ਬਹੁ ਦੂਰੀ ।
ਮੁਝ ਪਰ ਕਰੁਣਾ ਕੀਜੀਏ ਦ੍ਰਿਸ਼ਟਿ ਦਿਖ ਰੂਰੀ।
ਲੰਮੇ ਗ੍ਰਾਮ ਬਿਰਾਜੀਏ ਆਇਉ ਮੈਂ ਸੰਗੀ।
ਬੈਠ ਬਿਤਾਵਹੁ ਸਮਾਂ ਕੁਛ ਮਮ ਪੂਰਹਉ ਮੰਗੀ।
(ਗੁਰਪ੍ਰਕਾਸ਼ ਸੂਰਜ ਗ੍ਰੰਥ)

ਰਾਇ ਕੱਲਾ ਗੁਰੂ ਜੀ ਨੂੰ ਬੇਨਤੀ ਕਰਨ ਲੱਗਾ ਕਿ ਗੁਰੂ ਜੀ ਕੋਈ ਸੇਵਾ ਬਖ਼ਸ਼ੋ। ਗੁਰੂ ਜੀ ਨੇ ਬਚਨ ਕੀਤਾ ਕਿ ਸਾਨੂੰ ਪਤਾ ਲੱਗਾ ਹੈ ਕਿ ਸਾਡੇ ਬਜ਼ੁਰਗ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਵਿੱਚ ਕੈਦ ਕੀਤਾ ਗਿਆ ਹੈ ਉਨ੍ਹਾਂ ਦੀ ਖ਼ਬਰ ਮੰਗਵਾ ਕੇ ਦਿਓ ਤਾਂ ਰਾਇ ਕੱਲੇ ਨੇ ਆਪਣੇ ਨੌਕਰ ਨੂਰੇ ਮਾਹੀ ਨੂੰ ਸਰਹਿੰਦ ਖ਼ਬਰ ਲੈਣ ਲਈ ਘੱਲਿਆ। ਨੂਰੇ ਮਾਹੀ ਦੀ ਭੈਣ ਨੂਰਾਂ ਸਰਹਿੰਦ ਵਿਆਹੀ ਹੋਈ ਸੀ। ਜਦੋਂ ਨੂਰਾ ਮਾਹੀ ਖ਼ਬਰ ਲੈ ਕੇ ਵਾਪਸ ਲੰਮੇ ਜੱਟਪੁਰੇ ਦੀ ਧਰਤੀ ਉੱਤੇ ਪੁੱਜਿਆ ਤਾਂ ਗੁਰੂ ਜੀ ਬੀਰ ਆਸਣ ਲਗਾਏ ਪਿੰਡ ਤੋਂ ਬਾਹਰ ਢਾਬ ਦੇ ਕਿਨਾਰੇ ਰਮਣੀਕ ਥਾਂ ਤੇ ਸੰਗਤਾਂ ਨੂੰ ਉਪਦੇਸ਼ ਸੁਣਾ ਰਹੇ ਸਨ। ਜਦੋਂ ਨੂਰਾ ਮਾਹੀ ਭੁੱਬਾਂ ਮਾਰ ਕੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣਾ ਰਿਹਾ ਸੀ ਤਾਂ ਗੁਰੂ ਜੀ ਤੀਰ ਦੀ ਨੋਕ ਨਾਲ ਇੱਕ ਕਾਹੀ ਦਾ ਬੂਟਾ ਖੁਰਚ ਰਹੇ ਸਨ। ਜਿਉਂ ਹੀ ਨੂਰੇ ਮਾਹੀ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣਾਈ ਤਾਂ ਗੁਰੂ ਜੀ ਨੇ ਕਾਹੀ ਦਾ ਬੂਟਾ ਜੜ੍ਹ ਤੋਂ ਪੁੱਟ ਦਿੱਤਾ ਅਤੇ ਬਚਨ ਕੀਤਾ।

ਜਿਮ ਇਨ ਕੀ ਜੜ ਕਾਟਿ ਉਖਾਰੀ।
ਤਥਾਂ ਤੁਰਕਨ ਕੀ ਬਿਨਸੈ ਸਾਰੀ ।
ਸੁਨਕਰ ਸ੍ਰੀ ਗੁਰ ਬਾਕ ਬਖਾਨਾ।
ਭਯੋ ਨਾਸ ਅਬ ਸਭ ਤੁਰਕਾਨਾ।
(ਗੁਰਪ੍ਰਕਾਸ਼ ਸੂਰਜ ਗ੍ਰੰਥ )

ਤਾਂ ਗੁਰੂ ਜੀ ਨੇ ਨੂਰੇ ਮਾਹੀ ਨੂੰ ਪੁੱਛਿਆ ਕਿ ਮਸੂਮ ਬੱਚਿਆਂ ਉੱਤੇ ਜ਼ੁਲਮ ਕਰਨ ਤੋਂ ਕਿਸੇ ਨੇ ਸੂਬੇ ਸਰਹਿੰਦ ਨੂੰ ਰੋਕਿਆ ਨਹੀਂ ਤਾਂ ਨੂਰੇ ਮਾਹੀ ਨੇ ਕਿਹਾ ਕਿ ਮਲੇਰਕੋਟਲੇ ਦੇ ਨਵਾਬ ਮੁਹੰਮਦ ਸ਼ੇਰ ਖਾਂ ਨੇ 'ਹਾਂਅ ਦਾ ਨਾਅਰਾ' ਮਾਰਿਆ ਸੀ।

ਬਾਲਕ ਸੀਰ ਖੋਰ ਕਿਆ ਦੋਸ਼।
ਹਾਣ ਲਾਭ ਕਾ ਇਨਹੇ ਨਾ ਹੋਸ਼।

ਪਰ ਸੂਬੇ ਦੀ ਚੰਡਾਲ ਚੌਕੜੀ ਨੇ ਨਵਾਬ ਮਲੇਰਕੋਟਲੇ ਦੀ ਅਪੀਲ ਨਾ ਸੁਣੀ ਤਾਂ ਉਹ ਬਾਈਕਾਟ ਕਰਕੇ ਚਲਿਆ ਗਿਆ ।ਇਸ ਤੇ ਗੁਰੂ ਜੀ ਨੇ ਬਚਨ ਕੀਤਾ ਕਿ;

ਇੱਕ ਮਲੇਰੀਅਨ ਦੀ ਜੜ੍ਹ ਰਹੇ ।
ਅਪਰ ਤੁਰਕ ਸਭ ਹੀ ਜਰ ਦਹੇ।
(ਗੁਰਪ੍ਰਤਾਪ ਸੂਰਜ ਗ੍ਰੰਥ)

ਗੁਰੂ ਜੀ ਨੇ ਖ਼ਾਨ ਮਲੇਰਕੋਟਲੇ ਨੂੰ 'ਹਾਅ ਦਾ ਨਾਅਰਾ' ਮਾਰਨ ਬਦਲੇ ਗੱਦੀ ਸਦਾ ਕਾਇਮ ਰਹਿਣ ਦਾ ਵਰ ਦਿੱਤਾ ਸੀ।

ਇਹ ਸੁਣ ਕੇ ਰਾਇ ਕੱਲਾ ਵੀ ਗਲ ਵਿੱਚ ਪੱਲੂ ਪਾ ਕੇ ਨਿਮਰਤਾ ਨਾਲ ਬੇਨਤੀ ਕਰਨ ਲੱਗਾ ਕਿ ਗੁਰੂ ਜੀ ਮੈਂ ਵੀ ਤੁਰਕ ਜਾਤੀ ਨਾਲ ਸੰਬੰਧ ਰੱਖਦਾ ਹਾਂ ਪ੍ਰੰਤੂ ਗੁਰੂ ਘਰ ਦਾ ਸੱਚਾ ਸੇਵਕ ਹਾਂ।ਮੇਰੇ ਅਤੇ ਮੇਰੇ ਪਰਿਵਾਰ ਤੇ ਕ੍ਰਿਪਾ ਕਰੋ।

ਇਸ ਦਾ ਵਰਣਨ ਗਿਆਨੀ ਗਿਆਨ ਸਿੰਘ ਜੀ ਨੇ 'ਪੰਥ ਪ੍ਰਕਾਸ਼' ਦੇ ਪੰਨਾ ਨੰਬਰ 292 ਉੱਤੇ ਕੀਤਾ ਹੈ।

ਹਾਥ ਜੋਰ ਕਲੇ ਨੇ ਆਖਯੋ ਮੈਂ ਵੀ ਤੁਰਕ ਸਦੈ ਹੌਂ।
ਤੇਰਾ ਬਖਸ਼ ਗੁਰੂ ਭਾਖਯੋ ਜਬ ਲੌਂ ਇਸੈ ਪੂਜਤੇ ਰੈਹੌਂ।
ਤਬ ਲੋ ਰੋਹੈ ਰਾਜ ਤੁਮਾਰਾ ਸਦਾ ਮਲੇਰੀ ਰੈਹੋ।
ਧਰਮ ਪਛਾਣ ਕਹਯੋ ਜਿਨ ਸੂਬਹਿ ਸੀਰ ਖੋਹ ਕਯੰ ਮਰੈ ਹੈ।

ਮਾਲਵਾ ਇਤਿਹਾਸ ਦੇ ਪੰਨਾ 185-5 ਅਨੁਸਾਰ ''ਤਦ ਕਲਗੀਧਰ ਪਾਤਸ਼ਾਹ ਜੀ ਨੇ ਇੱਕ ਖੰਡਾ, ਇੱਕ ਗੰਗਾ ਸਾਗਰ ਤੇ ਇੱਕ ਰਹਿਲ (ਪੋਥੀ ਪੜ੍ਹਨ ਵਾਲੀ) ਦੇ ਕੇ ਬਚਨ ਕੀਤਾ ਕਿ ਜਦ ਤੱਕ ਇਨ੍ਹਾਂ ਗੁਰ ਵਸਤਾਂ ਦੀ ਅਦਬ ਸਤਿਕਾਰ ਨਾਲ ਸੇਵਾ ਸੰਭਾਲ ਕਰੋਗੇ, ਉਨਾ ਚਿਰ ਤੁਹਾਡੀ ਚੜ੍ਹਦੀ ਕਲਾ ਰਹੇਗੀ ।ਨਿੱਜ ਕਰ ਮਹਿ ਧਰਿ ਬਾਕ ਬਖਾਨਾ।

ਤੁਝ ਕੋ ਬਖਸ਼ਹਿ ਚਾਰ ਕਿਰਪਾਨਾ।
ਜਬਿ ਲਗਿ ਰਖਹੁ ਅਦਬ ਇਸ ਕੇਰਾ।
ਰਹੇ ਬੰਸ ਹੁਇ ਰਾਜ ਬਡੇਰਾ।

ਕੁਝ ਸਮਾਂ ਬੀਤਣ ਤੋਂ ਬਾਅਦ ਰਾਏ ਕੱਲੇ ਦੇ ਪੋਤਰੇ ਰਾਏ ਇਲਿਆਸ ਨੇ ਗੁਰੂ ਜੀ ਦੇ ਬਚਨ ਦੀ ਅਵੱਗਿਆ ਕਰਕੇ ਗੁਰੂ ਜੀ ਦੀ ਬਰਸੀ ਤਲਵਾਰ ਪਹਿਨ ਕੇ ਘੋੜੇ 'ਤੇ ਸਵਾਰ ਹੋ ਕੇ ਸ਼ਿਕਾਰ ਖੇਡਣ ਚਲਿਆ ਗਿਆ ਅਤੇ ਇੱਕ ਹਿਰਨ ਦੇ ਪਿੱਛੇ ਘੋੜਾ ਭਜਾਇਆ।

ਹਿਰਨ ਦੇ ਨੇੜੇ ਪੁੱਜ ਕੇ ਜਦ ਹਿਰਨ ਤੇ ਵਾਰ ਕਰਨ ਲਈ ਤਲਵਾਰ ਵਾਹੀ ਤਾਂ ਅਚਾਨਕ ਘੋੜਾ ਘਬਰਾਇਆ ਅਤੇ ਉਹ ਘੋੜੇ ਤੋਂ ਹੇਠਾਂ ਡਿੱਗ ਪਿਆ। ਹੇਠਾਂ ਡਿੱਗਦਿਆਂ ਹੀ ਤਲਵਾਰ ਉਸ ਦੀ ਵੱਖੀ ਵਿੱਚ ਲੱਗੀ ਅਤੇ ਉੱਥੇ ਹੀ ਉਸ ਦੀ ਮੌਤ ਹੋ ਗਈ। ਕਿਹਾ ਜਾਂਦਾ ਹੈ ਕਿ ਉਹ ਤਲਵਾਰ ਦਾ ਕੋਈ ਪਤਾ ਨਹੀਂ ਲੱਗਾ ਅਤੇ ਉਹ ਘੋੜਾ ਕਾਠੀ ਸਮੇਤ ਵਾਪਸ ਰਾਏਕੋਟ ਹਵੇਲੀ ਆ ਗਿਆ। ਇਹ ਘਟਨਾ 1802 ਈਸਵੀ ਦੀ ਹੈ।ਰਾਏ ਇਲਿਆਸ ਬੇਔਲਾਦ ਹੀ ਸੀ। ਉਸ ਤੋਂ ਬਾਅਦ ਉਨ੍ਹਾਂ ਦਾ ਰਾਜ ਵੀ ਚਲਾ ਗਿਆ।

ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਦੇ ਪੰਨਾ ਨੰਬਰ 292 ਉੱਤੇ ਲਿਖਦੇ ਹਨ -

ਰਾਇ ਇਲਿਆਸ ਕੱਲੇ ਕਾ ਪੋਤਰਾ ਜਿਸ ਦਿਨ ਕਮਰ ਬੰਧੈ ਹੈ।
ਗਿਆ ਸ਼ਿਕਾਰ ਸ਼ਿਕਾਰ ਭਯੋ ਮ੍ਰਿਤ ਬਿਨ ਔਲਾਦ ਤਬੈ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਰਾਏ ਕੱਲੇ ਨੂੰ ਬਖਸ਼ੀ ਹੋਈ ਪਵਿੱਤਰ ਗੰਗਾ ਸਾਗਰ ਦੀ ਸੇਵਾ ਅੱਜ ਕੱਲ੍ਹ ਰਾਇ ਕੱਲੇ ਦੇ ਵਾਰਸ ਰਾਇ ਅਜ਼ੀਜ਼ ਉਲਾ ਖਾਂ ਜੋ ਕਿ ਪਾਕਿਸਤਾਨ ਵਿੱਚ ਰਹਿ ਰਹੇ ਹਨ । ਪਵਿੱਤਰ ਗੰਗਾ ਸਾਗਰ ਰਾਇ ਅਜ਼ੀਜ਼ ਉਲਾ ਖਾਂ ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਸ਼ਤਾਬਦੀ ਸਮਾਗਮ ਮੌਕੇ ਪੰਜਾਬ ਦੇ ਸ਼ਰਧਾਲੂਆਂ ਦੇ ਦਰਸ਼ਨਾਂ ਵਾਸਤੇ ਲਿਆਏ ਸਨ ।ਪਰ ਅਫ਼ਸੋਸ ਕਿ ਉਸ ਗੰਗਾ ਸਾਗਰ ਦੇ ਦਰਸ਼ਨ ਰਾਏਕੋਟ ਦੀ ਸੰਗਤ ਨੂੰ ਤਾਂ ਕਰਵਾਏ ਜਦੋਂ ਕਿ ਲੰਮਾ ਜੱਟਪੁਰਾ, ਜਿੱਥੋਂ ਗੰਗਾ ਸਾਗਰ ਦੀ ਬਖਸ਼ਿਸ਼ ਰਾਏ ਕੱਲੇ ਨੂੰ ਹੋਈ ਸੀ, ਸੰਗਤਾਂ ਨੂੰ ਕਿਸੇ ਕਾਰਨ ਕਰਕੇ ਦਰਸ਼ਨਾਂ ਤੋਂ ਵਾਂਝੇ ਰੱਖਿਆ ਗਿਆ ਹੈ ਕਿਉਂਕਿ ਰਾਏਕੋਟ ਤੇ ਲੰਮੇ ਜੱਟਪੁਰੇ ਦਾ ਇਸ ਵਿਸ਼ੇ ਤੇ ਵਾਦ ਵਿਵਾਦ ਚੱਲਦਾ ਰਹਿੰਦਾ ਹੈ। ਪ੍ਰੰਤੂ ਤਲਵੰਡੀ ਨਗਰ ਵਿੱਚ ਗੁਰਦੁਆਰਾ ਗੰਗਾ ਸਾਗਰ ਬਣਾਇਆ ਗਿਆ ਹੈ, ਜੋ ਕਿ ਆਉਣ ਵਾਲੇ ਸਮੇਂ ਸਿੱਖ ਇਤਿਹਾਸ ਵਿੱਚ ਇੱਕ ਨਵਾਂ ਵਿਵਾਦ ਖੜ੍ਹਾ ਕਰ ਸਕਦਾ ਹੈ।

ਗੁਰੂ ਜੀ ਇਸ ਤਰ੍ਹਾਂ ਨਗਰ ਲੰਮੇ ਜੱਟਪੁਰੇ ਵਿੱਚ 16 ਪੋਹ ਤੋਂ 7 ਮਾਘ ਤੱਕ 21 ਦਿਨ ਰਹੇ ਸਨ। 7 ਮਾਘ ਨੂੰ ਅੰਮ੍ਰਿਤ ਵੇਲੇ ਗੁਰੂ ਜੀ ਇੱਥੋਂ ਅੱਗੇ ਮਾਣੂੰਕੇ, ਲੱਖਾ, ਚਕਰ ਵੱਲ ਚਾਲੇ ਪਾ ਗਏ। ਗੁਰੂ ਜੀ ਦਿਨ ਦੇ ਵਕਤ ਪਿੰਡ ਦੇ ਬਾਹਰ ਇਕ ਢਾਬ ਦੇ ਕਿਨਾਰੇ ਸੰਗਤਾਂ ਨਾਲ ਵਿਚਾਰਾਂ ਕਰਦੇ ਸਨ ਜਿਸ ਜਗ੍ਹਾ ਅੱਜ ਕੱਲ੍ਹ ਗੁਰਦੁਆਰਾ ਗੁਰੂਸਰ ਪੰਜੂਆਣਾ ਸਾਹਿਬ ਪਾਤਸ਼ਾਹੀ ਦਸਵੀਂ ਸੁਸ਼ੋਭਿਤ ਹੈ।

ਢਾਬ ਜਿਸ ਦਾ ਜਲ ਗੁਰੂ ਜੀ ਸੰਗਤਾਂ ਸਮੇਤ ਵਰਤਿਆ ਕਰਦੇ ਸਨ ਮਾਘੀ ਵਾਲੇ ਦਿਨ ਗੁਰੂ ਜੀ ਨੇ ਢਾਬ ਵਿੱਚੋਂ ਪੰਜ ਬੁੱਕ ਗਾਰ ਕੱਢ ਕੇ ਸਰੋਵਰ ਹੋਣ ਦਾ ਵਰ ਦਿੱਤਾ ਸੀ, ਉਸ ਜਗ੍ਹਾ ਅੱਜ ਕੱਲ੍ਹ ਸਰੋਵਰ ਪੰਜੂਆਣਾ ਸਾਹਿਬ ਬਣਿਆ ਹੋਇਆ ਹੈ ਇਸ ਜਗ੍ਹਾ ਮੱਸਿਆ ਦਾ ਦਿਹਾੜਾ ਭਾਰੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਨਾਲ ਹੀ ਉਹ ਜਾਂਦਾ ਜਿਸ ਉੱਤੇ ਚੜ੍ਹ ਕੇ ਭਾਈ ਦਿਆ ਸਿੰਘ ਨੇ ਨੂਰੇ ਮਾਹੀ ਨੂੰ ਸਰਹਿੰਦ ਤੋਂ ਆਉਂਦਿਆਂ ਤੱਕਿਆ ਸੀ। ਉਹ ਜੰਡ ਅੱਜ ਵੀ ਝੱਖੜ ਤੂਫ਼ਾਨਾਂ ਦਾ ਮੁਕਾਬਲਾ ਕਰਦਾ ਹੋਇਆ ਸੰਗਤਾਂ ਨੂੰ ਦਰਸ਼ਨ ਦੇ ਕੇ ਇਤਿਹਾਸ ਦੀ ਗਵਾਹੀ ਭਰ ਰਿਹਾ ਹੈ।

ਰਾਤ ਦੇ ਵਕਤ ਗੁਰੂ ਜੀ ਇੱਕ ਸਿੱਖ ਰਾਮਦਿੱਤਾ ਸਿੰਘ ਢਿੱਲੋਂ ਦੇ ਘਰ ਵਿਸ਼ਰਾਮ ਕਰਿਆ ਕਰਦੇ ਸਨ ਜਿਸ ਜਗ੍ਹਾ ਪਰ ਗੁਰਦੁਆਰਾ ਛੋਟਾ ਦਮਦਮਾ ਸਾਹਿਬ ਸੁਸ਼ੋਭਿਤ ਹੈ। ਇਹ ਗੁਰਦੁਆਰਾ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਹੋਣ ਦੇ ਬਾਵਜੂਦ ਵੀ ਇਸ ਇਤਿਹਾਸ ਦੇ ਪ੍ਰਚਾਰ ਬਾਰੇ ਕੋਈ ਉੱਦਮ ਨਹੀਂ ਕੀਤਾ ਗਿਆ ।ਜਦੋਂ ਕਿ ਗੁਰਦੁਆਰਾ ਪੰਜੂਆਣਾ ਸਾਹਿਬ, ਨਗਰ ਲੰਮਾ ਵਾਸੀਆਂ ਅਤੇ ਐਨਆਰਆਈ ਵੀਰਾਂ ਦੀ ਦਿੱਤੀ ਮਾਇਆ ਨਾਲ ਨਾਲ ਬਣਿਆ ਹੈ ਅਤੇ ਬਾਬਾ ਬਲਵੀਰ ਸਿੰਘ ਜੀ ਮੁੱਖ ਸੇਵਾਦਾਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਅੱਜ ਸੰਸਾਰ ਪ੍ਰਸਿੱਧ ਇਤਿਹਾਸਕ ਸਥਾਨ ਬਣ ਚੁੱਕਾ ਹੈ। ਲੰਮਾ ਅਤੇ ਜੱਟਪੁਰਾ ਦੋਹਾਂ ਨਗਰਾਂ ਦੇ ਵਿਚਕਾਰ ਸਿੱਧ ਬਾਬਾ ਬਲਦੇਵ ਦਾਸ ਜੀ ਦੀ ਜਗ੍ਹਾ, ਜਿਸ ਜਗ੍ਹਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਤਿੰਨ ਸੌ ਘੋੜ ਸਵਾਰਾਂ ਸਮੇਤ ਕੁੱਝ ਸਮਾਂ ਵਿਸ਼ਰਾਮ ਕੀਤਾ ਸੀ ਅਸਥਾਨ ਹਰਗੁੰਦਿਆਣਾ ਸਾਹਿਬ ਮੌਜੂਦ ਹੈ। ਪਿੰਡ ਤੋਂ ਬਾਹਰ ਖੇਤਾਂ ਵਿੱਚ ਸਥਾਨ 'ਕਲਿਆਣਾ ਸਾਹਿਬ', ਜਿਸ ਜਗ੍ਹਾ ਰਾਏ ਕੱਲਾ ਗੁਰੂ ਜੀ ਦੇ ਦਰਸ਼ਨਾਂ ਲਈ ਪਰਿਵਾਰ ਸਮੇਤ ਆਇਆ ਸੀ। ਜਿਸ ਜਗ੍ਹਾ ਨੂਰਾ ਮਾਹੀ ਮੱਝਾਂ ਚਰਾਉਂਦਾ ਹੁੰਦਾ ਸੀ ਉਸ ਜਗ੍ਹਾ ਤੇ ਅੱਜ ਕੱਲ੍ਹ 'ਮਾਹੀਆਣਾ' ਮੌਜੂਦ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਨਗਰ ਵਿੱਚ ਆਗਮਨ ਦੀ ਖੁਸ਼ੀ ਵਿੱਚ ਹਰ ਸਾਲ 5, 6, 7 ਮਾਘ ਨੂੰ ਗੁਰਦੁਆਰਾ ਪੰਜੂਆਣਾ ਸਾਹਿਬ ਵਿਖੇ ਸਾਲਾਨਾ ਜੋੜ ਮੇਲਾ ਮਨਾਇਆ ਜਾਂਦਾ ਹੈ। ਮਾਘ ਨੂੰ ਮਹਾਨ ਨਗਰ ਕੀਰਤਨ ਕਰਵਾਏ ਜਾਂਦੇ ਹਨ 6 ਅਤੇ 7 ਮਾਘ ਨੂੰ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ। ਮੁੱਖ ਪ੍ਰਬੰਧਕ ਸੰਤ ਬਾਬਾ ਬਲਵੀਰ ਸਿੰਘ ਜੀ ਦੀ ਯੋਗ ਅਗਵਾਈ ਅਤੇ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਵਿੱਚ ਵੱਡੇ ਲੰਗਰ ਹਾਲ ਦੀ ਕਾਰ ਸੇਵਾ ਚੱਲ ਰਹੀ ਹੈ। ਸੰਗਤਾਂ ਸੇਵਾ ਵਿੱਚ ਹਿੱਸਾ ਪਾ ਕੇ ਜੀਵਨ ਸਫਲਾ ਕਰ ਰਹੀਆਂ ਹਨ।

## ਲੇਖਾ- ਜੋਖਾ ਸਰਕਾਰ ਦਾ

# ਪੰਜਾਬ ਸਰਕਾਰ ਪਿਛਲੇ ਸਾਲ ਕਾਂਗਰਸ ਪਾਰਟੀ ਦੀ ਸੀ



S R LADHAR
IAS (Retired)
9417500610

20 ਫ਼ਰਵਰੀ ਨੂੰ ਲੋਕਾਂ ਨੇ ਆਮ ਪਾਰਟੀ ਨੂੰ ਫ਼ਤਵਾ ਦੇ ਦਿੱਤਾ ਤੇ ਇੱਕ ਇਤਿਹਾਸਿਕ ਵਿਧਾਇਕਾਂ ਦੀ ਗਿਣਤੀ ਨਾਲ ਆਪ ਪਾਰਟੀ ਨੇ ਮਾਰਚ 2022 ਵਿੱਚ ਸਰਕਾਰ ਬਣਾਈ। ਲੋਕਾਂ ਨੇ ਬਹੁਤ ਉਮੀਦਾਂ ਲਾਈਆਂ ਹੋਈਆਂ ਸਨ। ਪਾਰਟੀ ਦੇ ਸੁਪਰੀਮੋ ਨੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚੇਹਰਾ ਐਲਾਨਿਆ ਤਾਂ ਲੋਕਾਂ ਨੇ ਉਸ ਘੋਸ਼ਣਾ ਨੂੰ ਜੀ ਆਇਆ ਕਿਹਾ ਤੇ ਜਿਵੇਂ ਕਹਿੰਦੇ ਨੇ ਕੇ ਵੋਟਾਂ ਦੇ ਟੋਕਰੇ ਭਰ-ਭਰ ਵੋਟਾਂ ਪਾਈਆਂ। ਹੁਣ ਜਦੋਂ ਸਰਕਾਰ ਬਣੀ ਨੂੰ ਦਸਵਾਂ ਮਹੀਨਾ ਚੱਲ ਰਿਹਾ ਹੈ ਤੇ ਕੇਜਰੀਵਾਲ ਵੱਲ ਪੰਜਾਬ ਦੇ ਲੋਕ ਵੇਖ ਰਹੇ ਹਨ ਤਾਂ ਲੋਕ ਠੱਗੇ-ਠੱਗੇ ਮਹਿਸੂਸ ਕਰ ਰਹੇ ਹਨ-

* ਕੋਈ ਗਰੰਟੀ ਪੂਰੀ ਨਹੀਂ ਹੋਈ
* ਮਹਿਲਾਵਾਂ ਦੇ ਖਾਤੇ ਵਿੱਚ 1000-1000 ਰੁਪਏ ਨਹੀਂ ਪਾਏ,
* ਬਜ਼ੁਰਗਾਂ ਅਤੇ ਵਿਧਵਾਵਾਂ ਦੀਆਂ ਪੈਨਸ਼ਨਾਂ ਦੁਗਣੀਆਂ ਨਹੀਂ ਹੋਈਆਂ ,
* ਕੱਚੇ ਮੁਲਾਜ਼ਮ ਪੱਕੇ ਨਹੀਂ ਹੋਏ,
* ਸਰਕਾਰੀ ਰਿਟਾਇਰ ਕਰਮਚਾਰੀਆਂ ਦੀਆਂ ਖਾਲੀ ਅਸਾਮੀਆਂ ਭਰਨ ਨੂੰ ਆਪ ਸਰਕਾਰ ਆਪਣੀਆਂ ਉਪਲਬ-ਧੀਆਂ ਗਿਣੀ ਜਾਂਦੇ ਹਨ,
* ਪੁਰਾਣੀ ਪੈਨਸ਼ਨ ਦਾ ਝੂਠਾ ਵਾਅਦਾ ਕੀਤਾ ਗਿਆ ਪਰ ਕੋਈ ਕਦਮ ਉਸ ਦਿਸ਼ਾ ਵੱਲ ਨਹੀਂ ਪੁੱਟਿਆ ,
* ਰੇਤਾ, ਸ਼ਰਾਬ, ਨਸ਼ੇ ਅਤੇ ਟਰਾਂਸਪੋਰਟ ਤੇ ਕੋਈ ਪਾਲਿਸੀ ਨਹੀਂ ਬਣੀ।
* ਗੈਂਗਸਟਰਾਂ ਨੇ ਲੋਕਾਂ ਨੂੰ ਖ਼ੌਫ਼ ਦਾ ਮਹੌਲ ਦਿੱਤਾ ਹੈ ਤੇ ਸਰਕਾਰ ਮੂਕ ਦਰਸ਼ਕ ਬਣੀ ਹੋਈ ਹੈ। ਫਿਰੌਤੀਆਂ ਅੱਜ ਆਮ ਹੋ ਗਈਆਂ ਹਨ, ਪੁਲਿਸ ਨੂੰ ਦੱਸਣਾ ਮਤਲਬ ਮੌਤ ਨੂੰ ਸੱਦਾ ਦੇਣਾ।
* ਜ਼ੀਰਾ ਫ਼ੈਕਟਰੀ ਦਾ ਧਰਨੇ ਕਾਰਣ ਸਰਕਾਰ ਪੰਜਾਬੀਆਂ ਦਾ 20 ਕਰੋੜ ਦਾ ਜੁਰਮਾਨਾ ਮਾਲਕਾਂ ਨੂੰ ਦੇ ਦਿੰਦੀ ਹੈ- ਪੁੱਛੋ ਕਿਸ ਅਧਿਕਾਰ ਨਾਲ ਲੋਕਾਂ ਦਾ ਪੈਸਾ ਆਪਣੀ ਨਾਲਾਇਕੀ ਕਾਰਣ ਬਰਬਾਦ ਕੀਤਾ?
* 30000 ਕਰੋੜ ਰੁਪਏ ਦਾ ਕਰਜ਼ਾ ਪਹਿਲੇ ਨੌਂ ਮਹੀਨਿਆਂ ਵਿੱਚ ਚੁੱਕ ਲਿਆ।
* 20000 ਕਰੋੜ ਦਾ ਕਰਜ਼ਾ ਬਿਜਲੀ ਬੋਰਡ ਤੇ ਚੜ੍ਹ ਗਿਆ।
* 3.84 ਲੱਖ ਕਰੋੜ ਪਹਿਲੀਆਂ ਸਰਕਾਰਾਂ ਦਾ ਚਾੜਿਆ ਕਰਜ਼ੇ ਦਾ ਵਿਆਜ ਹੀ ਸਾਹ ਨਹੀਂ ਲੈਣ ਦਿੰਦਾ।

ਸੁਪਰੀਮੋ ਦਾ ਵਾਅਦਾ, ਸੁਸ਼ਾਸਨ ਅਤੇ ਆਰਥਿਕ ਸਰੋਤ ਜੁਟਾਉਣ ਦੇ ਵਾਅਦੇ ਤੇ ਪਲਾਨਿੰਗ ਕਿਤੇ ਨਜ਼ਰ ਨਹੀਂ ਆ ਰਹੀ। ਕਿੰਨਾ ਕੁ ਚਿਰ ਨਵੀਂ ਵਿਆਹੀ ਬਹੂ ਦੇ ਚਾਅ- ਮੁਲਾਰ ਪੰਜਾਬੀ ਕਰੀ ਜਾਣ ? ਕੋਈ ਦੱਸੇਗਾ?

## 'ਆਇਆ ਸਾਲ ਨਵਾਂ ਹੈ'

ਗੱਲ ਨਵੀਂ ਸਭ ਕਰਿਓ ਆਇਆ ਸਾਲ ਨਵਾਂ ਹੈ।
ਬੱਦਲ ਬਣ ਕੇ ਵਰ੍ਹਿਓ ਆਇਆ ਸਾਲ ਨਵਾਂ ਹੈ।

ਓਸੇ ਥਾਂ ਤੇ ਮਹਿਕਾਂ ਉੱਠਣ ਲਾ ਦੇਣਾ ਬਸ
ਜਿੱਥੇ ਵੀ ਪੱਬ ਧਰਿਓ ਆਇਆ ਸਾਲ ਨਵਾਂ ਹੈ।

ਪੁੰਨ ਦੇ ਕਰਿਓ ਕੰਮ ਤੇ ਜਿੱਤ ਨਾ.ਲ ਯਾਰੀ ਲਾਇਓ
ਨਾ ਪਾਪਾਂ ਤੋਂ ਹਰਿਓ ਆਇਆ ਸਾਲ ਨਵਾਂ ਹੈ।

ਜ਼ੁਲਮਾਂ ਨੂੰ ਲਾ ਰੋਕਾ ਕਰਿਓ ਕੁੱਲ ਸਫਾਇਆ
ਜ਼ੁਲਮੀ ਤੋਂ ਨਾ ਡਰਿਓ ਆਇਆ ਸਾਲ ਨਵਾਂ ਹੈ।

ਚਲਦੇ ਰਹਿਣਾ ਰਾਹਾਂ ਤੇ ਨਾ ਭਟਕੀ ਜਾਇਓ
ਮੰਜ਼ਿਲ ਨੂੰ ਸਰ ਕਰਿਓ ਆਇਆ ਸਾਲ ਨਵਾਂ ਹੈ।

ਨੇਕ ਇਰਾਦੇ ਰੱਖਿਓ ਸਭ ਹੀ ਪਰਬਤ ਵਰਗੇ
ਮਿੱਟੀ ਬਣ ਨਾ ਖਰਿਓ ਆਇਆ ਸਾਲ ਨਵਾਂ ਹੈ।

ਗੁੱਸਾ ਗਿਲ੍ਹਾ ਮਿਟਾਕੇ ਖ਼ੂਬ ਮੁਹੱਬਤ ਵੰਡਿਓ
ਨਾ ਨਫ਼ਰਤ ਤੋਂ ਡਰਿਓ ਆਇਆ ਸਾਲ ਨਵਾਂ ਹੈ।

ਜੇਕਰ ਕਿਧਰੇ ਪੈਂਦਾ ਘਾਟਾ ਪਿਆਰ ਵਧਾਇਆਂ
ਐਸਾ ਘਾਟਾ ਜਰਿਓ ਆਇਆ ਸਾਲ ਨਵਾਂ ਹੈ।

ਹੱਕ ਕਿਸੇ ਦਾ ਨਾ ਰੱਖਿਓ ਨਾ ਅਪਣਾ ਛੱਡਿਓ
ਮਿਹਨਤ ਸੰਗ ਘਰ ਭਰਿਓ ਆਇਆ ਸਾਲ ਨਵਾਂ ਹੈ।

ਨਫ਼ਰਤ ਵਾਲ਼ੇ ਪੱਥਰ ਬਣਕੇ ਡੁੱਬ ਨਾ ਜਾਇਓ
ਫ਼ੁੱਲਾਂ ਵਾਂਗੂੰ ਤਰਿਓ ਆਇਆ ਸਾਲ ਨਵਾਂ ਹੈ।

- ਹਰਦੀਪ ਬਿਰਦੀ
9041600900

# ਇਨਸਾਨ ਬਣੀਏ



ਕੇਹਰ ਸ਼ਰੀਫ
+49 173 3546050

ਨਵੀਂ ਸਦੀ ਦੇ ਸ਼ੁਰੂ ਹੋਣ ਵੇਲੇ ਹਰ ਪਾਸੇ ਬਹੁਤ ਹੀ ਸ਼ੋਰ ਭਰਿਆ ਉਤਸ਼ਾਹ ਪੂਰਵਕ ਰੌ਼ਲਾ ਸੀ। ਇਸ ਮੌਕੇ 'ਤੇ ਬਿਨਾਂ ਕਾਰਨ ਭਾਵਕ ਹੋਏ ਉਤਸ਼ਾਹੀਆਂ ਵਲੋਂ ਪਾਰਟੀਆਂ-ਮੇਲਿਆਂ ਅਤੇ ਢੋਲ-ਢਮੱਕਿਆਂ ਦੀ ਆਵਾਜ਼ ਉੱਚੀ ਕਰਨ ਦੇ ਬੇਲੋੜੇ ਪਰ ਬੇ-ਥਾਅ ਜਤਨ ਕੀਤੇ ਗਏ ਸਨ। ਭਾਵੇਂ ਕਿ ਇਨ੍ਹਾਂ ਦੀ ਬਹੁਤ ਲੋੜ ਨਹੀਂ ਸੀ। ਭੁੱਖੇ ਅੱਗੇ ਸਵਾਲ ਪਾਇਆਂ, ਗਰੀਬ ਦਾ ਜਵਾਬ ਰੋਟੀ ਹੀ ਹੋਣਾ ਹੁੰਦਾ ਹੈ। ਦੋ ਡੰਗ ਦੀ ਪੇਟ ਭਰ ਕੇ ਰੋਟੀ ਲਈ ਤਰਸਦੇ ਲੋਕਾਂ ਨੂੰ ਅਜਿਹੀਆਂ ਮੂੜ੍ਹਮੱਤੀਆਂ, ਆਪਣਾ ਦਿਲ-ਲੁਭਾਊ ਅਤੇ ਦੂਜਿਆਂ ਦਾ ਦਿਲ ਦੁਖਾਊ ਪਾਰਟੀਆਂ ਨਾਲ ਕਿਰਤੀਆਂ ਨੂੰ ਫੁਕਰੀਆਂ ਟਿੱਚਰਾਂ ਕਰਕੇ ਹੋਰ ਸ਼ਰਮਿੰਦਾ ਕਰਨ ਦੇ ਜਤਨ ਵੀ ਕੀਤੇ ਗਏ ਸਨ। ਮੌਕਾ ਸ਼ੁਭ ਇਸ ਕਰਕੇ ਸੀ ਕਿ ਅਸੀਂ ਇੱਕੀਵੀ ਸਦੀ ਦੀ ਸ਼ੁਰੂਆਤ ਵੇਲੇ, ਮੌਕੇ ਦੇ ਗਵਾਹ ਸਾਂ। ਇਹ ਮੌਕਾ ਭਾਵ ਸਦੀ ਬਦਲਣ ਦਾ ਸਮਾਂ ਸ਼ਾਇਦ ਹਰ ਇਨਸਾਨੀ ਪੀੜ੍ਹੀ ਦੇ ਹਿੱਸੇ ਨਹੀਂ ਆਉਂਦਾ ।


ਇਸ ਮੌਕੇ ਸਵਾਲ ਉੱਚੇ ਕੀਤੇ ਜਾਣੇ ਜ਼ਰੂਰੀ ਸਨ ਅਤੇ ਕੀਤੇ ਵੀ ਗਏ ਸਨ ਕਿ ਕੀ ਵੀਹਵੀਂ ਸਦੀ ਦੇ ਬੀਤਣ ਤੇ ਇੱਕੀਵੀਂ ਸਦੀ ਦੇ ਸ਼ੁਰੂ ਹੋਣ ਨਾਲ ਕੁਝ ਚੰਗਾ ਵੀ ਵਾਪਰੇਗਾ ? ਸਾਡੀਆਂ ਭਵਿੱਖੀ ਸ਼ੁਭਇੱਛਾਵਾ ਨੂੰ ਬੂਰ ਪਵੇਗਾ? ਜਾਂ ਕੀ ਇਹ ਸ਼ੁਭਇੱਛਾਵਾਂ ਸ਼ੁਭ ਸ਼ਗਨਾਂ ਵਰਗੀਆਂ ਬਣਨਗੀਆਂ? ਕੀ ਅਸੀਂ ਇਸ ਯੋਗ ਵੀ ਹਾਂ ਕਿ ਸਦੀ ਦੀ ਪਹਿਲਾਂ ਤੋਂ ਚੱਲ ਰਹੀ ਤੋਰ ਨੂੰ ਸੋਧ ਕੇ ਚੰਗੇ ਪਾਸੇ ਵਲ ਮੋੜਾ ਦੇ ਸਕੀਏ? ਅੱਜ ਲੋੜਾਂ ਦੀ ਲੋੜ ਅਤਿ ਵਿਕਸਤ ਆਧੁਨਿਕ ਤਕਨੀਕ ਅਤੇ ਮਨੁੱਖੀ ਸੂਝ ਦੀ ਸੁਚੱਜੀ ਤੇ ਈਮਾਨਦਾਰ ਵਰਤੋਂ ਅਤੇ ਉਸ ਦੇ ਸਿੱਟਿਆਂ ਨੂੰ ਹਾਂਅ-ਪੱਖੀ ਮੋੜਾ ਦੇਣਾ ਹੈ। ਲੋੜ ਹੈ ਭਰੋਸੇ ਅਤੇ ਹੌਸਲੇ ਵਾਲੇ ਪਾਸੇ ਤੁਰਨ ਦੀ ਅਤੇ ਅੱਗੇ ਵਧਣ ਲਈ ਸੁਚੱਜੇ, ਜੋਸ਼ ਭਰਪੂਰ ਤੇ ਹੋਸ਼ਮੰਦ ਕਦਮਾਂ ਦੀ। ਗੰਭੀਰਤਾ ਭਰਪੂਰ ਇਮਾਨਦਾਰੀ ਨਾਲ ਚੌਤਰਫੇ ਦਾ ਗਹਿਰਾ ਅਧਿਅਨ ਕਰਨਾ ਅਤੇ ਸਰਵਪੱਖੀ ਚਿੰਤਨ ਇਸ ਵਾਸਤੇ ਲਾਜ਼ਮੀ ਸ਼ਰਤ ਹੈ। ਪਰ ਦੇਖਣਾ ਇਹ ਹੈ ਕਿ ਕਿੰਨੇ ਕੁ ਸਿਆਣੇ ਲੋਕ ਜੁੜਨਗੇ, ਜੋ ਅਜਿਹੇ ਜਤਨਾਂ ਵਾਸਤੇ ਗੰਭੀਰਤਾ ਭਰੀ ਦਿਲਚਸਪੀ ਨਾਲ ਜਤਨਸ਼ੀਲ ਹੋਣਗੇ । ਅਪਣੇ ਆਪ ਜਾਂ ਸਿਰਫ ਚਾਹੁਣ ਨਾਲ ਤਾਂ ਕੁਝ ਵੀ ਨਹੀਂ ਬਦਲ ਸਕਦਾ। ਇਸ ਵਾਸਤੇ ਲੋਕ ਭਲਾਈ ਨੂੰ ਪ੍ਰਣਾਈ ਗੰਭੀਰ ਸੋਚ ਵਾਲੀ ਮਨੁੱਖਤਾਵਾਦੀ ਸੋਚ ਵਲੋਂ ਜਬਰਦਸਤ ਸੰਘਰਸ਼ਸ਼ੀਲ ਸਾਂਝੀ ਲਹਿਰ ਦੀ ਤਿੱਖੀ ਤੋਰ ਵਾਲੀ ਹਰਕਤ ਲੋੜੀਂਦੀ ਹੈ, ਜੋ ਇਨਸਾਨੀ ਭਾਈਚਾਰਕ ਸਾਂਝ ਨੂੰ ਤੋੜਦੀ ਕਿਸੇ ਵੀ ਖੜੋਤ ਨੂੰ ਹਰਕਤ 'ਚ ਲਿਆਉਣ ਦਾ ਦਮ ਭਰਦੀ ਹੋਵੇ।

ਬੀਤ ਗਈ ਸਦੀ ਬਹੁਤ ਹੀ ਹਲਚਲ ਭਰਭੂਰ ਸੀ। ਚੰਗੀਆਂ, ਮੰਦੀਆਂ ਬਹੁਤ ਸਾਰੀਆਂ ਘਟਨਾਵਾਂ ਇਤਿਹਾਸ ਦੇ ਸਫੇ ਤੇ ਤੇਜ ਧੁੱਪ ਨਾਲ ਚਮਕਦੇ ਸੂਰਜ ਵਾਂਗ ਚਮਕੀਆਂ ਅਤੇ ਫੇਰ ਕਈ ਅਲੋਪ ਹੋ ਗਈਆਂ, ਪਰ ਉਹ ਸਦੀ ਦੇ ਇਤਿਹਾਸ ਨਾਲ ਜੁੜੀਆਂ ਰਹਿਣਗੀਆਂ। ਅਜਿਹੇ ਹਾਂਅ-ਪੱਖੀ ਤੇ ਨਾਂਹ-ਪੱਖੀ ਬੀਤ ਗਏ ਵਰਤਾਰੇ ਲੋਕਾਈ ਦੀ ਬਹਿਸ ਦਾ ਵਿਸ਼ਾ ਬਣਦੇ ਰਹੇ ਹਨ ਅੱਗੇ ਵੀ ਬਣਦੇ ਰਹਿਣਗੇ। ਅਜਿਹੇ ਵਰਤਾਰਿਆਂ ਦੀਆਂ ਰਹੀਆਂ ਘਾਟਾਂ ਤੋਂ ਸਿੱਖ ਕੇ ਮਨੁੱਖ ਸਦਾ ਹੀ ਅੱਗੇ ਵਧਦਾ ਰਿਹਾ ਹੈ। ਇਹੋ ਹੀ ਸਮਾਜ ਦੇ ਬੌਧਿਕ ਤੇ ਇਤਿਹਾਸਕ ਵਿਕਾਸ ਦੇ ਸੱਚ ਦਾ ਨਾ ਝੁਠਲਾਇਆ ਜਾਣ ਵਾਲਾ ਪ੍ਰਮਾਣ ਹੈ। ਬੀਤੇ ਤੋਂ ਸਬਕ ਸਿੱਖਣ ਵਾਸਤੇ ਅਜਿਹਾ ਕਰਨਾ ਜ਼ਰੂਰੀ ਵੀ ਹੈ।

ਉਂਜ ਵੀ ਭਵਿੱਖ ਨੂੰ ਰੋਸ਼ਨ ਕਰਨ ਵਾਸਤੇ ਇਤਿਹਾਸ ਨੂੰ ਦਲੀਲ ਭਰੀ ਤਰਕਸ਼ੀਲ ਜਾਂ ਕਹੀਏ ਕਿ ਹਾਂਅ-ਪੱਖੀ ਸੋਚ ਰਾਹੀਂ ਰਿੜਕਦੇ ਰਹਿਣਾ ਚਾਹੀਦਾ ਹੈ ਤਾਂ ਜੋ ਹੋ ਗਈਆਂ ਭੁੱਲਾਂ, ਰਹਿ ਗਈਆਂ ਘਾਟਾਂ ਤੋਂ ਸਬਕ ਸਿੱਖਿਆ ਜਾ ਸਕੇ। ਆਪਣੀਆਂ ਗਲਤੀਆਂ ਜਾਂ ਘਾਟਾਂ ਨੂੰ ਸੋਧ ਕੇ ਅੱਗੇ ਤੁਰਨ ਵਾਲੇ ਹਮੇਸ਼ਾ ਹੀ ਮੰਜ਼ਿਲਾਂ ਤੇ ਪਹੁੰਚਣ ਲਈ ਜਤਨਸ਼ੀਲ ਰਹਿੰਦੇ ਹਨ। ਜਤਨਸ਼ੀਲ ਰਹਿਣਾ ਸਿਰਜਣਾ ਵਾਸਤੇ ਲਾਜਮੀ ਸ਼ਰਤ ਹੁੰਦੀ ਹੈ। ਸਿਰਜਣਾਤਮਕ ਸ਼ਕਤੀ ਹੀ ਇਸ ਸੰਸਾਰ ਦੇ ਪਹੀਏ ਨੂੰ ਅੱਗੇ ਤੋਰਦੀ ਹੈ । ਦੁਨੀਆਂ ਵਿਚ ਹਰ ਰੌਸ਼ਨ ਦਿਮਾਗ ਇਨਸਾਨ ਇਸ ਦਾ ਸਦਾ ਤੋਂ ਹੀ ਇਛੁੱਕ ਰਿਹਾ ਹੈ । ਸਾਰੇ ਦੁੱਖ-ਸੁੱਖ, ਸਭ ਦੇ ਸਾਂਝੇ ਹੋਣ ਤਦ ਹੀ ਸੰਸਾਰ ਨੂੰ ਖੂਬਸੂਰਤ ਆਖਿਆ ਜਾ ਸਕਦਾ ਹੈ।

ਬੀਤ ਗਈ ਸਦੀ ਹੀ ਸੀ, ਜਦੋਂ ਬੇਕਸੂਰ ਮਨੁੱਖਾਂ ਦੀ ਤਬਾਹੀ ਵਾਸਤੇ ਦੋ ਸੰਸਾਰ ਜੰਗਾਂ ਤੇ ਹਜ਼ਾਰਾਂ ਹੀ ਹੋਰ ਛੋਟੀਆਂ ਜੰਗਾਂ (ਅਤੇ ਘਰੇਲੂ ਯੁੱਧਾਂ) ਰਾਹੀਂ ਮਨੁੱਖੀ ਮਾਨਸਿਕਤਾ ਨੂੰ ਵਾਰ ਵਾਰ ਜ਼ਖ਼ਮੀ ਕੀਤਾ ਗਿਆ। ਜਦੋਂ ਸਿਆਸਤਾਂ ਅਤੇ ਧਰਮਾਂ ਵਾਲਿਆਂ ਨੇ ਮਨੁੱਖੀ ਭਰੱਪਣ, ਇਨਸਾਨੀ ਦੋਸਤੀ ਅਤੇ ਮੁਹੱਬਤ ਦੇ ਅਰਥਾਂ ਨੂੰ ਕਤਲ ਕਰਨ ਵਾਲੇ "ਜਹਾਦ" ਛੇੜੇ। ਸਿਆਸੀ ਧੌਂਸ ਤੇ ਬਦਮਾਸ਼ੀ ਰਾਹੀਂ ਕਿਸੇ ਦਾ ਸਿਰ ਨੀਵਾਂ ਕਰਨ ਵਾਸਤੇ ਪਸ਼ੂਪੁਣੇ ਵਾਲੀ ਬਿਰਤੀ ਅਪਣਾਈ ਅਤੇ ਐਟਮ ਬੰਬ ਸੁੱਟ ਕੇ ਹੀਰੋਸ਼ੀਮਾਂ ਤੇ ਨਾਗਾਸਕੀ ਵਰਗੇ ਬਦਨੁਮਾ ਧੱਬੇ ਇਤਿਹਾਸ ਦੀ ਹਿੱਕ ਤੇ ਦਾਗ ਦਿੱਤੇ। ਜਦੋਂ ਵੱਖਰੇ ਧਰਮ/ਨਸਲ ਰਾਹੀਂ ਆਪਣੀ ਵੱਖਰੀ ਹੋਂਦ, ਪਹਿਚਾਣ ਤੇ ਅਕੀਦਾ ਰੱਖਣ ਵਾਲਿਆਂ ਨੂੰ ਸਿਆਸੀ ਹਵਸ ਨਾਲ ਭਰਪੂਰ ਸੰਸਾਰ ਜਿੱਤਣ ਦੇ ਫੁਕਰੇਪਣ ਵਾਲੇ ਸੁਪਨੇ ਸਿਰਜਣ ਵਾਲੇ ਨਾਜ਼ੀਵਾਦੀਆਂ ਨੇ 65 ਲੱਖ ਤੋਂ ਵੀ ਜ਼ਿਆਦਾ ਗਿਣਤੀ ਵਿੱਚ ਯਹੂਦੀ ਬੱਚਿਆਂ, ਬੁੱਢਿਆਂ, ਜਵਾਨ ਧੀਆਂ, ਮਾਂਵਾਂ ਦਾ ਲਿਹਾਜ਼ ਕੀਤੇ ਬਿਨਾਂ ਸਿਰੇ ਦੀ ਦਰਿੰਦਗੀ ਦਾ ਨੰਗਾ ਨਾਚ ਨੱਚਦਿਆਂ ਜੀਉਂਦਿਆਂ ਨੂੰ ਗੈਸ ਭੱਠੀਆਂ ਵਿਚ ਸੁੱਟ ਕੇ ਫੂਕਿਆ ਸੀ ਤਾਂ ਉਨ੍ਹਾਂ ਸੰਸਾਰ ਇਤਿਹਾਸ ਦੇ ਸਫੇ ਤੇ ਮਨੁੱਖੀ ਪਸ਼ੂਪੁਣੇ ਅਤੇ ਦਰਿੰਦਗੀ ਦੇ ਸੋਗ ਭਰੇ ਕਾਲੇ ਧੱਬੇ ਚਿਪਕਾ ਦਿੱਤੇ ਸਨ - ਅਜਿਹੀ ਤ੍ਰਾਸਦੀ ਨੂੰ ਰਹਿੰਦੀ ਦੁਨੀਆਂ ਤੱਕ ਲੋਕ ਕਦੇ ਵੀ ਭੁੱਲ ਨਹੀਂ ਸਕਣਗੇ।

ਬਸਤੀਵਾਦੀਆਂ ਦੀ ਲੋਭੀ ਸ਼ਰਾਰਤ, ਤੇ ਮਨੁੱਖੀ ਜਾਮੇ ਵਾਲੇ ਅੰਦਰਲੇ ਮੀਸਣੇ ਲੋਭੀ ਕਹੇ ਜਾਣ ਵਾਲਿਆਂ ਨੇ "ਧਰਮਾਂ" ਦੇ ਬਹਾਨੇ ਇਕਮੁੱਠ ਹੋ ਕੇ ਵਸਦੇ ਲੋਕਾਂ ਦੀ ਸਾਂਝੀ ਧਰਤੀ 'ਤੇ ਵੰਡ ਦੀ ਲਕੀਰ ਹੀ ਨਹੀਂ ਖਿੱਚੀ ਨਾਲ ਹੀ ਇਸੇ ਧਰਤੀ ਨੂੰ ਦਸ ਲੱਖ ਤੋਂ ਵੱਧ ਲੋਕਾਂ ਦੇ ਖੂਨ ਨਾਲ ਲਾਲ ਕੀਤਾ ਗਿਆ, ਇਸ ਧਰਤੀ ਦੀਆਂ ਮਾਵਾਂ-ਭੈਣਾਂ-ਧੀਆਂ ਨਾਲ ਜੋ ਵਾਪਰਿਆਂ ਉਹ ਵੀ ਬਿਆਨੋਂ ਬਾਹਰਾ ਹੈ। ਸਾਂਝੀ ਧਰਤੀ ਅਤੇ ਸਾਂਝੇ ਪਾਣੀਆਂ ਦੀ ਹਿੱਕ 'ਤੇ ਵੰਡ ਦੀ ਲਕੀਰ ਖਿੱਚ ਦਿੱਤੀ ਗਈ, ਕਰੋੜਾਂ ਲੋਕ ਘਰੋਂ ਬੇਘਰ ਕਰ ਦਿੱਤੇ ਗਏ। ਕਦੇ ਫੇਰ ਇਸ ਹੀ ਸਦੀ ਦੇ ਅਖੀਰਲੇ ਪਹਿਰੀਂ ਭਾਰਤ ਦੇਸ਼ ਅੰਦਰ ਸੱਭਿਆ ਕਹੇ ਜਾਂਦੇ ਸ਼ਹਿਰ ਅੰਦਰ ਜਿਊਂਦਿਆਂ ਦੇ ਗ਼ਲਾਂ ਵਿਚ ਸੜਦੇ ਟਾਇਰ ਪਾ ਕੇ ਇਨਸਾਨਾਂ ਨੂੰ ਮਾਰ ਮੁਕਾਇਆ, ਮਾਂਵਾਂ, ਭੈਣਾਂ-ਧੀਆਂ ਦੀਆਂ ਇੱਜ਼ਤਾਂ ਰੋਲੀਆਂ, ਸੁਹਾਗ ਉਜਾੜੇ, ਬੱਚਿਆਂ ਨੂੰ ਸਦਾ ਵਾਸਤੇ ਯਤੀਮ ਬਣਾ ਦਿੱਤਾ ਗਿਆ। ਦਰਿੰਦਿਆਂ ਵਲੋਂ ਕੀ ਕੁੱਝ ਨਹੀਂ ਕੀਤਾ ਗਿਆ, ਕਿਹੜਾ ਕਿਹੜਾ ਕਹਿਰ ਨਹੀਂ ਢਾਹਿਆ ਗਿਆ? ਕੀ ਅਜਿਹੀ ਸਥਿਤੀ ਵਿਚ ਬੇਗੁਨਗਹਾਂ ਦਾ ਕਤਲੇ-ਆਮ ਜ਼ਰੂਰੀ ਹੁੰਦਾ ਹੈ? ਇਹ ਕਿਸੇ ਫਿਰਕੇ ਦੇ ਨਹੀਂ ਇਨਸਾਨੀਅਤ ਦੇ ਖਿਲਾਫ ਕੀਤਾ ਗਿਆ ਘਿਨਾਉਣਾ ਗੁਨਾਹ ਸੀ। ਫੇਰ ਰੱਬ ਦੇ ਭਗਤ ਹੀ ਰੱਬ ਦੇ ਘਰ ਢਾਹੁੰਦੇ ਰਹੇ, ਇਸ



ਬਹਾਨੇ ਕਿ ਇੱਥੇ ਫਲਾਣੇ ਨਹੀਂ ਢਿਮਕਾਣੇ "ਰੱਬ" ਨੂੰ ਬਿਠਾਉਣਾ ਹੈ। ਆਪਣੇ ਹੀ ਇਸ਼ਟ ਦੀ ਇਜੱਤ ਨਾਲ ਖੇਡਦੇ ਰਹੇ। ਕਿਹੜਾ ਰੱਬ ਤੇ ਕਿਸਦੇ ਇਹ ਭਗਤ ? ਕੀ ਕੋਈ ਧਰਮੀ ਕਹਾਉਣ ਵਾਲਾ ਵੀ ਇਹੋ ਜਹੀ ਕਰਤੂਤ ਕਰ ਸਕਦਾ ਹੈ ? ਕੀ ਇਹੋ ਜਹੇ ਲੋਕ ਵੀ ਇਨਸਾਨ ਕਹਾਉਣ ਦੇ ਹੱਕਦਾਰ ਹੋ ਸਕਦੇ ਹਨ? ਹੋਰ ਬਹੁਤ ਕੁੱਝ ਹੋਇਆ ਹੈ ਮਨੁੱਖਤਾ ਨੂੰ ਸ਼ਰਮਿੰਦਾ ਕਰਨ ਵਾਲਾ। ਇਤਿਹਾਸ ਅਤੇ ਸਾਹਿਤ ਦੇ ਅਣਗਿਣਤ ਸਫਿਆਂ 'ਤੇ ਬੋਲਦੇ ਦੁੱਖ-ਦਰਦ ਇਸ ਦੇ ਗਵਾਹ ਹਨ।

ਕਦੇ ਮੁਲਕਾਂ ਦੀਆਂ ਵੰਡਾਂ, ਵੰਡ-ਵੰਡਾਰਿਆਂ, ਧਰਤੀ ਦੇ ਛੋਟੇ ਛੋਟੇ ਹਿੱਸਿਆਂ 'ਤੇ ਕਬਜੇ ਦੀ ਹਵਸ ਨੇ ਮਨੁੱਖ ਨੂੰ ਮਨੁੱਖ ਨਾ ਰਹਿਣ ਦਿੱਤਾ। ਆਪਣਿਆਂ ਨੇ ਹੀ ਆਪਣੇ ਲੱਖਾਂ ਦੇ ਕਤਲ ਕੀਤੇ, ਨਫਰਤ ਦੇ ਵਣਜਾਰੇ ਬੇਗੁਨਾਹ ਮਨੁੱਖਾਂ ਦੇ ਖੂਨ ਨਾਲ ਧਰਤੀ ਰੰਗਦੇ ਰਹੇ। ਨਵੀਆਂ ਵੰਡੀਆਂ ਨੇ ਮਨੁੱਖਤਾ ਨੂੰ ਸਦਾ ਵਾਸਤੇ ਸ਼ਰਮਸਾਰ ਕਰਦੇ ਕਮੀਨਗੀ ਦੇ ਨਵੇਂ ਪੈਮਾਨੇ ਕਾਇਮ ਕੀਤੇ। ਮਨੁੱਖਾਂ ਦੇ ਅੰਦਰ ਵਸਦੀ ਸਿਆਸੀ ਤੇ ਆਰਥਿਕ ਭੁੱਖ ਨੇ ਉਨ੍ਹਾਂ ਨੂੰ ਹਾਵੜਪੁਣੇ ਦੇ ਵੱਸ ਪਾ ਦਿੱਤਾ ਅਤੇ ਮਨੁੱਖ ਨਿੱਘਰਦਾ ਹੀ ਗਿਆ, ਕਾਫੀ ਸਾਰੇ ਮਨੁੱਖੀ ਸਰੂਪ ਵਿੱਚ ਦੈਂਤ ਬਣ ਕੇ ਵਿਚਰਦੇ ਰਹੇ । ਵਾਰ ਵਾਰ ਮਨੁੱਖੀ ਰੂਹ ਕਤਲ ਕੀਤੀ ਜਾਂਦੀ ਰਹੀ। ਨੇਕੀ ਨੂੰ ਬਦੀ ਵੱਲੋਂ ਲਤਾੜਿਆ ਜਾਂਦਾ ਰਿਹਾ, ਪਰ ਇਹ ਜਰਵਾਣੇ ਭੁੱਲਦੇ ਰਹੇ ਕਿ ਕਦੇ ਨੇਕੀ ਵੀ ਹਾਰੀ ਹੈ? ਹੰਭ-ਹਾਰ ਕੇ ਵੀ ਨੇਕੀ ਕਰਨ ਵਾਲੇ ਕੁਕਨੂਸ ਵਾਂਗ ਆਪਣੀ ਹੀ ਸਵਾਹ ਵਿਚੋਂ ਉੱਠ ਕੇ ਫੇਰ ਆਪਣੇ ਰਾਹੇ ਤੁਰ ਪੈਂਦੇ ਹਨ, ਆਪਣੀ ਮੰਜ਼ਿਲ ਵੱਲ। ਇਤਹਾਸ ਗਵਾਹ ਹੈ ਕਿ ਸਦਾ ਹੀ ਇੰਜ ਵਾਪਰਦਾ ਰਿਹਾ ਹੈ।

ਬੀਤ ਗਈ ਸਦੀ ਹੀ ਸੀ, ਜਦੋ ਅਸੱਭਿਅਕ ਸਾਮਰਾਜੀਆਂ ਵੱਲੋ ਕੂਟਨੀਤਕ ਚਾਲਾਂ, ਧੱਕੇ ਤੇ ਗੁੰਡਾਗਰਦੀ ਨਾਲ ਦੂਜਿਆਂ ਮੁਲਕਾਂ ਨੂੰ ਆਪਣੀਆਂ ਬਣਾਈਆਂ ਬਸਤੀਆਂ ਦੇ ਹੋਸ਼ਮੰਦ ਲੋਕ ਜਾਗੇ ਤੇ ਬਹੁਤਿਆਂ ਨੇ ਆਪਣੇ ਗਲੋਂ ਗੁਲਾਮੀ ਦਾ ਜੂ਼ਲ੍ਹਾ ਲਾ ਸੁੱਟਿਆ। ਆਜ਼ਾਦੀ ਪ੍ਰਾਪਤ ਕਰਕੇ ਆਪਣੇ ਚੰਗੇ-ਮਾੜੇ ਰਾਜ ਕਾਇਮ ਕੀਤੇ। ਇਹੋ ਸਦੀ ਹੀ ਸੀ, ਜਦੋਂ ਸਿਆਸੀ ਪੱਧਰ 'ਤੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਸਮਝਿਆ ਗਿਆ। ਲੰਬੇ ਸੰਘਰਸ਼ਾਂ ਤੋਂ ਬਾਅਦ ਉਨ੍ਹਾਂ ਨੂੰ ਵੋਟ ਦਾ ਹੱਕ ਮਿਲਿਆ। ਜਦੋਂ ਤਕੜੇ ਤੋਂ ਕਮਜ਼ੋਰ ਮੁਲਕਾਂ ਦੀ ਰਾਖੀ, ਅਤੇ ਆਪਸੀ ਝਗੜੇ ਅਮਨ ਪੂਰਵਕ ਨਿਪਟਾਉਣ ਵਾਸਤੇ ਸੰਯੁਕਤ ਰਾਸ਼ਟਰ ਤੇ ਹੋਰ ਬਹੁਤ ਸਾਰੇ ਕੌਮਾਂਤਰੀ ਅਦਾਰੇ ਕਾਇਮ ਹੋਏ, ਭਾਵੇਂ ਕਿ ਬਹੁਤੀ ਵਾਰ ਇਹ ਜੋਰਾਵਰਾਂ ਦੀ ਧੌਂਸ ਥੱਲੇ ਆ ਜਾਂਦੇ ਹਨ। ਪਰ "ਨਿਰਪੱਖਤਾ" ਦਾ ਪਰਦਾ ਅਜੇ ਵੀ ਬਣਿਆ ਹੋਇਆ ਹੈ।

ਇਸ ਸਦੀ ਅੰਦਰ ਹੀ ਇਸ ਧਰਤੀ ਉੱਤੇ ਸਮਾਜਵਾਦੀ ਸਮਾਜ ਦੀ ਸਥਾਪਨਾ ਹੋਈ। ਹੱਥੀਂ ਕਿਰਤ ਕਰਨ ਵਾਲਿਆਂ ਦੇ ਆਪਣੇ ਰਾਜ ਕਾਇਮ ਹੋਏ। ਪਰ, ਪੌਣੀ ਸਦੀ ਬਾਅਦ ਹੀ ਇਸ ਮਨੁੱਖੀ ਭਲੇ ਵਾਲੇ ਸਮਾਜਵਾਦੀ ਪ੍ਰਬੰਧ ਦੇ ਨਿਘਾਰ ਕਰਕੇ ਇਸਦੇ ਅੰਤ ਦਾ ਵਾਪਰ ਜਾਣਾ ਕਿਰਤੀਆਂ ਦੀ ਖੁਸ਼ੀ ਨੂੰ ਸੋਗ ਵਿੱਚ ਬਦਲ ਗਿਆ। ਕੁੱਲ ਲੋਕਾਈ ਦਾ ਭਲਾ ਕਰਨ ਵਾਲੇ ਆਖਰ ਛੋਟੀ ਮਾਨਸਿਕਤਾ ਦੇ ਮਾਲਕ ਕਿਵੇਂ ਬਣ ਬੈਠੇ? ਕਿਉਂ ਉਨ੍ਹਾਂ ਦੇ ਅੰਦਰੋਂ ਨਵੇਂ ਤੇ ਸੁਚੱਜੇ ਮਨੁੱਖ ਦੀ ਸਿਰਜਣਾ ਦਾ ਸੁਪਨਾ ਮਰ ਮੁੱਕ, ਸੁੱਕ ਗਿਆ । ਇਸ ਸੋਚ ਵਾਲੇ ਪੈਰੋਕਾਰਾਂ ਦੇ ਮਨਾਂ ਅੰਦਰ ਘੋਰ ਉਦਾਸੀ ਦਾ ਪ੍ਰਛਾਵਾਂ ਫੈਲ ਗਿਆ । ਉਹ ਆਪਣੇ ਆਪ ਨੂੰ ਹਾਰਿਆਂ ਵਰਗੇ ਮਹਿਸੂਸ ਕਰਨ ਲੱਗੇ। ਕਿਰਤ ਦੀ ਰਾਖੀ ਕਰਨ ਦੇ ਢੰਗ-ਤਰੀਕੇ ਦੱਸਦੀ ਵਿਚਾਰਧਾਰਾ ਅਜੇ ਵੀ ਲੋਕ ਸੰਘਰਸ਼ਾਂ ਵਾਸਤੇ ਪ੍ਰੇਰਨਾ ਬਣ ਰਹੀ ਹੈ - ਇਹ ਪ੍ਰੇਰਨਾ ਉਦੋਂ ਤੱਕ ਕਾਇਮ ਰਹੇਗੀ ਜਦੋਂ ਤੱਕ ਕਿਰਤ ਦੀ ਲੁੱਟ ਦਾ ਰਾਜ ਰਹੇਗਾ। ਪਰ ਇਸ ਦੇ ਆਸਰੇ ਲੋਕ ਘੋਲਾਂ ਦੀ ਅਗਵਾਈ ਕਰਨ ਵਾਲੇ ਆਪਸ ਵਿਚੀਂ ਪਾਟੇ ਫਿਰਦੇ / ਖੱਖੜੀਆਂ-ਕਰੇਲੇ ਹੋਏ ਚੌਧਰਾਂ ਦੀ ਦੌੜ ਵਿਚ ਬੌਂਦਲੇ ਹੋਏ ਸਮਝ ਨਹੀਂ ਰਹੇ ਕਿ ਕੀਤਾ ਕੀ ਜਾਵੇ? ਨੁਕਤੇ 'ਤੇ ਧਿਆਨ ਦੇਣ ਦੀ ਲੋੜ ਹੈ, ਰਾਹ ਵੀ ਸਿੱਧਾ ਜਿਹਾ ਹੈ - ਇਕੱਠੇ ਹੋ ਕੇ ਇਨਸਾਨੀਅਤ ਦੇ ਖਿਲਾਫ ਹੋ ਰਹੇ ਖਿਲਵਾੜ ਅਤੇ ਜ਼ੁਲਮਾਂ ਦੇ ਖਿਲਾਫ ਸਾਂਝੀ ਲਹਿਰ ਉਸਾਰਨੀ। ਲੋਕਾਈ ਦੀ ਨਿਜਾਤ ਇਸੇ ਵਿਚ ਹੈ। ਇਸ ਤੋਂ ਬਿਨਾਂ ਦੂਜਾ ਕੋਈ ਰਾਹ ਵੀ ਨਹੀਂ।

ਹੋਈ ਤਰੱਕੀ ਦਾ ਆਪਣੇ ਥਾਂ ਜ਼ਿਕਰ ਕਰਨਾ ਬਣਦਾ ਹੈ। ਮਨੁੱਖ ਦਾ ਚੰਦ ਤੱਕ ਦਾ ਅਤੇ ਉਸ ਤੋਂ ਵੀ ਅੱਗੇ ਮੰਗਲਗਹ੍ਰਿ ਤੱਕ ਦਾ ਸਫਰ ਇਹ ਮਨੁੱਖੀ ਸਿਰਜਣਾ ਦੇ ਉੱਤਮ ਕਾਰਨਾਮੇ ਹਨ। ਇਹ ਤਾਂ ਜਾਰੀ ਹੀ ਰਹਿਣਗੇ। ਅੱਜ ਤੱਕ ਦੀ ਮਨੁੱਖੀ ਨੇੜਤਾ ਵਧਾਉਂਦੀ ਅਜੋਕੀ ਤਕਨੀਕੀ ਤਰੱਕੀ ਨਾਲ ਇੰਟਰਨੈਟ ਦੇ ਯੁੱਗ ਨੇ ਦੁਨੀਆਂ ਨੂੰ ਨੇੜੇ ਲੈ ਆਉਣ ਵਾਲਾ ਹਕੀਕੀ ਇਨਕਲਾਬ ਲਿਆਂਦਾ ਹੈ। ਹੋ ਰਿਹਾ ਤਕਨੀਕੀ ਵਿਕਾਸ ਮਨੁੱਖਤਾ ਦੇ ਭਲੇ ਵਾਸਤੇ ਹੋਣਾ ਚਾਹੀਦਾ ਹੈ। ਮਨੁੱਖੀ ਜ਼ਿੰਦਗੀ ਨੂੰ ਸੌਖਿਆਂ ਕਰਨ ਵਾਲੀਆਂ ਨਵੀਆਂ ਖੋਜਾਂ ਨੂੰ ਤੋਪਾਂ ਅਤੇ ਬੰਬਾ ਵਿੱਚੋਂ ਨਿਕਲਦਾ ਵਹਿਸ਼ੀ ਧੂੰਆਂ ਆਪਣੀ ਜ਼ਹਿਰ ਨਾਲ ਡੰਗਦਾ ਹੈ। ਅੰਨ੍ਹੇ ਮੁਨਾਫੇ ਵਾਲੀ ਲੋਭ ਦੀ ਹਵਸ ਮਨੁੱਖ ਨੂੰ ਨਿਘਾਰ ਵਲ ਧੱਕੀ ਜਾ ਰਹੀ ਹੈ। ਮਨੁੱਖਤਾ ਵਾਸਤੇ ਇਹ ਸਭ ਤੋਂ ਵੱਡਾ ਖਤਰਾ ਹੈ, ਜੋ ਹਰ ਹੀਲੇ ਰੋਕਿਆ ਜਾਣਾ ਚਾਹੀਦਾ ਹੈ। ਤਾਂ ਜੋ ਆਮ ਲੋਕ ਵੀ ਤਕਨੀਕੀ ਤਰੱਕੀ ਦਾ ਸੁੱਖ ਮਾਣ ਸਕਣ, ਜ਼ਿੰਦਗੀ ਵਿਚ ਦੁੱਖਾਂ ਨੂੰ ਘੱਟ ਕੀਤਾ ਜਾ ਸਕੇ।

'ਧਰਮੀਆਂ' ਤੇ ਗੈਰ ਧਰਮੀਆਂ ਨੇ ਇੱਕ ਦੂਜੇ ਦੇ ਵਿਸ਼ਵਾਸ਼ਾਂ/ਅ-ਵਿਸ਼ਵਾਸਾਂ / ਅਕੀਦਿਆਂ ਨੂੰ ਉਜਾੜਿਆਂ, ਤਬਾਹ ਕੀਤਾ, ਜੋ ਗੈਰ ਮਨੁੱਖੀ ਕਿਸਮ ਦਾ ਗੁਨਾਹ ਹੈ। ਇਸ ਦਾ ਹੀ ਸਿੱਟਾ ਹੈ ਕਿ ਕੌਮਾਂ, ਧਰਮ, ਦੇਸ਼ ਸਭ ਸ਼ਬਦ ਬੌਨੇ ਹੁੰਦੇ ਗਏ ਇਸ ਦੇ ਨਾਲ ਹੀ ਮਨੁੱਖ ਖੁਦ ਵੀ ਬੌਨਾ ਹੁੰਦਾ ਗਿਆ। ਅੱਜ ਇੰਨਾ ਬੌਨਾ ਹੋ ਗਿਆ ਹੈ ਕਿ ਆਪਣੀ ਅਸਲੀ ਪਹਿਚਾਣ ਗਵਾਉਣ ਦੇ ਨੇੜੇ ਪਹੁੰਚ ਗਿਆ ਹੈ। ਧਰਮੀਆਂ ਨੇ ਤਾਂ ਆਪਣੇ ਹੀ ਵਿਸ਼ਵਾਸ ਵਾਲੇ ਭਰਾਵਾਂ ਨੂੰ ਵਿਚਾਰਾਂ ਦੇ ਕੁੱਝ ਵਖਰੇਵੇਂ ਰੱਖਣ ਕਰਕੇ ਦੁਸ਼ਮਣਾਂ ਵਿਚ ਸ਼ਾਮਲ ਕਰ ਲਿਆ ਹੈ। ਬੁਰਾਈ ਦੇ ਲੜ ਲੱਗੇ ਅਜਿਹੇ "ਜੀਊੜੇ" ਮਾੜੇ ਕੰਮ ਕਰਕੇ ਵੀ ਚਾਂਗਰਾਂ ਮਾਰਦੇ ਫਿਰਦੇ ਹਨ। ਮਨੁੱਖ ਭਲਾਂ ਹੋਰ ਕਿੱਥੋਂ ਕੁ ਤੱਕ ਨਿੱਘਰੇਗਾ। ਇਸ ਸਵਾਲ ਦਾ ਜਵਾਬ ਤਾਂ ਭਵਿੱਖ ਦੀ ਕੁੱਖ ਵਿਚ ਲੁਕਿਆ ਪਿਆ ਹੈ।

ਕੀ ਧਰਮ, ਮੁਲਕ, ਕੌਮ ਇਹ ਸ਼ਬਦ ਮਨੁੱਖ ਤੋਂ ਵੀ ਉੱਪਰ ਹਨ? ਇਨਸਾਨ ਤੋਂ ਉੱਤਮ ਇੱਥੇ ਕੁਝ ਵੀ ਨਹੀਂ। ਜਿਸ ਇਨਸਾਨ ਨੇ "ਰੱਬ" ਦੀ ਸਿਰਜਣਾ ਕੀਤੀ, "ਰੱਬ" ਦੇ "ਘਰ" ਉਸਾਰੇ, ਫੇਰ ਉਹ ਆਪਣੇ ਆਪੇ ਸਿਰਜੇ ਰੱਬ ਤੋਂ ਕਿਉਂ ਡਰਨ ਲੱਗਾ? ਆਪਣੇ ਕੀਤੇ ਗੁਨਾਹ ਕਿਸੇ ਦੂਸਰੇ ਦੀ ਮਰਜ਼ੀ ਕਹਿ ਕੇ ਮਨ ਨੂੰ ਕਿਉਂ ਰਾਜ਼ੀ ਰੱਖਣ ਲੱਗਾ? ਦਲੀਲ 'ਤੇ ਇਹ ਵਿਚਾਰ ਪੂਰਾ ਨਹੀਂ ਉਤਰਦਾ, ਇਸ ਨੂੰ ਤਰਕ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ । ਮੰਨਣ ਤੇ ਰੱਦ ਕਰਨ ਵਾਲਿਆਂ ਨੂੰ ਇਕ ਦੂਜੇ ਦੇ ਦੁਸ਼ਮਣ ਨਹੀਂ ਬਣਨਾ ਚਾਹੀਦਾ ਹੈ। ਸਮਝਣ ਵਾਲੀ ਗੱਲ ਕਿ ਵਿਚਾਰ, ਤਕਰਾਰ ਨਾ ਬਣੇ। ਕਿਸੇ ਦੂਸਰੇ ਦੇ ਵਿਸ਼ਵਾਸ਼ ਜਾਂ ਅ-ਵਿਸ਼ਵਾਸ਼ ਨੂੰ ਮੰਨਣਾ ਜਾਂ ਨਾ ਮੰਨਣਾ ਹਰ ਕਿਸੇ ਦੀ ਆਪਣੀ ਮਰਜ਼ੀ ਹੈ, ਪਰ ਕਿਸੇ ਵੀ ਹੋਰ ਨੂੰ ਅਪਮਾਨਤ ਕਰਨ ਦਾ ਹੱਕ ਕਿਸੇ ਵੀ ਦੂਜੇ ਨੂੰ ਨਹੀਂ ਅਤੇ ਨਾ ਹੀ ਹੋਣਾ ਚਾਹੀਦਾ ਹੈ। ਪਰ ਇੱਥੇ ਤਾਂ ਵਾਰ ਵਾਰ ਵਾਪਰਦਾ ਹੀ ਇਹੋ ਕੁੱਝ ਹੈ। ਆਖਰ ਕਿਉਂ ? ਫੇਰ ਮਨੁੱਖ ਨੇ ਬੀਤੇ ਤੋਂ ਕੀ ਸਿੱਖਿਆ ? ਜੇ ਨਹੀਂ ਸਿੱਖਿਆ ਤਾਂ ਕਦੋਂ ਸਿੱਖੇਗਾ ? ਧਰਮ ਦੀਆਂ ਕਹੀਆਂ ਜਾਂਦੀਆਂ ਸਿਖਿਆਵਾਂ ਇਸ ਸਮਾਜ ਦੀ ਹੀ ਦੇਣ ਹਨ - ਸਮਾਜ ਸੱਭਿਅਕ ਹੋਵੇ, ਹਰ ਕੋਈ ਇਕ ਦੂਜੇ ਦਾ ਦਰਦ ਸਮਝੇ, ਮਜ਼ਲੂਮ ਦੀ ਬਾਂਹ ਫੜੇ, ਜ਼ੁਲਮ ਨੂੰ ਲਲਕਾਰੇ - ਇਸ ਵਾਸਤੇ ਅਸੂਲ ਤੈਅ ਕੀਤੇ ਗਏ, ਇਹੀ ਸਾਡਾ ਵਿਰਸਾ ਹੈ। ਇਸ ਨੂੰ ਭਰੱਪਣ ਭਰੀ ਸਾਂਝ ਦੇ ਆਸਰੇ ਸਾਂਭਣ ਦੀ ਲੋੜ ਹੈ। ਸਦੀਆਂ ਪਹਿਲਾਂ ਬਰੂਨੋ ਤੇ ਗੈਲੀਲੀਉ ਵਰਗੇ ਮਹਾਂਪੁਰਸ਼ਾਂ ਦੇ ਬੋਲੇ ਪ੍ਰਵਚਨ ਅਸੀਂ ਕਿਉਂ ਚੇਤੇ ਨਹੀਂ ਰੱਖਣਾ ਚਾਹੁੰਦੇ ? ਉਨ੍ਹਾਂ ਵਲੋਂ ਸੱਚ ਦਾ ਹੋਕਾ ਦਿੰਦਿਆਂ ਦਰਸਾਈ ਅ-ਸਹਿਮਤੀ ਨੂੰ ਸਮੇਂ ਦੇ ਜਾਬਰਾਂ ਦਾ ਜੁਲਮ ਝੱਲਣਾ ਪਿਆ ਪਰ ਅੱਜ ਉਹ ਸੱਚ ਸਭ ਦੇ ਸਾਹਮਣੇ ਹੈ। ਜੁਲਮ ਕਰਨ ਵਾਲਿਆਂ ਨੂੰ ਆਖਰ ਮਾਫੀ ਮੰਗਣੀ ਪਈ ਸੀ। ਸਮੇਂ ਦੇ ਹਰ ਸੁਕਰਾਤ ਨੂੰ ਇੱਥੇ ਜ਼ਹਿਰ ਪੀਣਾ ਹੀ ਪੈਂਦਾ ਹੈ। ਅਜਿਹੀਆਂ ਅਣਗਿਣਤ ਇਨਸਾਨੀ ਕੁਰਬਾਨੀਆਂ ਨੂੰ ਅਸੀਂ ਨਿੱਤ ਯਾਦ ਕਰਦੇ ਹਾਂ।

ਸਦੀਆਂ ਤੋਂ ਤੁਰਿਆ ਆਉਂਦਾ ਅਣਮਨੁੱਖੀ ਵਿਹਾਰ ਅਤੇ ਵਿਚਾਰ, ਜਿਸ ਨੂੰ ਆਮ ਕਰਕੇ ਭਾਰਤੀ ਨਸਲਵਾਦ (ਜਾਤ-ਪਾਤ ਦਾ ਪ੍ਰਬੰਧ ਅਣਮਨੁੱਖੀ ਤੇ ਗੈਰ ਹਰੀਕੀ ਹੈ) ਵੀ ਕਿਹਾ ਜਾਂਦਾ ਹੈ। ਇਸ ਨਵੀਂ ਸਦੀ ਵਿਚ ਐਹੋ ਜਹੇ ਘਟੀਆ ਵਿਚਾਰਾਂ ਨੂੰ ਨਕਾਰਨਾ/ਭੰਡਣਾਂ ਹੀ ਕਾਫੀ ਨਹੀਂ ਸਗੋਂ ਆਪਣੀ ਪੂਰੀ ਸ਼ਕਤੀ ਨਾਲ ਇਸ ਦੇ ਖਾਤਮੇ ਲਈ ਕੰਮ ਕਰਨਾ ਹਰ ਸੱਚੇ ਇਨਸਾਨ ਦਾ ਫਰਜ਼ ਹੋਣਾ ਚਾਹੀਦਾ ਹੈ ਤਾਂ ਕਿ 'ਮਹਾਨ' ਕਹੇ ਜਾਂਦੇ ਭਾਰਤ ਦੇ ਮੱਥੇ ਤੋਂ ਨਸਲਵਾਦ (ਵਰਣ-ਵੰਡ ਇਸੇ ਦਾ ਹੀ ਬੀਜ ਬੀਜਦੀ ਹੈ) ਦਾ ਦਾਗ ਧੋਤਾ ਜਾ ਸਕੇ। ਹਰ ਮਨੁੱਖ ਨੂੰ ਮਨੁੱਖ ਹੋਣ ਦਾ ਬਰਾਬਰ ਦਾ ਹੱਕ ਮਿਲੇ। "ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥ ਦਾ ਸੰਕਲਪ ਹਕੀਕਤ ਵਿਚ ਸਾਕਾਰ ਹੋਵੇ। ਸੈਮੂਅਲ ਹਟਿੰਗਟਨ ਵਰਗੇ ਮਨੁੱਖਤਾ ਦੋਖੀ ਸ਼ਰਾਰਤੀਆਂ ਵਲੋਂ ਵਿਕਾਊ ਸੰਚਾਰ ਸਾਧਨਾਂ ਦੇ ਆਸਰੇ 'ਸੱਭਿਆਤਾਵਾਂ ਦੇ ਭੇੜ' ਵਰਗਾ ਲੂਣ ਗੁੰਨਣ ਜਿੰਨਾ ਝੂਠਾ ਰੌਲਾ ਪਾ ਕੇ ਮਨੁੱਖਤਾ ਵਿਚ ਵੰਡੀਆਂ ਪਾਉਣ ਵਾਲਿਆਂ ਨੂੰ ਨਕਾਰਦਿਆਂ, ਪੰਜਾਬੀਆਂ ਦੀ ਸਦੀਆਂ ਪੁਰਾਣੀ ਜੀਊਣ ਵਾਲੀ ਜੁਗਤ ਜਾਂ ਰੀਤ 'ਸਰਬੱਤ ਦੇ ਭਲੇ' ਨੂੰ ਸਾਕਾਰ ਕਰਨ ਵਾਸਤੇ ਸਾਂਝੇ ਉਪਰਾਲੇ ਕੀਤੇ ਜਾਣ - ਅਸੀਂ ਸਦੀਆਂ ਤੋਂ ਹੀ ਸੁਣਦੇ ਆਏ ਹਾਂ ਕਿ "ਮਾਨਸ ਕੀ ਜਾਤ ਸਬੈ ਏਕੇ ਪਹਿਚਾਨਬੋ " ਤਾਂ ਫੇਰ ਮਨੁੱਖਾਂ ਅੰਦਰ ਤਰ੍ਹਾਂ ਤਰ੍ਹਾਂ ਦੀਆਂ ਵੰਡੀਆਂ ਪਾਉਣ ਵਾਲੇ ਕੌਣ ਹਨ? ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ ਆਪ ਇਨਸਾਨ ਬਣਕੇ ਦੂਜਿਆਂ ਨਾਲ ਮੁਹੱਬਤੀ ਸਾਂਝ ਪਾਲਣੀ।

ਹੁਣ ਕੀ ਲੋੜੀਂਦਾ ਹੈ? ਮਨੁੱਖੀ ਮਨ ਪਿਆਰ-ਮੁਹੱਬਤਾਂ ਦਾ ਮੁਜੱਸਮਾ ਬਣੇ । ਕਿਸੇ ਕਵੀ ਦੀ ਕਲਪਨਾ ਕਿ 'ਹਰ ਇੱਕ ਬੰਦਾ ਸ਼ਾਹ ਦੁਨੀਆਂ ਦਾ, ਹਰ ਇੱਕ ਤੀਵੀਂ ਰਾਣੀ' ਸੱਚ ਹੋਵੇ, ਸਾਕਾਰ ਹੋਵੇ। ਵੱਡਾ ਤੇ ਮਹੱਤਵਪੂਰਨ ਸੁਪਨਾ ਕਿ ਖਿਲਰਿਆ ਮਨੁੱਖ ਸੁੱਚਾ, ਸੁਚੱਜਾ, ਦੂਜੇ ਦਾ ਦੁੱਖ-ਪੀੜ ਜਰਨ ਵਾਲਾ ਸਮਾਜੀ ਜੀਵ ਬਣੇ। ਮਨੁੱਖੀ ਮਨ ਵਿੱਚ ਵੰਡੀਆਂ ਤੇ ਦੁਸ਼ਮਣੀਆਂ ਦਾ ਮੈ਼ਲ ਭਰਿਆ ਪ਼ਲਦਾ ਰੋਗ ਖ਼ਤਮ ਹੋਵੇ। ਮਨੁੱਖੀ ਭਾਈਚਾਰਾ ਆਪਣਾ ਹੀ ਪਰਵਾਰ ਸਮਝਿਆ ਜਾਵੇ। ਇਨ੍ਹਾਂ ਸਭ ਨੂੰ ਇਕੱਠੇ ਕਰਕੇ "ਬੇਗਮਪੁਰੇ" ਵਾਲੇ ਸੰਕਲਪ ਨੂੰ ਸੱਚ ਕਰਨ ਵਾਸਤੇ ਇਨਸਾਨੀ ਜ਼ਿੰਦਗੀ ਸਵਾਰਨ ਵਾਲੇ ਸਾਂਝੇ ਸੰਘਰਸ਼ ਦੇ ਲੜ ਲੱਗਿਆ ਜਾਵੇ। "ਬੇਗਮਪੁਰਾ" ਸਿਰਜਣ ਤੇ "ਬੇਗਮਪੁਰੇ" ਪਹੁੰਚਣ ਦਾ ਜਤਨ ਤਾਂ ਹੋਵੇ।

ਆਉਣ ਵਾਲਾ ਸਮਾਂ ਹੋਰ ਵੀ ਤੇਜ ਰਫਤਾਰ ਵਾਲਾ ਹੋਵੇਗਾ। ਉਪਭੋਗਤਾਵਾਦੀ ਸਮਾਜੀ-ਸਿਆਸੀ 'ਸੱਭਿਆਚਾਰਕ' ਵਰਤਾਰਾ ਮਨੁੱਖੀ ਨਿਘਾਰ ਦਾ ਸੂਚਕ ਹੈ। ਮਨੁੱਖੀ ਸੂਝ ਨੂੰ ਲਾਹੇਵੰਦ ਕਾਰਜਾਂ ਵਾਸਤੇ ਵਰਤਣਾ, ਨਿੱਘਰਦੇ ਜਾ ਰਹੇ ਸਮਾਜ ਨੂੰ ਨਵੀਂ ਸੇਧ ਦੇਣ ਦਾ ਸਬੱਬ ਪੈਦਾ ਕਰ ਸਕਦਾ ਹੈ। ਨਵੀਂ ਸੋਚ, ਨਵੀਆਂ ਜੁਗਤਾਂ ਰਾਹੀਂ ਹੀ ਨਵੇਂ ਸਮਾਜ ਅਤੇ ਨਵੇਂ ਮਨੁੱਖ ਦੀ ਸਿਰਜਣਾ ਤੇ ਉਸਾਰੀ ਹੋ ਸਕਦੀ ਹੈ। ਮਨੁੱਖਤਾ ਵਾਸਤੇ ਇਹੋ ਸੱਚਾ ਸੰਦੇਸ਼ ਬਣੇ ਕਿ ਹੱਥੀਂ ਕਿਰਤ ਕਰਨ ਵਾਲਾ ਜਹਾਨ ਦਾ ਪਾਲਕ ਦੁੱਖ ਭਰੇ ਨਰਕੀ ਜੀਵਨ ਤੋਂ ਮੁਕਤ ਹੋਵੇ। ਗੁਜ਼ਰ ਰਿਹਾ ਸਮਾਂ ਸੱਚ ਦੇ ਨਾਂ ਹੋਵੇ, ਜੱਗ ਨੂੰ ਪਾਲਣ ਅਤੇ ਅੱਗੇ ਵਧਾਉਣ ਵਾਲੀ ਕਿਰਤ ਕਰਦਾ ਹਰ ਕਿਰਤੀ ਸੁਖੀ ਵਸੇ । ਵਰਤਮਾਨ ਅਤੇ ਭਵਿੱਖ ਸਾਡਾ ਸਭ ਦਾ ਸਾਂਝਾ ਹੋਵੇ।

ਇਕ ਦੇ ਦੁੱਖ ਦਾ ਦਰਦ ਕਿਸੇ ਦੂਸਰੇ ਦੀ ਅੱਖ ਦਾ ਹੰਝੂ ਬਣੇ। ਮਨੁੱਖ ਜਦੋਂ ਵੀ ਚਾਹੇ ਤਾਂ ਕਿਸੇ ਵੀ ਸਮਾਜੀ, ਸਿਆਸੀ ਵਿਚਾਰਧਾਰਾ ਦਾ ਅੰਗ ਬਣ ਸਕਦਾ ਹੈ, ਕਿਸੇ ਵੀ ਧਰਮ ਦਾ ਲੜ ਫੜ ਸਕਦਾ ਹੈ ਜਾਂ ਧਰਮ ਤੋਂ ਬਿਨਾਂ ਜੀਊਣ ਦਾ ਸੰਕਲਪ ਲੈ ਸਕਦਾ ਹੈ। ਪਰ, ਇਸ ਤੋਂ ਵੀ ਜ਼ਰੂਰੀ ਅੱਜ ਲੋੜਾਂ ਦੀ ਲੋੜ ਕਿ ਸਭ ਤੋਂ ਪਹਿਲਾਂ ਸੱਭਿਆਚਾਰਾਂ ਅਤੇ ਸੱਭਿਆਤਾਵਾਂ ਦੀ ਨੇੜਤਾ ਵਾਸਤੇ ਕਾਰਜਸ਼ੀਲ ਹੁੰਦਿਆਂ, ਸੰਸਾਰ ਅਮਨ ਦਾ ਹੋਕਾ ਦਿੰਦਿਆ, ਸਰਬੱਤ ਦੇ ਭਲੇ ਦੀ ਕਾਮਨਾ ਕਰਦਿਆਂ ਬੋਲ ਉੱਚੇ ਹੋਣ ਕਿ ਹੋਰ ਕੁਝ ਵੀ ਬਣਨ ਤੋਂ ਪਹਿਲਾ ਅਸੀਂ ਸੱਚੇ ਸੁੱਚੇ ਇਨਸਾਨ ਬਣੀਏਂ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2023 ਦੀਆਂ ਲੱਖ-ਲੱਖ ਵਧਾਈਆਂ

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |

ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ 'ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

**ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)**



Vinod Kumar Chumber (Chairman) 510-953-9800



Ram Lubhaya (President) 408-449-1105



Naresh Kumar (Secretary) 510-857-4551



Sohan Singh Dhanda (Treasurer) 510-200-6649


















## ਪ੍ਰਕਾਸ਼ ਪੁਰਬ ’ਤੇ ਵਿਸ਼ੇਸ਼

# ਗੁਰੂ ਗੋਬਿੰਦ ਸਿੰਘ ਸਾਹਿਬ ਜੀ (22 ਦਸੰਬਰ 1666)

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਇਕ ਇਲਾਹੀ ਦੂਤ, ਇਕ ਯੋਧਾ ਅਤੇ ਇਕ ਦਾਰਸ਼ਨਿਕ ਵਜੋਂ ਜਾਣੇ ਜਾਂਦੇ ਹਨ। ਆਪ ਜੀ ਨੇ ਸਮਾਜ ਨੂੰ ਨਿਡਰਤਾ, ਸਵੈਮਾਣ, ਸੰਜਮ ਤੇ ਵਿਸ਼ਵਾਸ ਦੀ ਜੀਵਨ ਜਾਚ ਸਿਖਾਈ। ਸਿੱਖ ਧਰਮ ਵਿਚ ਅਪ ਦਸਵੀਂ ਪਾਤਸ਼ਾਹੀ ਵਜੋਂ ਯਾਦ ਕੀਤੇ ਜਾਂਦੇ ਹਨ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਿਧਾਂਤ ਅਨੁਸਾ ਪ੍ਰਮਾਤਮਾ ਦ ਪ੍ਰੇਮ ਵਿਚ ਯੋਧਿਆਂ ਵਾਂਗ ਵਿਚਰਨ ਦਾ ਉਪਦੇਸ਼ ਹੈ। ਸਤਿ ਨੇ ਨਿਆਂ ਦੀ ਹਰ ਹਾਲਤ ਵਿਚ ਪਾਲਣਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਖਾਲਸ ਸਾਜਿਆ ਕਿ ਇਕ ਪ੍ਰਮਾਤਮਾ ਤੋਂ ਬਿਨਾਂ ਕਿਸੇ ਅੱਗੇ ਸਿਰ ਨਾ ਝੁਕਾਵੇ। ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਸ਼ਵਾਸ ਰੱਖੇ ਤੇ ਗੁਰੂ ਮੰਨੇ। ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਜਬਰ ਅਤੇ ਅਨਿਆਇ ਅੱਗੇ ਝੁਕਣਾ ਆਧਰਮ ਹੈ। ਸਿੱਖ ਕੌਮ ਵਿਚ ਅਜਿਹਾ ਜੋਸ਼ ਭਰਿਆ ਕਿ ਨਿਮਾਣੇ, ਨਿਤਾਣੇ, ਦੱਬੇ-ਕੁਚਲੇ ਨਿਕੰਮੇ ਸਮਝੇ ਜਾਣ ਵਾਲਿਆਂ ਨੂੰ ਸੰਤ ਸਿਪਾਹੀ ਬਣਨ ਵੱਲ ਤੋਰਿਆ। ਜਿਹਨਾਂ ਦੀਆਂ ਕੁਰਬਾਨੀਆਂ ਹਮੇਸ਼ਾ ਅਮਰ ਹਨ। ਅਧਿਆਤਮਕ ਤੇ ਭੌਤਿਕ, ਆਤਮਕ ਤੇ ਸੰਸਾਰਕ ਨੂੰ ਇਕ ਕਲਾਵੇ ਵਿਚ ਲੈ ਲਿਆ। ’ਦੇਗ, ਤੇਗ ਫਤਿਹ’ ਦੀ ਦਾਤ ਖਾਲਸੇ ਨੂੰ ਬਖਸ਼ੀ। ਗੁਰੂ ਸਾਹਿਬ ਜੀ ਨੇ ਨਰੋਏ ਸਮਾਜ ਦੀ ਉਸਾਰੀ ਕਰਦਿਆਂ ਸਿੱਖ ਧਰਮ ਦੀ ਅਗਵਾਈ ਕੀਤੀ।

ਗੁਰੂ ਕਾਲ ਦੇ ਚਲਦੇ ਸਮੇਂ ਵਿਚ ਆਪ ਜੀ ਦਾ ਜਨਮ ਹਰਿਮੰਦਰ ਸਾਹਿਬ ਪਟਨਾ ਬਿਹਾਰ 22 ਦਸੰਬਰ 1666 ਨੂੰ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ। ਉਸ ਵੇਲੇ ਆਪ ਜੀ ਦੇ ਗੁਰਦੇਵ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਧਾਰਮਿਕ ਉਦੇਸ਼ ਲਈ ਬੰਗਾਲ ਅਤੇ ਅਸਾਮ ਦੀ ਯਾਤਰਾ ’ਤੇ ਸਨ। ਸਾਹਿਬਜ਼ਾਦੇ ਦਾ ਨਾਂ ਗੋਬਿੰਦ ਦਾਸ ਰੱਖਣ ਦਾ ਸੁਨੇਹਾ ਭੇਜਿਆ। ਬਾਅਦ ਵਿਚ 30 ਮਾਰਚ 1699 ਵੈਸਾਖੀ ਵਾਲੇ ਦਿਨ ਜਦ ਆਪ ਜੀ ਨੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ ਤਾਂ ਆਪ ਜੀ ਦਾ ਨਾਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਹੋ ਗਿਆ।



ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 1670 ਵਿਚ ਪਟਨਾ ਵਾਪਸ ਆਉਣ ’ਤੇ ਆਪ ਜੀ ਦਾ ਪਰਿਵਾਰ ਕੁਝ ਚਿਰ ਪਟਨਾ ਸਾਹਿਬ ਰਿਹਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਦੇ ਪਹਿਲੇ ਪੰਜ ਸਾਲ ਪਟਨਾ ਸਾਹਿਬ ਵਿਖੇ ਗੁਜਰੇ ਸਨ। ਆਪ ਜੀ ਨੇ ਗੁਰਮੁਖੀ ਅਤੇ ਗੁਰਬਾਣੀ ਦੀ ਸਿੱਖਿਆ ਸ਼ੁਰੂ ਕਰ ਲਈ ਸੀ। ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਆਪ ਜੀ ਦੇ ਸ਼ਰਧਾਲੂ ਬਣ ਗਏ ਸਨ। ਤਦ ਹੀ ਪਰਿਵਾਰ ਦੀ ਪੰਜਾਬ ਜਾਣ ਦੀ ਤਿਆਰੀ ਹੋ ਗਈ। ਪਰਿਵਾਰ ਦਾਨਾਪੁਰ, ਬਕਸਰ, ਆਰਾ, ਛੋਟਾ ਮਿਰਾਜ਼ਪੁਰ, ਬਨਾਰਸ, ਪਰਾਗ, ਲਖਨਊ, ਮਥਰਾ, ਥਾਨੇਸਰ, ਸਹਾਰਨਪੁਰ ਤੋਂ ਹੁੰਦਾ ਹੋਇਆ ਲਖਨੌਰ (ਅੰਬਾਲਾ) ਕੁਝ ਚਿਰ ਠਹਿਰਿਆ। ਫਿਰ ਕੀਰਤਪੁਰ ਪਹੁੰਚੇ। ਅਖੀਰ ਮਾਚ 1672 ਨੂੰ ਸ਼ਿਵਾਲਕ ਦੀ ਤਲਹਟੀ ਆਨੰਦਪੁਰ ਸਾਹਿਬ ਪਹੁੰਚੇ। ਜਿੱਥੇ ਆਪ ਜੀ ਦੀ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ। ਪੰਜਾਬੀ, ਬ੍ਰਿਜ, ਸੰਸਕ੍ਰਿਤ ਅਤੇ ਫਾਰਸੀ ਪੜ੍ਹਨਾ ਸੀ। ਸਸ਼ਤਰ ਵਿਦਿਆ ਵਿਚ ਤਲਵਾਰ, ਖੰਡਾ, ਬੰਦੂਕ ਆਦਿ ਦੀ ਵਰਤੋਂ, ਤੀਰਅੰਦਾਜ਼ੀ, ਸਵਾਰੀ, ਕੁਸ਼ਤੀ ਆਦਿ ਦੀ ਸਿਖਲਾਈ ਪ੍ਰਾਪਤ ਕੀਤੀ। ਆਪ ਜੀ ਦੀਆਂ ਖੇਡਾਂ ਵਿਚ ਸਾਥੀਆਂ ਨੂੰ ਦੋ ਟੋਲੀਆਂ ਵਿਚ ਵੰਡ ਲੈਂਦੇ ਸਨ। ਫਰਜ਼ੀ ਲੜਾਈਆਂ ਲੜੀਆਂ ਜਾਂਦੀਆਂ ਆਪ ਜਥੇਦਾਰ ਬਣਦੇ ਸਨ।

ਜਦ ਔਰੰਗਜੇਬ ਨੇ ਸਾਰੇ ਹਿੰਦੂਆਂ ਨੂੰ ਜਬਰੀ ਇਸਲਾਮ ਕਬੂਲਣ ਦਾ ਹੁਕਮ ਦਿੱਤਾ ਤਾਂ ਕਸ਼ਮੀਰੀ ਪੰਡਤਾਂ ਨੇ 1675 ਵਿਚ ਆਨੰਦਪੁਰ ਸਾਹਿਬ ਪਹੁੰਚ ਕੇ ਕਿਰਪਾ ਰਾਮ ਦੀ ਅਗਵਾਈ ਹੇਠ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਧਰਮ ਦੀ ਰੱਖਿਆ ਲਈ ਪੁਕਾਰ ਕੀਤੀ। ਤਦ 9 ਸਾਲ ਦੇ ਗੋਬਿੰਦ ਦਾਸ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਲਈ ਭੇਜਿਆ। ਗੁਰੂ ਤੇਗ ਬਹਾਦਰ ਸਾਹਿਬ ਜੀ ਦਿੱਲੀ ਵਿਚ ਸ਼ਹੀਦ ਹੋਣ ਤੋਂ ਪਹਿਲਾਂ ਕਹਿ ਗਏ ਸਨ ਕਿ ਸਾਡੇ ਤੋਂ ਬਾਅਦ ਗੁਰਗੱਦੀ ਦੀ ਜ਼ਿੰਮੇਵਾਰੀ ਸਾਡਾ ਸਾਹਿਬਜਾਦਾ ਸੰਭਾਲੇਗਾ। ਆਪ ਜੀ ਦੀ ਗੁਰਿਆਈ ਦਾ ਸਮਾਂ 11 ਨਵੰਬਰ 1675 ਤੋਂ ਸ਼ੁਰੂ ਹੁੰਦਾ ਹੈ। ਆਪ ਜੀ ਦੀ ਉਮਰ 9 ਸਾਲ ਸੀ।

ਗੁਰੂ ਸਾਹਿਬ ਜੀ ਨੇ ਸਰੀਰਕ ਬਲ ਅਤੇ ਸ਼ਸ਼ਤਰ ਵਿੱਦਿਆ ਦੇ ਹੁਨਰ ਨਾਲ ਸਾਹਿਤਕ ਉਨਤੀ ਵੱਲ ਧਿਆਨ ਦਿੱਤਾ। ਆਪ ਜੀ ਦੇ ਕੋਲ ਕਾਵਿਕ ਰਚਨਾ ਵਾਸਤੇ ਇਕ ਕੁਦਰਤੀ ਪ੍ਰਤਿਭਾ ਸੀ। ਕੌਮ ਦੀ ਉਸਾਰੀ ਦੇ ਕੰਮਾਂ ਦੀ ਵਿਉਂਤ ਬਣਾਈ, ਜਿਸ ਵਿਚ ਕਵਿਤਾ ਸਾਹਿਤ ਗੁਣਕਾਰੀ ਹੈ। ਇਸ ਵਿਚ ਖੋਜ ਆਰੰਭੀ। ਗੁਰਬਾਣੀ ਦੀ ਰਚਨਾ ਕੀਤੀ। ਆਪਣੇ ਅਨੁਯਾਈਆਂ ਨੂੰ ਜੰਗੀ ਪੱਧਰ ’ਤੇ ਤਿਆਰ ਕਰਨ ਅਤੇ ਉਹਨਾਂ ਨੂੰ ਬੇਇਨਸਾਫੀ ਅਤੇ ਜ਼ੁਲਮ ਵਿਰੁੱਧ ਖੜ੍ਹੇ ਹੋਣ ਲਈ ਪ੍ਰੇਰਿਆ। ਆਪਣੇ ਜੀਵਨ ਦੇ ਪਹਿਲੇ 20 ਸਾਲ ਤੋਂ ਵੱਧ ਆਪਣੇ ਆਪ ਨੂੰ ਇਕ ਸਿਪਾਹੀ ਦੀ ਸਿਖਲਾਈ ਹੇਠ ਹਥਿਆਰਾਂ ਦਾ ਅਭਿਆਸ ਕਰਦੇ ਆਨੰਦਪੁਰ ਸਾਹਿਬ ਵਿਖੇ ਸ਼ਾਂਤੀਪੂਰਵਕ ਰਹੇ। ਆਪ ਜੀ ਨੇ ਗ੍ਰੰਥਾਂ ਦਾ ਅਧਿਐਨ ਕੀਤਾ। ਬੀਰ ਰਸੀ ਕਵਿਤਾ ਪਾਠ ਦੇ ਨਾਲ ਸੰਗਤਾਂ ਵਿਚ ਧਾਰਮਿਕ ਵਾਰਤਾਲਾਪ ਚਲਦੀ। ਆਪ ਜੀ ਨੇ ਗੁਰਬਾਣੀ ਰਚਨਾ ਵੀ ਕੀਤੀ। ਪੁਰਾਤਨ ਸਾਹਿਤ ਦਾ ਅਨੁਵਾਦ ਕੀਤਾ ਗਿਆ। ਜੋ ਸਿੱਖਾਂ ਵਿਚ ਜੰਗੀ ਭਾਵਨਾ ਪੈਦਾ ਕੀਤੀ ਜਾ ਸਕੇ।

ਗੁਰੂ ਸਾਹਿਬ ਜੀ ਨੇ ਯਮਨਾ ਨਦੀ ਦੇ ਕੰਢੇ ਪਾਉਂਟਾ ਸਾਹਿਬ ਵਿਖੇ ਗੁਰਦੁਆਰਾ ਸਥਾਪਤ ਕੀਤਾ। ਗੁਰੂ ਸਾਹਿਬ ਜੀ ਦਾ ਜ਼ਿਆਦਾਤਰ ਰਚਨਾਤਮਕ ਸਾਹਿਤਕ ਕਾਰਜ ਪਾਉਂਟਾ ਸਾਹਿਬ ਵਿਖੇ ਹੋਇਆ। ਅਪ੍ਰੈਲ 1685 ਵਿਚ ਆਪ ਪਾਉਂਟਾ ਸਾਹਿਬ ਠਹਿਰੇ ਸਨ। ਆਪਣੀ ਕਵਿਤਾ ਦੁਆਰਾ ਪਿਆਰ ਸਮਾਨਤਾ ਤੇ ਨੈਤਿਕ ਆਚਰਣ ਦਾ ਪ੍ਰਚਾਰ ਕੀਤਾ। ਉਹਨਾਂ ਨੇ ਮੂਰਤੀ ਪੂਜਾ ਅਤੇ ਅੰਧ ਵਿਸ਼ਵਾਸ ਅਤੇ ਰੀਤੀ ਰਿਵਾਜਾਂ ਦੀ ਨਿਖੇਧੀ ਕਰਦੇ ਹੋਏ ਇਕ ਸਰਵਉਚ ਵਿਚ ਵਿਸ਼ਵਾਸ ਦਾ ਉਪਦੇਸ਼ ਦਿੱਤਾ। ਤਲਵਾਰ ਦੀ ਮਹਿਮਾ ਦੱਸਦਿਆਂ ਕਿਹਾ ਕਿ ਉਹ ਪ੍ਰਮਾਤਮਾ ਵੱਲੋਂ ਨਿਆਂ ਦੀ ਪੂਰਤੀ ਵਾਸਤੇ ਹੈ। ਹਮਲਾਵਰ ਪ੍ਰਤੀਕ ਵਜੋਂ ਨਹੀਂ। ਇਸਦੀ ਵਰਤੋਂ ਕਦੇ ਨਿੱਜ ਸ਼ਕਤੀ ਵਧਾਉਣ ਲਈ ਨਹੀਂ ਕਰਨੀ ਚਾਹੀਦੀ। ਇਹ ਮਰਦਾਨਗੀ ਅਤੇ ਸਵੈਮਾਣ ਦਾ ਪ੍ਰਤੀਕ ਹੈ।ਇਸਦੀ ਵਰਤੋਂ ਸਿਰਫ ਰੱਖਿਆ ਵਾਸਤੇ ਕੀਤੀ ਜਾਣੀ। ਆਖਰੀ ਉਪਾਅ ਵਜੋਂ। ਜਦੋਂ ਹੋਰ ਸਾਰੇ ਯਤਨ ਅਸਫਲ ਹੋ ਜਾਂਦੇ ਹਨ ਤਾਂ ਤਲਵਾਰ ਚੁੱਕਣਾ ਜਾਇਜ਼ ਹੈ। ਪਾਉਂਟਾ ਸਾਹਿਬ ਵਿਖੇ ਗੁਰੂ ਜੀ ਦੇ ਦਰਬਾਰ ਵਿਚ ਕਲਮਕਾਰ, ਕਲਾਕਾਰ, ਗੁਣੀ, ਫਨਕਾਰ ਸਨ।

ਜਿਹਨਾਂ ਦਾ ਸਮੇਂ-ਸਮੇਂ ਤਾਂਤਾ ਲੱਗਾ ਰਹਿੰਦਾ ਸੀ। ਪਰ 52 ਕਵੀ ਪੱਕੇ ਤੌਰ ’ਤੇ ਗੁਰੂ ਦਰਬਾਰ ਵਿਚ ਦਰਬਾਰੀ ਰਤਨ ਕਵੀ ਬਣ ਕੇ ਰਹੇ। ਗੁਰੂ ਜੀ ਕਲਾਕਾਰਾਂ ਦਾ ਬੜਾ ਸਤਿਕਾਰ ਕਰਦੇ ਸਨ, ਜਿਹਨਾਂ ਨੇ ਆਪਣੀਆਂ ਵਡਮੁੱਲੀਆਂ ਰਚਨਾਵਾਂ ਨਾਲ ਗੁਰੂ ਸਾਹਿਬ ਜੀ ਦੇ ਧਰਮ ਪ੍ਰਚਾਰ ਵਿਚ ਯੋਗਦਾਨ ਪਾਇਆ। ਪਾਉਂਟਾ ਧਰਮ ਪ੍ਰਚਾਰ, ਸਾਹਿਤ ਰਚਨਾ, ਵਿੱਦਿਆ ਅਤੇ ਫੌਜੀ ਸਿਖਲਾਈ ਦਾ ਕੇਂਦਰ ਬਣ ਗਿਆ। ਇਸ ਤਰ੍ਹਾਂ ਪਾਉਂਟਾ ਸਾਹਿਬ ਰਹਿੰਦੇ ਸਮੇਂ ਗੁਰੂ ਜੀ ਆਪਣੇ ਮਨੋਰਥ ਦੀ ਪੂਰਤੀ ਦੇ ਯਤਨਾਂ, ਸਾਧਨਾਂ ਵੱਲ ਟਿਕ ਕੇ ਧਿਆਨ ਦੇ ਸਕੇ।

ਗੁਰੂ ਸਾਹਿਬ ਜੀ ਦੀ ਵਧਦੀ ਤਾਕਤ ਅਤੇ ਲੋਕਾਂ ਵਿਚ ਵਧਦੇ ਪ੍ਰਭਾਵ ਤੋਂ ਗੁਆਂਢੀ ਰਾਜਪੂਤ ਪਹਾੜੀ ਸ਼ਾਸਕਾਂ ਦੀ ਈਰਖਾ ਵਧਣ ਲੱਗੀ। ਤਦ ਗੁਰੂ ਸਾਹਿਬ ਜੀ ਨੂੰ ਜੰਗਾਂ ਸਹੇੜਨੀਆਂ ਪਈਆਂ, ਕੁਝ ਖਾਲਸ ਸਾਜਨਾ ਤੋਂ ਪਹਿਲਾਂ ਤੇ ਕੁਝ ਬਾਅਦ ਵਿਚ ਜਿਵੇਂ ਭੰਗਾਣੀ ਦੀ ਜੰਗ, ਨੰਦੌਣ ਦੀ ਜੰਗ, ਗੁਲੇਰ ਹੁਸੈਨੀ ਜੰਗ ਅਤੇ ਖਾਲਸੇ ਦੇ ਆਗਮਨ ਤੋ ਬਾਅਦ ਆਨੰਦਪੁਰ ਸਾਹਿਬ ਦੀ ਪਹਿਲੀ ਜੰਗ, ਨਿਰਮੋਹ ਦੀ ਜੰਗ, ਸਤਲੁਜ ਦੀ ਜੰਗ, ਬਸੌਲੀ ਦੀ ਜੰਗ, ਆਨੰਦਪੁਰ ਸਾਹਿਬ ਦੀ ਦੂਜੀ ਜੰਗ, ਸ਼ਾਹੀ ਟਿੱਬੇ ਦੀ ਜੰਗ, ਸਿਰਸਾ ਦੀ ਜੰਗ, ਚਮਕੌਰ ਸਾਹਿਬ ਦੀ ਜੰਗ, ਖਿਦਰਾਣਾ ਦੀ ਜੰਗ।



ਸੰਨ 1694 ਨੂੰ ਸ਼ਹਿਜਾਦਾ ਮੁਅਜਮ ਬਾਅਦ ਵਿਚ ਬਾਦਸ਼ਾਹ ਬਹਾਦਰ ਸ਼ਾਹ ਜਾਣਿਆ ਜਾਣ ਲੱਗਾ, ਦੇ ਸਮੇਂ ਵਿਚ ਥੋੜ੍ਹੀ ਜਿਹੀ ਰਾਹਤ ਮਿਲੀ। ਸੰਨ 1699 ਵਿਚ ਵੱਖ-ਵੱਖ ਹਿੱਸਿਆਂ ਵਿਚ ਸਿੱਖ ਸੰਗਤਾਂ ਤੇ ਭਾਈਚਾਰੇ ਵੱਲੋਂ ਮਸੰਦਾਂ ਵਿਰੁੱਧ ਸ਼ਿਕਾਇਤਾਂ ਸੁਣੀਆਂ ਸਨ। ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਆਪਣੀਆਂ ਭੇਟਾਂ ਸਿੱਧੇ ਆਨੰਦਪੁਰ ਸਾਹਿਬ ਭੇਜਣ।

ਗੁਰੂ ਸਾਹਿਬ ਜੀ ਨੇ ਖਾਲਸਾ ਪੰਥ ਸਾਜਣਦਾ ਫੈਸਲਾ ਕਰ ਲਿਆ। ਗੁਰੂ ਜੀ ਨੇ 1699 ਦੀ ਵਿਸਾਖੀ ਦਾ ਦਿਨ ਨੀਅਤ ਕੀਤਾ। ਚਾਰ ਚੁਫੇਰੇ ਸੰਗਤਾਂ ਨੂੰ ਹੁਕਮ ਭੇਜੇ ਕਿ ਵਿਸਾਖੀ ਤੇ ਵੱਡਾ ਜੋੜ ਮੇਲਾ ਹੋਵੇਗਾ। ਸੰਗਤਾਂ ਵੱਧ ਤੋਂ ਵੱਧ ਗਿਣਤੀ ਵਿਚ ਹਾਜ਼ਰ ਹੋਣ। ਕੇਸਗੜ੍ਹ ਸਾਹਿਬ ਆਨੰਦਪੁਰ ਵਿਖੇ ਪੰਜ ਪਿਆਰਿਆਂ ਦੀ ਚੋਣ ਕਰਕੇ ਖਾਲਸਾ ਪੰਥ ਸਾਜਿਆ। ਗੁਰੂ ਜੀ ਨੇ ਆਪਣੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ, ਉਹ ਪ੍ਰਾਰਥਨਾ ਵਿਚ ਖੜ੍ਹੇ ਹੋਏ ਅਤੇ ਹੱਥ ਜੋੜ ਕੇ ਉਹਨਾਂ ਨੂੰ ਉਸੇ ਤਰ੍ਹਾਂ ਅੰਮ੍ਰਿਤ ਛਕਣ ਲਈ ਬੇਨਤੀ ਕੀਤੀ। ਜਿਵੇਂ ਉਹਨਾਂ ਨੇ ਉਹਨਾਂ ਨੂੰ ਅੰਮ੍ਰਿਤ ਛਕਾਇਆ ਸੀ। ਉਹ ਆਪ ਉਹਨਾਂ ਦਾ ਚੇਲਾ ਬਣ ਗਿਆ। ’ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ’।

ਹੁਣ ਤੋਂ ਸਿੰਘ ਖਾਲਸ ਵਜੋਂ ਜਾਣੇ ਜਾਣਗੇ। ਉਦੋਂ ਗੁਰੂ ਜੀ ਦਾ ਨਾਂ ਗੋਬਿੰਦ ਦਾਸ ਤੋਂ ਗੋਬਿੰਦ ਸਿੰਘ ਰੱਖਿਆ ਗਿਆ। ਕੁਝ ਹੀ ਦਿਨਾਂ ਵਿਚ 80000 ਮਰਦਾਂ ਅਤੇ ਔਰਤਾਂ ਨੇ ਆਨੰਦਪੁਰ ਵਿਖੇ ਅੰਮ੍ਰਿਤ ਛਕਿਆ। ਗੁਰੂ ਸਾਹਿਬ ਜੀ ਦਾ ਸੰਘਰਸ਼ ਮੁਗਲਾਂ ਨਾਲ ਜੰਗਾਂ ਵਿਚ ਚਲਦਾ ਰਿਹਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਜੰਗਾਂ ਤੋਂ ਬਾਅਦ 20 ਜਨਵਰੀ 1706 ਨੂੰ ਤਲਵੰਡੀ ਸਾਬੋ, ਹੁਣ ਦਮਦਮਾ ਸਾਹਿਬ ਕਿਹਾ ਜਾਂਦਾ ਹੈ ਪਹੁੰਚੇ। ਉਥੇ 9 ਮਹੀਨਿਆਂ ਤੋਂ ਵੱਧ ਸਮਾਂ ਰਹਿਣ ਤੇ ਬਹੁਤ ਸਾਰੇ ਸਿੱਖ ਗੁਰੂ ਜੀ ਨੂੰ ਦੁਬਾਰਾ ਮਿਲ ਗਏ। ਉਹਨਾਂ ਨੇ ਗੁਰੂ ਦੀ ਬਾਣੀ ਲਿਖਣ ਵਾਲੇ ਪ੍ਰਸਿੱਧ ਵਿਦਵਾਨ ਭਾਈ ਮਨੀ ਸਿੰਘ ਜੀ ਨਾਲ ਮਿਲ ਕੇ ਸਿੱਖ ਧਰਮ ਗ੍ਰੰਥ ’ਗੁਰੂ ਗ੍ਰੰਥ ਸਾਹਿਬ ਜੀ’ ਤਿਆਰ ਕੀਤਾ। ਗੁਰੂ ਸਾਹਿਬ ਜੀ ਕੋਲ ਵਿਦਵਾਨਾਂ ਦਾ ਇਕੱਠ ਹੋਣ ਕਰਕੇ ਸਾਹਿਤਕ ਗਤੀਵਿਧੀਆਂ ਤੋਂ ਇਸ ਸਥਾਨ ਨੂੰ ਗੁਰੂ ਕੀ ਕਾਸ਼ੀ ਜਾਂ ਵਾਰਾਣਸੀ (ਉਤਰੀ-ਪੂਰਬੀ ਮੱਧ ਭਾਰਤ) ਵਰਗਾ ਵਿੱਦਿਆ ਦਾ ਕੇਂਦਰ ਵਜੋਂ ਜਾਣਿਆ ਜਾਂਦਾ ਹੈ।

ਦੀਨਾ ਨਗਰ ਰਹਿੰਦਿਆਂ ਗੁਰੂ ਸਾਹਿਬ ਜੀ ਨੂੰ ਔਰੰਗਜੇਬ ਦਾ ਇਕ ਪੱਤਰ ਮਿਲਿਆ, ਜਿਸ ਵਿਚ ਉਸਨੇ ਗੁਰੂ ਸਾਹਿਬ ਜੀ ਨੂੰ ਮਿਲਣ ਦੀ ਬੇਨਤੀ ਕੀਤੀ ਸੀ ਕਿ ਆਪ ਦੱਖਣ ਵਿਚ ਆ ਕੇ ਉਸਨੂੰ ਮਿਲਣ। ਇਹ ਪੱਤਰ ਉਸ ਪੱਤਰ ਦੇ ਉਤਰ ਵਿਚ ਸੀ, ਜਿਹੜਾ ਗੁਰੂ ਸਾਹਿਬ ਜੀ ਨੇ ਚਮਕੌਰ ਸਾਹਿਬ ਦੀ ਜੰਗ ਤੋਂ ਬਾਅਦ ਉਸਨੂੰ ਲਿਖਿਆ ਸੀ। ਦੂਜਾ ਪੱਤਰ ਗੁਰੂ ਸਾਹਿਬ ਜੀ ਨੇ ਬਾਦਸ਼ਾਹ ਦੀ ਚਿੱਠੀ ਆਉਣ ਤੇ ਲਿਖਿਆ। ਇਹ ਪੱਤਰ ਫਾਰਸੀ ਕਵਿਤਾ ਵਿਚ ਹੈ। ਇਸ ਦੀ ਸ਼ੈਲੀ ਅਤੇ ਸੰਵਾਦ ਪਹਿਲੇ ਵਰਗੀ ਹੀ ਪ੍ਰਭਾਵਸ਼ਾਲੀ ਅਤੇ ਚੜ੍ਹਦੀ ਕਲਾ ਵਾਲੀ ਹੈ। ਗੁਰੂ ਸਾਹਿਬ ਜੀ ਨੇ ਇਸ ਪੱਤਰ ਦਾ ਨਾਂ ਜਫਰ-ਨਾਮਹ ਜਾਂ ਵਿਜੈਗੀਤ ਰਿੱਖਿਆ। ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਜੀ ਨੂੰ ਇਹ ਪੱਤਰ ਦੇ ਕੇ ਬਾਦਸ਼ਾਹ ਤੱਕ ਪਹੁੰਚਾਉਣ ਲਈ ਭੇਜਿਆ। ਉਹਨਾਂ ਨੇ ਅਹਿਮਦਨਗਰ (ਦੱਖਣ) ਪਹੁੰਚ ਕੇ ਜਫਰ-ਨਾਮਹ ਔਰੰਗਜੇਬ ਦੇ ਹੱਥ ਫੜਾਇਆ। ਗੁਰੂ ਸਾਹਿਬ ਜੀ 30 ਅਕਤੂਬਰ 1706 ਨੂੰ ਪਹਿਲਾਂ ਹੀ ਦੱਖਣ ਵੱਲ ਰਵਾਨਾ ਹੋ ਗਏ ਸਨ। ਉਹ ਰਾਜਸਥਾਨ ਦੇ ਬਘੌਰ ਦੇ ਨੇੜਲੇ ਇਲਾਕੇ ਵਿਚ ਸਨ। ਜਦੋਂ ਫਰਵਰੀ 1707 ਨੂੰ ਅਹਿਮਦਨਗਰ ਬਾਦਸ਼ਾਹ ਦੀ ਮੌਤ ਦੀ ਖਬਰ ਆਈ। ਸ਼ਾਹਜਹਾਨਬਾਦ ਦਿੱਲੀ ਰਾਹੀਂ ਪੰਜਾਬ ਵਾਪਸ ਆਉਣ ਤੱਕ ਬਾਦਸ਼ਾਹ ਦੇ ਪੁੱਤਰ ਉਤਰਾਧਿਕਾਰੀ ਲੜਨ ਦੀ ਤਿਆਰੀ ਕਰ ਰਹੇ ਸਨ।

ਗੁਰੂ ਸਾਹਿਬ ਜੀ ਨੇ ਬਹਾਦਰ ਸ਼ਾਹ ਦੀ ਮਦਦ ਕੀਤੀ। ਫਿਰ ਦੋਵਾਂ ਦੀ ਇਕੱਤਰਤਾ 23 ਜੁਲਾਈ 1707 ਨੂੰ ਆਗਰਾ ਵਿਖੇ ਹੋਈ। ਦੋਵੇਂ ਜੂਨ 1708 ਵਿਚ ਤਾਪਦੀ ਨਦੀ ਅਤੇ ਅਗਸਤ ਵਿਚ ਗੰਗਾ ਨੂੰ ਪਾਰ ਕਰਦੇ ਹੋਏ ਅਗਸਤ ਦੇ ਅੰਤ ਵਿਚ ਨਾਂਦੇੜ ਪਹੁੰਚੇ।

ਜਦੋਂ ਬਹਾਦਰ ਸ਼ਾਹ ਦੱਖਣ ਵੱਲ ਵਧਿਆ ਤਾਂ ਗੁਰੂ ਸਾਹਿਬ ਜੀ ਨੇ ਨਾਂਦੇੜ ਰੁਕਣ ਦਾ ਫੈਸਲਾ ਕੀਤਾ। ਇੱਥੋਂ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਸਿੱਖ ਕੌਮ ਦਾ ਜਥੇਦਾਰ ਥਾਪ ਕੇ ਪੰਜਾਬ ਵੱਲ ਸੂਬਾਈ ਹਾਕਮਾਂ ਵਿਰੁੱਧ ਮੁਹਿੰਮ ਜਾਰੀ ਰੱਖਣ ਲਈ ਕਿਹਾ।

ਸਰਹਿੰਦ ਦੇ ਨਵਾਬ ਵਜੀਰ ਖਾਂ ਨੂੰ ਗੁਰੂ ਸਾਹਿਬ ਜੀ ਦੀ ਬਹਾਦਰ ਸ਼ਾਹ ਨਾਲ ਦੋਸਤੀ ਤੇ ਈਰਖਾ ਹੋਈ। ਉਸਨੇ ਗੁਰੂ ਸਾਹਿਬ ਜੀ ਨੂੰ ਖਤਮ ਕਰਨ ਲਈ ਦੋ ਪਠਾਣ ਭੇਜੇ। ਲੇਖਕ ਸੈਨਾਪਤੀ ਅਨੁਸਾਰ ਇਕ ਪਠਾਣ ਨੇ ਗੁਰੂ ਸਾਹਿਬ ਜੀ ਨੂੰ ਦਿਲ ਦ ਹੇਠ ਛੁਰਾ ਮਾਰਿਆ। ਇਸ ਤੋਂ ਪਹਿਲਾਂ ਕਿ ਉਹ ਹੋਰ ਵਾਰ ਕਰਦਾ ਗੁਰੂ ਸਾਹਿਬ ਜੀ ਸੰਭਲ ਗਏ ਸਨ। ਤਦ ਤੱਕ ਸਿੰਘਾਂ ਨੇ ਉਸਨੂੰ ਡੇਗ ਲਿਆ। ਬਹਾਦਰ ਸ਼ਾਹ ਨੇ ਗੁਰੂ ਸਾਹਿਬ ਜੀ ਦੇ ਇਲਾਜ ਲਈ ਯੂਰਪੀਨ ਮਾਹਿਰ ਡਾਕਟਰਾਂ ਨੂੰ ਭੇਜਿਆ। ਤੁਰੰਤ ਜ਼ਖਮ ’ਤੇ ਟਾਂਕੇ ਲਗਾਏ ਗਏ। ਕੁਝ ਦਿਨਾਂ ਵਿਚ ਜ਼ਖਮ ਠੀਕ ਹੋ ਰਿਹਾ ਸੀ। ਜਦ ਗੁਰੂ ਸਾਹਿਬ ਜੀ ਨੇ ਇਕ ਮਜ਼ਬੂਤ ਧਨੁਸ਼ ਨੂੰ ਖਿੱਚਿਆ ਤਾਂ ਅਲਾ ਜ਼ਖਮ ਫਿਰ ਖੁੱਲ੍ਹ ਗਿਆ।

ਬਹੁਤ ਸਾਰਾ ਖੂਨ ਵਹਿ ਗਿਆ। ਦੁਬਾਰਾ ਇਲਾਜ ਕੀਤਾ ਪਰ ਗੁਰੂ ਸਾਹਿਬ ਜੀ ਨੇ ਸਪਸ਼ਟ ਕੀਤਾ ਕਿ ਸੱਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ। ਉਹਨਾਂ ਖਾਲਸੇ ਨੂੰ ਆਖਰੀ ਸੰਦੇਸ਼ ਦਿੱਤਾ ਕਿ ਅੱਗੇ ਤੋਂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗੁਰੂ ਹਨ। ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।। ਸਭ ਸਿੱਖਿਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ..’

ਅਰਥਾਤ: ਅਬਿਨਾਸ਼ੀ ਪੁਰਖ ਦੇ ਹੁਕਮ ਨਾਲ, ਪੰਥ ਦੀ ਸਿਰਜਣਾ ਕੀਤੀ ਗਈ ਹੈ। ਸਾਰੇ ਸਿੱਖਾਂ ਨੂੰ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਣ ਦਾ ਹੁਕਮ ਹੈ। ਗੁਰੂ ਗ੍ਰੰਥ ਨੂੰ ਗੁਰੂਆਂ ਦਾ ਸਰੂਪ ਸਮਝੋ।

ਜੋ ਪ੍ਰਮਾਤਮਾ ਨੂੰ ਮਿਲਣਾ ਚਾਹੁੰਦੇ ਹਨ, ਉਹ ਉਸਦੀ ਬਾਣੀ ਵਿਚ ਪਾ ਸਕਦੇ ਹਨ। ਸ਼ੁੱਧ ਰਾਜ ਕਰੇਗਾ ਅਤੇ ਅਪਵਿੱਤਰ ਨਹੀਂ ਰਹੇਗਾ। ਜੋ ਵਿਛੜੇ ਹਨ, ਉਹ ਇਕੱਠੇ ਹੋ ਜਾਣਗੇ ਅਤੇ ਸਾਰੇ ਸ਼ਰਧਾਲੂ ਬਚ ਜਾਣਗੇ। ਇਹ ਘਟਨਾ ਅਕਤੂਬਰ 1708 ਦੀ ਹੈ।

ਇਤਿਹਾਸਕਾਰਾਂ ਨੇ ਆਪਣੀ ਯਥਾ-ਸ਼ਕਤੀ ਅਤੇ ਸੂਝ ਨਾਲ ਗੁਰੂ ਸਾਹਿਬ ਜੀ ਬਾਰੇ ਲਿਖਿਆ ਹੈ।

ਅਲਾ ਯਾਰ ਖਾਂ ਜੋਗੀ ਨੇ ਗੰਜ-ਏ-ਸ਼ਹੀਦਾਂ ਵਿਚ ਲਿਖਿਆ ਹੈ ਕਿ:

ਕਰਤਾਰ ਕੀ ਸੋਗੰਦ ਹੈ, ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ, ਗੋਬਿੰਦ ਕੀ ਤਾਰੀਫ ਵਹ ਕੰਮ ਹੈ।

# 2022 : ਦੁਨੀਆ ਭਰ 'ਚ ਰਿਕਾਰਡ ਤੋੜ ਮਹਿੰਗਾਈ ਵਾਲਾ ਸਾਲ ਰਿਹਾ

**ਨਵੀਂ ਦਿੱਲੀ–** ਰਾਇਟਰਜ਼ ਦੀ ਰਿਪੋਰਟ ਮੁਤਾਬਕ ਸਾਲ 2022 ਦੁਨੀਆ ਭਰ 'ਚ ਰਿਕਾਰਡ ਮਹਿੰਗਾਈ ਵਾਲਾ ਸਾਲ ਰਿਹਾ ਅਤੇ ਵਿਸ਼ਵ ਦੀਆਂ ਪ੍ਰਮੁੱਖ ਅਰਥਵਿਵਸਥਾਵਾਂ ਅਮਰੀਕਾ, ਯੂਰੋਜ਼ੋਨ, ਜਾਪਾਨ ਅਤੇ ਯੂ. ਕੇ. 'ਚ ਮਹਿੰਗਾਈ ਦੀ ਦਰ 40 ਸਾਲਾਂ ਦੇ ਸਭ ਤੋਂ ਉੱਚੇ ਪੱਧਰ 'ਤੇ ਜਾ ਪਹੁੰਚੀ, ਜਦਕਿ ਭਾਰਤ 'ਚ ਵੀ ਜੂਨ ਦੇ ਮਹੀਨੇ 'ਚ ਮਹਿੰਗਾਈ ਦੀ ਦਰ 30 ਸਾਲਾਂ ਦੇ ਸਭ ਤੋਂ ਉੱਚੇ ਪੱਧਰ 'ਤੇ ਰਹੀ। ਇਸ ਰਿਕਾਰਡ ਮਹਿੰਗਾਈ ਨੂੰ ਕਾਬੂ ਕਰਨ ਲਈ ਦੁਨੀਆ ਭਰ 'ਚ ਕੇਂਦਰੀ ਬੈਂਕਾਂ ਨੂੰ ਵਿਆਜ ਦਰਾਂ 'ਚ ਵਾਧਾ ਕਰਨਾ ਪਿਆ। ਆਸਟਰੇਲੀਆ, ਕੈਨੇਡਾ, ਯੂਰੋਜ਼ੋਨ, ਜਾਪਾਨ, ਨਿਊਜ਼ੀਲੈਂਡ, ਨਾਰਵੇ, ਸਵੀਡਨ, ਸਵਿਟਜ਼ਰਲੈਂਡ, ਯੂਨਾਈਟਿਡ ਸਟੇਟ ਅਤੇ ਯੂ. ਕੇ. ਵਰਗੇ ਸਭ ਤੋਂ ਵੱਧ ਮੁੱਲ ਵਾਲੀਆਂ ਕਰੰਸੀਆਂ ਵਾਲੇ ਦੇਸ਼ਾਂ ਦੇ ਕੇਂਦਰੀ ਬੈਂਕਾਂ ਨੇ 12 ਮਹੀਨਿਆਂ 'ਚ 54 ਰੇਟ ਹਾਈ ਕੀਤੇ ਅਤੇ ਇਸ ਦੌਰਾਨ ਲਗਭਗ 2700 ਬੇਸਿਸ ਪੁਆਇੰਟ ਵਿਆਜ ਦਰਾਂ ਵਧਾਈਆਂ ਗਈਆਂ। ਇਨ੍ਹਾਂ 10 ਦੇਸ਼ਾਂ 'ਚੋਂ 7 ਦੇਸ਼ਾਂ ਨੇ ਤਾਂ ਦਸੰਬਰ 'ਚ ਵੀ ਵਿਆਜ ਦਰਾਂ 'ਚ ਵਾਧਾ ਕੀਤਾ ਹੈ।

ਅਮਰੀਕਾ ਦੇ ਫੈਡਰਲ ਰਿਜ਼ਰਵ, ਯੂਰਪੀਅਨ ਕੇਂਦਰੀ ਬੈਂਕ, ਬੈਂਕ ਆਫ ਇੰਗਲੈਂਡ, ਰਿਜ਼ਰਵ ਬੈਂਕ ਆਫ ਆਸਟਰੇਲੀਆ, ਨਾਰਵੇ ਨਰਗਸ ਬੈਂਕ, ਬੈਂਕ ਆਫ ਕੈਨੇਡਾ ਅਤੇ ਸਵਿਸ ਨੈਸ਼ਨਲ ਬੈਂਕ ਨੇ ਵਿਆਜ ਦਰਾਂ 'ਚ ਇਸ ਸਾਲ 3 ਫੀਸਦੀ ਦਾ ਵਾਧਾ ਕੀਤਾ ਹੈ। ਵਿਆਜ ਦਰਾਂ ਦੇ ਮਾਮਲੇ 'ਚ ਅਮਰੀਕਾ ਤੋਂ ਬਾਅਦ ਏਸ਼ੀਆਈ ਦੇਸ਼ਾਂ ਦੇ 18 'ਚੋਂ 5 ਬੈਂਕਾਂ ਨੇ ਦਸੰਬਰ ਮਹੀਨੇ 'ਚ ਹੀ ਵਿਆਜ ਦਰਾਂ 'ਚ 2.60 ਬੇਸਿਸ ਪੁਆਇੰਟ ਤੱਕ ਦਾ ਵਾਧਾ ਕੀਤਾ ਹੈ।

ਜਾਪਾਨ ਨੂੰ ਛੱਡ ਕੇ ਲਗਭਗ ਸਾਰੇ ਦੇਸ਼ਾਂ ਦੇ ਕੇਂਦਰੀ ਬੈਂਕਾਂ ਨੇ 2022 'ਚ ਵਿਆਜ ਦਰਾਂ 'ਚ ਵਾਧਾ ਕੀਤਾ ਹੈ। ਅਮ–ਰੀਕਾ 'ਚ ਫੈਡਰਲ ਰਿਜ਼ਰਵ ਨੇ ਪਿਛਲੇ 12 ਮਹੀਨਿਆਂ 'ਚ ਵਿਆਜ ਦਰਾਂ 'ਚ 2.25 ਫੀਸਦੀ ਦਾ ਵਾਧਾ ਕੀਤਾ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਅੱਗੇ ਵੀ ਇਹ ਵਾਧਾ ਜਾਰੀ ਰਹੇਗਾ। ਇਹ ਪਿਛਲੇ 20 ਸਾਲਾਂ 'ਚ ਅਮਰੀਕਾ 'ਚ ਵਿਆਜ ਦਰਾਂ 'ਚ ਸਭ ਤੋਂ ਵੱਧ ਵਾਧੇ ਵਾਲਾ ਸਾਲ ਰਿਹਾ।

ਵਿਆਜ ਦਰਾਂ 'ਚ ਵਾਧੇ ਦਾ ਸਿੱਧਾ ਅਸਰ ਦੁਨੀਆ ਭਰ ਦੀ ਜੀ. ਡੀ. ਪੀ. ਗ੍ਰੋਥ 'ਤੇ ਪੈਣ ਵਾਲਾ ਹੈ। ਵਰਲਡ ਬੈਂਕ



ਦੀ ਰਿਪੋਰਟ ਮੁਤਾਬਕ ਪਿਛਲੇ ਸਾਲ ਜੀ. ਡੀ. ਪੀ. ਦੀ ਗ੍ਰੋਥ 6 ਫੀਸਦੀ ਰਹੀ ਸੀ, ਜੋ ਹੁਣ ਘੱਟ ਹੋ ਕੇ 3.2 ਫੀਸਦੀ 'ਤੇ ਰਹਿਣ ਦਾ ਅਨੁਮਾਨ ਹੈ।

2022 'ਚ ਜਿੱਥੇ ਇਕ ਪਾਸੇ ਗਲੋਬਲ ਗ੍ਰੋਥ 'ਚ ਗਿਰਾਵਟ ਦੇਖੀ ਗਈ, ਉੱਥੇ ਦੂਜੇ ਪਾਸੇ ਭਾਰਤ ਦੀ ਜੀ. ਡੀ. ਪੀ. 'ਚ ਲਗਾਤਾਰ ਤੇਜ਼ੀ ਦਰਜ ਕੀਤੀ ਜਾ ਰਹੀ ਹੈ। ਇਸ ਵਿੱਤੀ ਸਾਲ ਦੀ ਪਹਿਲੀ ਤਿਮਾਹੀ 'ਚ ਭਾਰਤ ਦੀ ਜੀ. ਡੀ. ਪੀ. ਗ੍ਰੋਥ 13.5 ਫੀਸਦੀ ਤੱਕ ਪਹੁੰਚ ਗਈ, ਜਦੋਂ ਕਿ ਇਸ ਦੌਰਾਨ ਅਮਰੀਕਾ ਅਤੇ ਯੂ. ਕੇ. 'ਚ ਨੈਗਟਿਵ ਗ੍ਰੋਥ ਦਰਜ ਕੀਤੀ ਗਈ। ਜਰਮਨੀ 'ਚ 0.1 ਫੀਸਦੀ, ਚੀਨ 'ਚ 0.4 ਫੀਸਦੀ, ਫਰਾਂਸ 'ਚ 0.5 ਫੀਸਦੀ, ਜਾਪਾਨ 'ਚ 2.2 ਫੀਸਦੀ ਅਤੇ ਰੂਸ 'ਚ 3.5 ਫੀਸਦੀ ਗ੍ਰੋਥ ਦਰਜ ਕੀਤੀ ਗਈ।

ਇਸ ਸਾਲ ਸਤੰਬਰ 'ਚ ਭਾਰਤ ਦੀ ਅਰਥਵਿਵਸਥਾ 3.5 ਟ੍ਰਿਲੀਅਨ ਹੋ ਗਈ ਅਤੇ ਯੂ. ਕੇ. ਨੂੰ ਪਛਾੜ ਕੇ ਦੁਨੀਆ ਦੀ ਪੰਜਵੀਂ ਵੱਡੀ ਅਰਥਵਿਵਸਥਾ ਬਣਨ 'ਚ ਕਾਮਯਾਬ ਰਿਹਾ। ਇਸ ਦੌਰਾਨ ਵਿਸ਼ਵ ਬੈਂਕ ਨੇ ਵੀ ਕਿਹਾ ਹੈ ਕਿ ਭਾਰਤ ਦੀ ਤਰੱਕੀ ਦੀ ਰਫ਼ਤਾਰ 2022-23 'ਚ 6.9 ਫੀਸਦੀ ਰਹਿ ਸਕਦੀ ਹੈ। ਅਕਤੂਬਰ 'ਚ ਵਿਸ਼ਵ ਬੈਂਕ ਭਾਰਤ ਦੀ ਜੀ. ਡੀ. ਪੀ. 6.5 ਫੀਸਦੀ ਦੀ ਦਰ ਨਾਲ ਵਧਣ ਦਾ ਅਨੁਮਾਨ ਲਗਾਇਆ ਸੀ।

**5ਵੀਂ ਵੱਡੀ ਅਰਥਵਿਵਸਥਾ ਬਣਿਆ ਭਾਰਤ**

2022 'ਚ ਜਿੱਥੇ ਇਕ ਪਾਸੇ ਗਲੋਬਲ ਗ੍ਰੋਥ 'ਚ ਗਿਰਾਵਟ ਦੇਖੀ ਗਈ, ਉੱਥੇ ਦੂਜੇ ਪਾਸੇ ਭਾਰਤ ਦੀ ਜੀ. ਡੀ. ਪੀ. 'ਚ ਲਗਾਤਾਰ ਤੇਜ਼ੀ ਦਰਜ ਕੀਤੀ ਜਾ ਰਹੀ ਹੈ। ਇਸ ਵਿੱਤੀ ਸਾਲ ਦੀ ਪਹਿਲੀ ਤਿਮਾਹੀ 'ਚ ਭਾਰਤ ਦੀ ਜੀ. ਡੀ. ਪੀ. ਗ੍ਰੋਥ 13.5 ਫੀਸਦੀ ਤੱਕ ਪਹੁੰਚ ਗਈ, ਜਦੋਂ ਕਿ ਇਸ ਦੌਰਾਨ ਅਮਰੀਕਾ ਅਤੇ ਯੂ. ਕੇ. 'ਚ ਨੈਗਟਿਵ ਗ੍ਰੋਥ ਦਰਜ ਕੀਤੀ ਗਈ। ਜਰਮਨੀ 'ਚ 0.1 ਫੀਸਦੀ, ਚੀਨ 'ਚ 0.4 ਫੀਸਦੀ, ਫਰਾਂਸ 'ਚ 0.5 ਫੀਸਦੀ, ਜਾਪਾਨ 'ਚ 2.2 ਫੀਸਦੀ ਅਤੇ ਰੂਸ 'ਚ 3.5 ਫੀਸਦੀ ਗ੍ਰੋਥ ਦਰਜ ਕੀਤੀ ਗਈ। ਇਸ ਸਾਲ ਸਤੰਬਰ 'ਚ ਭਾਰਤ ਦੀ ਅਰਥਵਿਵਸਥਾ 3.5 ਟ੍ਰਿਲੀਅਨ ਹੋ ਗਈ ਅਤੇ ਯੂ. ਕੇ. ਨੂੰ ਪਛਾੜ ਕੇ ਦੁਨੀਆ ਦੀ ਪੰਜਵੀਂ ਵੱਡੀ ਅਰਥਵਿਵਸਥਾ ਬਣਨ 'ਚ ਕਾਮਯਾਬ ਰਿਹਾ। ਇਸ ਦੌਰਾਨ ਵਿਸ਼ਵ ਬੈਂਕ ਨੇ ਵੀ ਕਿਹਾ ਹੈ ਕਿ ਭਾਰਤ ਦੀ ਤਰੱਕੀ ਦੀ ਰਫ਼ਤਾਰ 2022-23 'ਚ 6.9 ਫੀਸਦੀ ਰਹਿ ਸਕਦੀ ਹੈ। ਅਕਤੂਬਰ 'ਚ ਵਿਸ਼ਵ ਬੈਂਕ ਭਾਰਤ ਦੀ ਜੀ. ਡੀ. ਪੀ. 6.5 ਫੀਸਦੀ ਦੀ ਦਰ ਨਾਲ ਵਧਣ ਦਾ ਅਨੁਮਾਨ ਲਗਾਇਆ ਸੀ।

**2022 ਵਿਚ ਵੱਖ-ਵੱਖ ਦੇਸ਼ਾਂ ਦੀ ਗ੍ਰੋਥ ਦਾ ਅਨੁਮਾਨ**

| ਗ੍ਰੋਥ ਦਾ ਅਨੁਮਾਨ ਦੇਸ਼ | 2021-2022 |
|---|---|
| ਯੂਨਾਈਟਿਡ ਸਟੇਟ | 5.7-1.6 |
| ਯੂਰੋ ਏਰੀਆ | 5.2-3.1 |
| ਫਰਾਂਸ | 6.8-2.5 |
| ਜਪਾਨ | 1.7-1.7 |
| ਯੂਨਾਈਟਿਡ ਕਿੰਗਡਮ | 7.4-3.6 |
| ਕੈਨੇਡਾ | 4.5-3.3 |
| ਚੀਨ | 8.1-3.2 |
| ਭਾਰਤ | 8.7-6.8 |

# ਪਿੰਡ ਚੱਕ ਕਲਾਲ ਦੇ ਨਵੇਂ ਸਾਲ ਦਾ ਸਮਾਗਮ ਯਾਦਗਾਰੀ ਹੋ ਨਿੱਬੜਿਆ

## ਇੱਕ ਰੋਟੀ ਘੱਟ ਖਾ ਲਿਓ, ਬੱਚੇ ਆਪਣੇ ਜਰੂਰ ਪੜਾਇਓ









**ਸੜੋਆ (ਸਤਨਾਮ ਸਿੰਘ ਸਹੂੰਗੜਾ)** ਪਿੰਡ ਚੱਕ ਕਲਾਲ ਬਲਾਕ ਬੰਗਾ ਦੀ ਪੰਚਾਇਤ ਤੇ ਪਿੰਡ ਵਾਸੀਆਂ ਦੇ ਭਰਵੇਂ ਸਹਿਯੋਗ ਨਾਲ ਨਵੇਂ ਵਰੇ ਦਾ ਪ੍ਰੋਗਰਾਮ "ਨਵੇਂ ਸਾਲ ਦੀ ਨਵੀਂ ਸਵੇਰ" ਕਈ ਪੱਖਾਂ ਤੋਂ ਯਾਦਗਾਰੀ ਹੋ ਨਿੱਬੜਿਆ। ਪਿੰਡ ਦੀ ਗੁਰੂ ਰਵਿਦਾਸ ਧਰਮਸ਼ਾਲਾ ਵਿੱਚ ਕਰਵਾਏ ਯਾਦਗਾਰੀ ਸਮਾਗਮ ਨੂੰ ਮੁੱਖ ਮਹਿਮਾਨ ਤੇ ਹਲਕਾ ਵਿਧਾਇਕ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਨੇ ਸ਼ੁੱਭ ਕਾਮਨਾਵਾਂ ਭੇਂਟ ਕਰਦੇ ਹੋਏ,ਸਰਬੱਤ ਦੇ ਭਲੇ ਲਈ ਹਰ ਪ੍ਰਾਣੀ ਨੂੰ ਯਤਨਸ਼ੀਲ ਰਹਿਣ ਦੀ ਅਪੀਲ ਕਰਦਿਆਂ ਸੱਭ ਦੀ ਖੈਰ ਸੁੱਖ ਮੰਗੀ ਤੇ ਪੰਜਾਬ ਦੇ ਲੋਕ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣ ਅਤੇ ਪੰਜਾਬ, ਭਾਰਤ ਦੇ ਕੁੱਲ ਆਲਮ ਵਿੱਚ ਅਮਨ-ਸ਼ਾਂਤੀ, ਭਾਈਚਾਰਾ,ਨਿਆਂ ਤੇ ਬਰਾਬਰਤਾ ਦੀ ਕਾਮਨਾ ਕੀਤੀ।ਇਸ ਮੌਕੇ ਉੱਘੇ ਲੋਕ ਗਾਇਕ ਧਰਮਿੰਦਰ ਮਸਾਣੀ ਨੇ ਠੰਡ ਦੇ ਮਾਹੌਲ ਵਿੱਚ ਗੁਰੂਆ-ਮਹਾਂਪੁਰਸ਼ਾ ਦੀ ਜੀਵਨੀ ਤੇ ਚਾਨਣਾ ਪਾਇਆ ਤੇ "ਇੱਕ ਰੋਟੀ ਘੱਟ ਖਾ ਲਿਓ, ਬੱਚਿਆਂ ਨੂੰ ਜਰੂਰ ਪੜਾਇਓ"ਤੇ ਭੀਮ ਰਾਓ ਨਹੀਂ ਤੇਰੀ ਦੇਣ ਭੁਲਾਵਾਂਗੇ, ਅਸੀਂ ਘਰ-ਘਰ ਜਾ ਕੇ ਤੇਰਾ ਮਿਸ਼ਨ ਜਗਾਵਾਂਗੇ, ਮਿਸ਼ਨਰੀ ਗੀਤਾ ਰਾਹੀਂ ਸਮਾਗਮ ਨੂੰ ਚਾਰ ਚੰਨ ਲਗਾਏ।ਇਸ ਮੌਕੇ ਤੇ ਮੇਸ਼ੀ ਕਰਾਲਾਂ ਵਾਲਿਆਂ ਵਲੋਂ ਤੇ ਸਕੂਲੀ ਬੱਚਿਆਂ ਨੇ ਨਿਰੋਲ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ।ਇਸ ਸਮਾਗਮ ਵਿੱਚ ਪੰਜਾਬ ਦੀ ਕੌਮਾਂਤਰੀ ਪੱਧਰ ਦੀ ਫੁੱਟਬਾਲ ਖਿਡਾਰਨ ਮਿਸ ਮਨੀਸ਼ਾ ਕਲਿਆਣ ਦੀ ਮਾਤਾ ਰਾਜ ਰਾਣੀ, ਤੇ ਭੈਣ ਸੋਨਮ, ਕਿੱਕ ਬਾਕਸਿੰਗ ਦੀ ਕੌਮਾਂਤਰੀ ਖਿਡਾਰਨ ਮੁਸਕਾਨ ਤੇ ਉਨ੍ਹਾਂ ਦੇ ਪਿਤਾ ਨੰਬਰਦਾਰ ਡਾਕਟਰ ਚਰਨਜੀਤ ਸਿੰਘ ਸੱਲ੍ਹਾਂ ਨੂੰ ਨਿੱਘੀ ਜੀ ਆਇਆ ਕਿਹਾ ਗਿਆ ਤੇ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਵਲੋਂ ਭਵਿੱਖ ਵਿੱਚ ਹਰ ਸੰਭਵ ਮੱਦਦ ਦਾ ਭਵਿੱਖ ਰੌਸ਼ਨਮਈ ਬਣਾਉਣ ਲਈ ਭਰੋਸਾ ਦਿਵਾਇਆ। ਇਸ ਮੌਕੇ ਤੇ ਪਿੰਡ ਦੀ ਮਹਿਲਾ ਸਰਪੰਚ ਸ਼੍ਰੀਮਤੀ ਗੁਰਪ੍ਰੀਤ ਕੌਰ ਜੱਸੀ, ਪੰਚ ਗੁਰਚਰਨ ਸਿੰਘ, ਪੰਚ ਜਤਿੰਦਰ ਕੁਮਾਰ, ਸਾਬਕਾ ਸਰਪੰਚ ਅਮਰਜੀਤ ਕੌਰ ਜੱਸੀ, ਨੰਬਰਦਾਰ ਗੁਰਮੀਤ ਸਿੰਘ ਜੱਸੀ, ਚੌਂਕੀਦਾਰ ਅਮਰਜੀਤ ਤੇ ਪਿੰਡ ਵਾਸੀ ਖਾਸ ਕਰਕੇ ਔਰਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਵਿਸ਼ੇਸ਼ ਸਮਾਗਮ ਦਾ ਮੰਚ ਸੰਚਾਲਨ ਲੇਖਕ ਤੇ ਨੌਜਵਾਨ ਆਗੂ ਸ਼੍ਰੀ ਸੰਤੋਖ ਸਿੰਘ ਜੱਸੀ ਨੇ ਬਾਖੂਬੀ ਕੀਤਾ। ਪ੍ਰਬੰਧਕਾਂ ਵਲੋਂ ਇਸ ਮੌਕੇ ਠੰਡ ਦੇ ਮੌਸਮ ਨੂੰ ਮੁੱਖ ਰੱਖਦਿਆਂ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਲੁਧਿਆਣਾ ਵਿਖੇ ਹਿੰਦੀ ਫਿਲਮ 'ਆਤਮ ਰਕਸ਼ਾ' ਨੂੰ ਮਿਲ ਰਿਹਾ ਭਰਵਾਂ ਹੁੰਗਾਰਾ



**ਚੰਡੀਗੜ (ਪ੍ਰੀਤਮ ਲੁਧਿਆਣਵੀ), 2 ਜਨਵਰੀ, 2023 :** ਕਈ ਸੇਧਆਤਮਕ ਸਮਾਜਿਕ ਫਿਲਮਾਂ ਐਸੀਆਂ ਵੇਖਣ-ਸੁਣਨ ਨੂੰ ਮਿਲਦੀਆਂ ਹਨ, ਜਿਹੜੀਆਂ ਕਿ ਸਾਨੂੰ ਜਾਗਣ ਲਈ ਹਲੂਣਦੀਆਂ ਹਨ। ਇਸ ਲੜੀ ਵਿਚ ਲੁਧਿਆਣਾ ਵਿਖੇ ਚੱਲ ਰਹੀ ਹਿੰਦੀ ਫਿਲਮ 'ਆਤਮ ਰਕਸ਼ਾ' ਉਭਰਕੇ ਸਾਹਮਣੇ ਆਈ ਹੈ। ਜਿਸਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਹ ਫਿਲਮ ਆਉਣ ਵਾਲੀ ਪੀੜੀ ਨੂੰ ਇਕ ਵੱਖਰਾ ਸੁਨੇਹਾ ਦੇਵੇਗੀ ਤੇ ਲੜਕੀਆਂ ਨੂੰ ਆਤਮ ਨਿਰਭਰ ਹੋਣ ਵਿੱਚ ਸਹਾਈ ਹੋਵੇਗੀ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਫਿਲਮ ਦਾ ਦੂਸਰਾ ਸ਼ੋਅ ਦੇਖਣ ਲਈ ਪਹੁੰਚੇ ਮਿਊਜਕ ਡਾਇਰੈਕਟਰ ਰਾਜੇਸ਼ ਰਾਜਾ ਤੇ ਦਰਸ਼ਨ ਸਿੰਘ ਨੇ ਕਿਹਾ, "ਅਸੀਂ ਧੰਨਵਾਦ ਕਰਦੇ ਹਾਂ ਫਿਲਮ ਦੇ ਡਾਇਰੈਕਟਰ ਸੁਰਿੰਦਰ ਸਿੰਘ ਦਾ, ਜਿਨਾਂ ਨੇ ਇਸ ਫਿਲਮ ਰਾਹੀ ਲੁਧਿਆਣਾ ਦਾ ਨਾਮ ਰੌਸ਼ਨ ਕੀਤਾ।"

ਉਨਾਂ ਦੀ ਪੂਰੀ ਟੀਮ ਵਿਚ ਦਰਸ਼ਨ ਸਿੰਘ ਪਨੇਸਰ, ਰਾਕੇਸ਼ ਗੋਇਲ, ਨਿਸ਼ਾ ਸਿਸਟਰ, ਇੰਟਰਨੈਸ਼ਨਲ ਗਾਇਕ ਨਰਿੰਦਰ ਨੂਰ, ਰਕੇਸ਼ ਸ਼ਰਮਾ, ਕੁਲਵਿੰਦਰ ਮੁਸਾਪੁਰੀਆਂ, ਗਾਇਕ ਦੇਵ ਦਿਲਦਾਰ, ਜਰਨੈਲ ਸਿੰਘ, ਮੰਗਤ ਫੁਰਤੀਲਾ, ਸਾਹਿਦ ਰਸੀਦ, ਜਤਿੰਦਰ ਸਿੰਘ ਅਤੇ ਹੋਰ ਵੀ ਸ਼ਾਮਲ ਸਨ, ਜਿਨਾਂ ਸਭਨਾਂ ਨੇ ਫਿਲਮ 'ਆਤਮ ਰਕਸ਼ਾ' ਨੂੰ ਖੂਬ ਸਲਾਹਿਆ ਤੇ ਸਮਾਜ ਲਈ 'ਵਰਦਾਨ' ਦੱਸਿਆ।

# ਹੀਰਾਬੇਨ ਨੇ ਸਾਲ 2002 ਵਿੱਚ ਕਿਹਾ ਸੀ ਕਿ ਨਰਿੰਦਰ ਮੋਦੀ ਭਾਰਤ ਦੇ ਪ੍ਰਧਾਨ ਮੰਤਰੀ ਬਣਨਗੇ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਾਤਾ ਹੀਰਾਬੇਨ ਦਾ ਦੇਹਾਂਤ ਹੋ ਗਿਆ ਹੈ। ਹੀਰਾਬੇਨ ਦੀ ਸਿਹਤ ਖ਼ਰਾਬ ਹੋਣ ਤੋਂ ਬਾਅਦ ਬੁੱਧਵਾਰ ਨੂੰ ਉਹਨਾਂ ਨੂੰ ਅਹਿਮਦਾਬਾਦ ਦੇ ਯੂਐਨ ਮਹਿਤਾ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ। ਪ੍ਰਧਾਨ ਮੰਤਰੀ ਮੋਦੀ ਨੇ ਆਪਣੀ ਮਾਂ ਦੇ ਦੇਹਾਂਤ ਤੋਂ ਬਾਅਦ ਟਵੀਟ ਕੀਤਾ, "ਇੱਕ ਸ਼ਾਨਦਾਰ ਸਦੀ ਪ੍ਰਮਾਤਮਾ ਦੇ ਚਰਨਾਂ ਵਿੱਚ ਪਹੁੰਚ ਗਈ। ਮਾਂ ਵਿੱਚ, ਮੈਂ ਹਮੇਸ਼ਾਂ ਤਿੰਨ ਚੀਜ਼ਾਂ ਮਹਿਸੂਸ ਕੀਤੀਆਂ, ਜਿਸ ਵਿੱਚ ਇੱਕ ਤਪੱਸਵੀ ਦੀ ਯਾਤਰਾ, ਇੱਕ ਨਿਰਸਵਾਰਥ ਕਰਮ ਯੋਗੀ ਅਤੇ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧ ਜੀਵਨ ਸ਼ਾਮਲ ਸੀ।" ਪ੍ਰਧਾਨ ਮੰਤਰੀ ਨੇ ਇੱਕ ਹੋਰ ਟਵੀਟ ਵਿੱਚ ਕਿਹਾ, "ਜਦੋਂ ਮੈਂ ਉਨ੍ਹਾਂ ਦੇ 100ਵੇਂ ਜਨਮਦਿਨ 'ਤੇ ਉਨ੍ਹਾਂ ਨੂੰ ਮਿਲਿਆ, ਤਾਂ ਉਨ੍ਹਾਂ ਨੇ ਇੱਕ ਗੱਲ ਕਹੀ ਸੀ, ਜੋ ਹਮੇਸ਼ਾ ਯਾਦ ਰਹਿੰਦੀ ਹੈ ਕਿ ਕੰਮ ਕਰੋ ਬੁੱਧੀ ਨਾਲ ਅਤੇ ਜੀਵਨ ਜੀਓ ਸ਼ੁੱਧੀ ਨਾਲ।"



**ਵਡਨਗਰ ਪ੍ਰਧਾਨ ਮੰਤਰੀ ਮੋਦੀ ਦਾ ਜੱਦੀ ਸ਼ਹਿਰ ਹੈ। ਹੀਰਾਬੇਨ ਬਾਰੇ ਲੋਕਾਂ ਨੂੰ ਜਿਆਦਾ ਜਾਣਕਾਰੀ ਨਹੀਂ ਹੈ। ਨਰਿੰਦਰ ਮੋਦੀ ਜਦੋਂ ਮੁੱਖ ਮੰਤਰੀ ਬਣੇ ਤਾਂ ਹੀ ਲੋਕਾਂ ਨੂੰ ਹੀਰੇਬੇਨ ਬਾਰੇ ਪਤਾ ਲੱਗਾ। ਇਸ ਤਰ੍ਹਾਂ ਮੋਦੀ ਦੇ ਪ੍ਰਧਾਨ ਮੰਤਰੀ ਬਨਣ ਤੋਂ ਬਾਅਦ ਗੁਜਰਾਤ ਤੋਂ ਬਾਹਰ ਲੋਕਾਂ ਨੂੰ ਉਹਨਾਂ ਬਾਰੇ ਪਤਾ ਲੱਗਾ। ਉਹਨਾਂ ਬਾਰੇ ਬਹੁਤ ਸਾਰੀ ਜਾਣਕਾਰੀ ਨਰਿੰਦਰ ਮੋਦੀ ਦੇ ਬਲਾਗ ਤੋਂ ਮਿਲਦੀ ਹੈ। ਇਸ ਤੋਂ ਇਲਾਵਾ ਮੋਦੀ ਬਾਰੇ ਲਿਖੀਆਂ ਕੁਝ ਕਿਤਾਬਾਂ ਹਨ ਜਿੰਨਾਂ ਵਿੱਚ ਸਾਨੂੰ ਉਹਨਾਂ ਦੀ ਮਾਂ ਬਾਰੇ ਜਾਣਕਾਰੀ ਮਿਲਦੀ ਹੈ। ਮੋਦੀ ਨੇ ਜੂਨ, 2022 ਵਿੱਚ ਉਹਨਾਂ ਦੇ ਜਨਮ ਦਿਨ ਮੌਕੇ ਬਲਾਗ ਲਿਖਿਆ ਸੀ। ਇਸ ਬਲਾਗ ਵਿੱਚ ਉਹਨਾਂ ਲਿਖਿਆ ਸੀ ਕਿ ਉਹਨਾਂ ਦੀ ਮਾਂ ਨੇ ਸਕੂਲ ਦਾ ਦਰਵਾਜਾ ਨਹੀਂ ਦੇਖਿਆ ਸੀ। ਉਹਨਾਂ ਨੇ ਸਿਰਫ਼ ਗਰੀਬੀ ਦੇਖੀ ਸੀ।**

**ਹੀਰਾਬੇਨ ਜਦੋਂ ਬਹੁਤ ਛੋਟੀ ਸੀ ਤਾਂ ਉਹਨਾਂ ਦੀ ਮਾਂ ਦਾ ਦੇਹਾਂਤ ਹੋ ਗਿਆ ਸੀ। ਇਸ ਲਈ ਉਹਨਾਂ ਨੂੰ ਆਪਣੀ ਮਾਂ ਦਾ ਪਿਆਰ ਨਹੀਂ ਮਿਲਿਆ। ਉਸ ਸਮੇਂ ਦੇ ਹਿਸਾਬ ਨਾਲ ਬਹੁਤ ਹੀ ਛੋਟੀ ਉਮਰ ਵਿੱਚ ਉਹਨਾਂ ਦਾ ਦਾਮੋਦਰ ਦਾਸ ਮੋਦੀ ਨਾਲ ਵਿਆਹ ਹੋ ਗਿਆ। ਦਾਮੋਦਰ ਦਾਸ ਕੀ ਕੰਮ ਕਰਦੇ ਸਨ ਜਾਂ ਉਹਨਾਂ ਦੀ ਰੋਜ਼ੀ ਰੋਟੀ ਦਾ ਕੀ ਸਾਧਨ ਸੀ, ਇਸ ਬਾਰੇ ਬਹੁਤ ਘੱਟ ਜਾਣਕਾਰੀ ਹੈ। ਬਾਅਦ ਵਿੱਚ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਉਹਨਾਂ ਦੇ ਪਿਤਾ ਰੇਲਵੇ ਸਟੇਸ਼ਨ ਉਪਰ ਚਾਹ ਵੇਚਦੇ ਸਨ ਅਤੇ ਖ਼ੁਦ ਮੋਦੀ ਵੀ ਬਚਪਨ ਵਿੱਚ ਉਹਨਾਂ ਦੀ ਮਦਦ ਕਰਦੇ ਸਨ।**

### ਪੁੱਤਰ ਮੋਦੀ ਲਈ ਭਵਿੱਖਬਾਣੀ

ਇਸ ਨੂੰ ਮਾਂ ਦੀ ਪ੍ਰਾਰਥਨਾ, ਭਵਿੱਖਬਾਣੀ, ਨਰਿੰਦਰ ਮੋਦੀ ਦੀ ਮੇਹਨਤ ਦਾ ਪ੍ਰਭਾਵ ਕਹੋ ਜਾਂ ਇਨ੍ਹਾਂ ਤਿੰਨਾਂ ਕਾਰਨਾਂ ਦਾ ਪ੍ਰਭਾਵ, ਹੀਰਾਬੇਨ ਨੇ ਸਾਲ 2002 ਵਿੱਚ ਹੀ ਕਿਹਾ ਸੀ ਕਿ ਇੱਕ ਦਿਨ ਨਰਿੰਦਰ ਮੋਦੀ ਭਾਰਤ ਦੇ ਪ੍ਰਧਾਨ ਮੰਤਰੀ ਬਣਨਗੇ। ਗੁਜਰਾਤ ਦੇ ਸੀਨੀਅਰ ਪੱਤਰਕਾਰ ਭਾਰਗਵ ਪਾਰੇਖ ਨੇ ਹੀਰਾਬੇਨ ਦੀ ਤਿੰਨ ਵਾਰ ਇੰਟਰਵਿਊ ਕੀਤੀ ਹੈ। ਉਹ ਸ਼ਾਇਦ ਇਕੱਲੇ ਅਜਿਹੇ ਪੱਤਰਕਾਰ ਹੋਣਗੇ ਜਾਂ ਉਹ ਕੁਝ ਪੱਤਰਕਾਰਾਂ ਵਿੱਚੋਂ ਹੋਣਗੇ ਜਿਨ੍ਹਾਂ ਨੂੰ ਹੀਰਾਬੇਨ ਦੀ ਇੰਟਰਵਿਊ ਕਰਨ ਦਾ ਮੌਕਾ ਮਿਲਿਆ।

ਭਾਰਗਵ ਪਾਰੇਖ ਨੇ ਸਾਲ 2002, 2012 ਅਤੇ 2014 ਵਿੱਚ ਹੀਰਾਬੇਨ ਦੀ ਇੰਟਰਵਿਊ ਕੀਤੀ। ਹੀਰਾ ਬਾ ਨੇ 2002 ਦੀ ਇੰਟਰਵਿਊ 'ਚ ਕਿਹਾ ਸੀ ਕਿ "ਏ ਏਕ ਦਿਵਸ ਵਡੋਪ੍ਰਧਾਨ ਬਨਸ਼ੇ" ਯਾਨੀ "ਇੱਕ ਦਿਨ ਉਹ ਪ੍ਰਧਾਨ ਮੰਤਰੀ ਬਣਨਗੇ।" ਗੁਜਰਾਤ ਦੇ ਇੱਕ ਹੋਰ ਪੱਤਰਕਾਰ ਦੇਵਾਸੀ ਬਰਾਡ ਨੇ ਵੀ ਭਾਰਗਵ ਪਾਰੇਖ ਦੀ ਇਸੇ ਗੱਲ ਦੀ ਪੁਸ਼ਟੀ ਕੀਤੀ ਹੈ. ਉਹਨਾ 2007 ਵਿੱਚ ਹੀਰਾ ਬਾ ਦੀ ਇੰਟਰਵਿਊ ਵੀ ਕੀਤੀ ਸੀ। ਦੇਵਾਸੀ ਬਰਾਡ ਦਾ ਕਹਿਣਾ ਹੈ ਕਿ ਹੀਰਾਬੇਨ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਨ੍ਹਾਂ ਦਾ ਸੁਪਨਾ ਹੈ ਕਿ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣਨ। ਹੀਰਾ ਬਾ ਨੇ ਉਨ੍ਹਾਂ ਨੂੰ ਇੱਕ ਕਿੱਸਾ ਸੁਣਾਇਆ ਕਿ ਜਦੋਂ ਨਰਿੰਦਰ ਮੋਦੀ ਬਹੁਤ ਛੋਟੇ ਸਨ ਤਾਂ ਉਨ੍ਹਾਂ ਦੇ ਘਰ ਇੱਕ ਸੰਨਿਆਸੀ ਆਇਆ ਸੀ। ਉਸ ਨੇ ਕਿਹਾ ਸੀ ਕਿ ਨਰਿੰਦਰ ਮੋਦੀ ਅਸਾਧਾਰਨ ਆਦਮੀ ਹੋਣਗੇ। ਉਹ ਘਰ-ਬਾਰ ਛੱਡ ਕੇ ਸੰਨਿਆਸੀ ਬਣ ਜਾਣਗੇ, ਪਰ ਰਾਜਨੀਤੀ ਵਿੱਚ ਵਾਪਸ ਆ ਕੇ ਅਤੇ ਦੇਸ-ਵਿਦੇਸ਼ ਵਿਚ ਪ੍ਰਸਿੱਧੀ ਹਾਸਲ ਕਰਨਗੇ। ਸਾਲ 2014 ਵਿੱਚ ਜਦੋਂ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ ਤਾਂ ਦਿੱਲੀ ਰਹਿਣ ਲੱਗੇ। ਮੋਦੀ ਨੂੰ ਭਾਰਤ ਦਾ ਪੀਐੱਮ ਬਣੇ ਅੱਠ ਸਾਲ ਹੋ ਗਏ, ਇਸ ਦੌਰਾਨ ਪਹਿਲੀ ਵਾਰ ਦੇਖਿਆ ਗਿਆ ਕਿ ਹੀਰਾਬੇਨ ਉਨ੍ਹਾਂ ਨੂੰ ਦਿੱਲੀ ਮਿਲਣ ਪਹੁੰਚੇ ਹੋਣ। ਮੋਦੀ ਨੇ ਖ਼ੁਦ ਇਸਦੀ ਜਾਣਕਾਰੀ ਸੋਸ਼ਲ ਮੀਡੀਆ ਉੱਤੇ ਫੋਟੋ ਪਾ ਕੇ ਦਿੱਤੀ ਸੀ। ਵਿਰੋਧੀ ਪਾਰਟੀਆਂ ਦੇ ਬਹੁਤ ਸਾਰੇ ਲੋਕ ਸਵਾਲ ਪੁੱਛਦੇ ਸਨ ਕਿ ਆਖਿਰ ਮੋਦੀ ਆਪਣੀ ਮਾਤਾ ਨੂੰ ਆਪਣੇ ਨਾਲ ਕਿਉਂ ਨਹੀਂ ਰੱਖਦੇ। ਜਦੋਂ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਾਨ ਤਾਂ ਉਨ੍ਹਾਂ ਦੀ ਮਾਤਾ ਮੋਦੀ ਦੀ ਰਿਹਾਇਸ਼ ਤੋਂ ਸਿਰਫ਼ ਤਿੰਨ ਚਾਰ ਕਿੱਲੋਮੀਟਰ ਦੂਰ ਆਪਣੇ ਛੋਟੇ ਪੁੱਤਰ ਪੰਕਜ ਮੋਦੀ ਦੇ ਨਾਲ ਰਹਿੰਦੇ ਸਨ। ਜਦੋਂ ਉਹ ਮੋਦੀ ਪ੍ਰਧਾਨ ਮੰਤਰੀ ਬਣੇ ਤਾਂ ਵੀ ਹੀਰਾਬੇਨ ਆਪਣੇ ਛੋਟੇ ਪੁੱਤਰ ਦੇ ਨਾਲ ਹੀ ਰਹਿੰਦੇ ਸਨ। ਮੋਦੀ ਦੀ ਮਾਤਾ ਨੇ ਕਦੇ ਵੀ ਜਨਤਕ ਤੌਰ ਤੇ ਨਹੀਂ ਕਿਹਾ ਕਿ ਉਹ ਆਪਣੇ ਤੀਜੇ ਪੁੱਤਰ ਦੇ ਨਾਲ ਕਿਉਂ ਨਹੀਂ ਰਹਿੰਦੇ, ਪਰ ਪੀਐੱਮ ਮੋਦੀ ਨੇ ਇਸਦਾ ਜਵਾਬ ਖ਼ੁਦ ਦਿੱਤਾ ਸੀ। ਸਾਲ 2019 ਵਿੱਚ ਅਦਾਕਾਰ ਅਕਸ਼ੇ ਕੁਮਾਰ ਨਾਲ ਇੱਕ ਇੰਟਰਵਿਊ ਦੌਰਾਨ ਮੋਦੀ ਨੇ ਇਸ ਬਾਰੇ ਜ਼ਿਕਰ ਕੀਤਾ ਸੀ। ਉਹ ਗੱਲਬਾਤ ਪੂਰੀ ਤਰ੍ਹਾਂ ਗੈਰ-ਰਾਜਨੀਤਿਕ ਸੀ। ਇਸ ਦੌਰਾਨ ਅਕਸ਼ੇ ਕੁਮਾਰ ਨੇ ਮੋਦੀ ਨੂੰ ਉਹਨਾਂ ਦੀ ਜ਼ਿੰਦਗੀ ਬਾਰੇ ਕਈ ਸਵਾਲ ਕੀਤੇ ਸਨ।

ਇਹਨਾਂ ਵਿੱਚ ਇੱਕ ਸਵਾਲ ਇਹ ਵੀ ਸੀ ਕਿ ਉਹ ਆਪਣੀ ਮਾਂ ਜਾਂ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਕਿਉਂ ਨਹੀਂ ਰਹਿੰਦੇ? ਇਸ ਸਵਾਲ ਦੇ ਜਵਾਬ ਵਿੱਚ ਮੋਦੀ ਨੇ ਕਿਹਾ ਸੀ ਕਿ ਉਹਨਾਂ ਨੇ ਬਹੁਤ ਛੋਟੀ ਉਮਰ ਵਿੱਚ ਘਰ ਛੱਡ ਦਿੱਤਾ ਸੀ ਕਿਉਂਕਿ ਉਹ ਜ਼ਿੰਦਗੀ ਬਹੁਤ ਅਲੱਗ ਸੀ। ਗੱਲਬਾਤ ਦੌਰਾਨ ਮੋਦੀ ਨੇ ਕਿਹਾ, "ਜੇਕਰ ਮੈਂ ਪ੍ਰਧਾਨ ਮੰਤਰੀ ਬਣ ਕੇ ਘਰੋ ਨਿੱਕਲਦਾ ਤਾਂ ਮੇਰਾ ਮਨ ਕਹਿੰਦਾ ਕਿ ਸਭ ਇਕੱਠੇ ਰਹਿਣ। ਪਰ ਮੈਂ ਬਹੁਤ ਛੋਟੀ ਉਮਰ ਵਿੱਚ ਘਰ ਛੱਡ ਦਿੱਤਾ ਸੀ, ਇਸ ਲਈ ਨੇੜਤਾ ਅਤੇ ਮੋਹ ਮਾਇਆ ਸਭ ਮੇਰੀ ਟਰੇਨਿੰਗ ਕਾਰਨ ਛੁੱਟ ਗਏ ਸਨ। ਮੇਰੀ ਮਾਂ ਕਹਿੰਦੀ ਹੈ ਕਿ ਮੈਂ ਤੇਰੇ ਘਰ ਰਹਿ ਕੇ ਕੀ ਕਰਾਂਗੀ? ਮੈਂ ਤੇਰੇ ਨਾਲ ਕੀ ਗੱਲ ਕਰਾਂਗੀ?"

### ਹੀਰਾਬੇਨ ਦਾ ਜਨਮ ਅਤੇ ਸ਼ੁਰੂਆਤੀ ਜੀਵਨ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਾਂ ਹੀਰਾਬੇਨ ਦਾ ਜਨਮ 18 ਜੂਨ, 1923 ਨੂੰ ਗੁਜਰਾਤ ਦੇ ਮੇਹਸ਼ਾਣਾ ਜ਼ਿਲ੍ਹੇ ਦੇ ਵਿਸ਼ਨਗਰ ਵਿੱਚ ਹੋਇਆ ਸੀ। ਇਹ ਪਿੰਡ ਵਡਨਗਰ ਦੇ ਨੇੜੇ ਹੈ। ਵਡਨਗਰ ਪ੍ਰਧਾਨ ਮੰਤਰੀ ਮੋਦੀ ਦਾ ਜੱਦੀ ਸ਼ਹਿਰ ਹੈ। ਹੀਰਾਬੇਨ ਬਾਰੇ ਲੋਕਾਂ ਨੂੰ ਜਿਆਦਾ ਜਾਣਕਾਰੀ ਨਹੀਂ ਹੈ। ਨਰਿੰਦਰ ਮੋਦੀ ਜਦੋਂ ਮੁੱਖ ਮੰਤਰੀ ਬਣੇ ਤਾਂ ਹੀ ਲੋਕਾਂ ਨੂੰ ਹੀਰੇ-ਬੇਨ ਬਾਰੇ ਪਤਾ ਲੱਗਾ। ਇਸ ਤਰ੍ਹਾਂ ਮੋਦੀ ਦੇ ਪ੍ਰਧਾਨ ਮੰਤਰੀ ਬਨਣ ਤੋਂ ਬਾਅਦ ਗੁਜਰਾਤ ਤੋਂ ਬਾਹਰ ਲੋਕਾਂ ਨੂੰ ਉਹਨਾਂ ਬਾਰੇ ਪਤਾ ਲੱਗਾ। ਉਹਨਾਂ ਬਾਰੇ ਬਹੁਤ ਸਾਰੀ ਜਾਣਕਾਰੀ ਨਰਿੰਦਰ ਮੋਦੀ ਦੇ ਬਲਾਗ ਤੋਂ ਮਿਲਦੀ ਹੈ। ਇਸ ਤੋਂ ਇਲਾਵਾ ਮੋਦੀ ਬਾਰੇ ਲਿਖੀਆਂ ਕੁਝ ਕਿਤਾਬਾਂ ਹਨ ਜਿੰਨਾਂ ਵਿੱਚ ਸਾਨੂੰ ਉਹਨਾਂ ਦੀ ਮਾਂ ਬਾਰੇ ਜਾਣਕਾਰੀ ਮਿਲਦੀ ਹੈ। ਮੋਦੀ ਨੇ ਜੂਨ, 2022 ਵਿੱਚ ਉਹਨਾਂ ਦੇ ਜਨਮ ਦਿਨ ਮੌਕੇ ਬਲਾਗ ਲਿਖਿਆ ਸੀ। ਇਸ ਬਲਾਗ ਵਿੱਚ ਉਹਨਾਂ ਲਿਖਿਆ ਸੀ ਕਿ ਉਹਨਾਂ ਦੀ ਮਾਂ ਨੇ ਸਕੂਲ ਦਾ ਦਰਵਾਜਾ ਨਹੀਂ ਦੇਖਿਆ ਸੀ। ਉਹਨਾਂ ਨੇ ਸਿਰਫ਼ ਗਰੀਬੀ ਦੇਖੀ ਸੀ। ਹੀਰਾਬੇਨ ਜਦੋਂ ਬਹੁਤ ਛੋਟੀ ਸੀ ਤਾਂ ਉਹਨਾਂ ਦੀ ਮਾਂ ਦਾ ਦੇਹਾਂਤ ਹੋ ਗਿਆ ਸੀ। ਇਸ ਲਈ ਉਹਨਾਂ ਨੂੰ ਆਪਣੀ ਮਾਂ ਦਾ ਪਿਆਰ ਨਹੀਂ ਮਿਲਿਆ। ਉਸ ਸਮੇਂ ਦੇ ਹਿਸਾਬ ਨਾਲ ਬਹੁਤ ਹੀ ਛੋਟੀ ਉਮਰ ਵਿੱਚ ਉਹਨਾਂ ਦਾ ਦਾਮੋਦਰ ਦਾਸ ਮੋਦੀ ਨਾਲ ਵਿਆਹ ਹੋ ਗਿਆ। ਦਾਮੋਦਰ ਦਾਸ ਕੀ ਕੰਮ ਕਰਦੇ ਸਨ ਜਾਂ ਉਹਨਾਂ ਦੀ ਰੋਜ਼ੀ ਰੋਟੀ ਦਾ ਕੀ ਸਾਧਨ ਸੀ, ਇਸ ਬਾਰੇ ਬਹੁਤ ਘੱਟ ਜਾਣਕਾਰੀ ਹੈ। ਬਾਅਦ ਵਿੱਚ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਉਹਨਾਂ ਦੇ ਪਿਤਾ ਰੇਲਵੇ ਸਟੇਸ਼ਨ ਉਪਰ ਚਾਹ ਵੇਚਦੇ ਸਨ ਅਤੇ ਖ਼ੁਦ ਮੋਦੀ ਵੀ ਬਚਪਨ ਵਿੱਚ ਉਹਨਾਂ ਦੀ ਮਦਦ ਕਰਦੇ ਸਨ। ਵਿਆਹ ਤੋਂ ਬਾਅਦ ਨਰਿੰਦਰ ਮੋਦੀ ਦੇ ਮਾਤਾ-ਪਿਤਾ ਵਡਨਗਰ ਵਿੱਚ ਵਸ ਗਏ ਸਨ। ਦਾਮੋਦਰ ਦਾਸ ਅਤੇ ਹੀਰਾਬੇਨ ਦੇ ਛੇ ਬੱਚੇ ਪੈਦਾ ਹੋਏ ਸਨ। ਇਹਨਾਂ ਵਿੱਚ ਪੰਜ ਪੁੱਤਰ, ਸੋਮਾ ਮੋਦੀ, ਅੰਮ੍ਰਿਤ ਮੋਦੀ, ਨਰਿੰਦਰ ਮੋਦੀ, ਪ੍ਰਹਿਲਾਦ ਮੋਦੀ, ਪੰਕਜ ਮੋਦੀ ਅਤੇ ਇੱਕ ਧੀ ਵਾਸੰਤੀ ਮੋਦੀ ਹਨ। ਨਰਿੰਦਰ ਮੋਦੀ ਤੀਜੇ ਪੁੱਤਰ ਹਨ।

ਵਡਨਗਰ ਦਾ ਘਰ ਬਹੁਤ ਛੋਟਾ ਸੀ ਅਤੇ ਉਸੇ ਘਰ ਵਿੱਚ ਉਹਨਾਂ ਨੇ ਛੇ ਬੱਚਿਆਂ ਦਾ ਪਾਲਣ ਪੋਸ਼ਣ ਕੀਤਾ।

# ਫੁੱਟਬਾਲ ਖਿਡਾਰੀ ਪੇਲੇ ਦਾ 82 ਸਾਲ ਦੀ ਉਮਰ ਵਿੱਚ ਦੇਹਾਂਤ

## ਕਦੇ ਪਾਟੇ-ਪੁਰਾਣੇ ਕੱਪੜਿਆਂ ਦੀ ਫੁੱਟਬਾਲ ਬਣਾ ਕੇ ਖੇਡਣ ਵਾਲਾ ਖਿਡਾਰੀ ਫੁੱਟਬਾਲ ਦੀ ਦੁਨੀਆਂ ਦਾ ਜਾਦੂਗਰ ਕਿਵੇਂ ਬਣ ਗਿਆ

ਬ੍ਰਾਜ਼ੀਲ ਦੇ ਮਹਾਨ ਫੁੱਟਬਾਲ ਖਿਡਾਰੀ ਪੇਲੇ ਦਾ 82 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਉਹ ਪਿਛਲੇ ਕੁਝ ਸਮੇਂ ਤੋਂ ਗੁਰਦੇ ਅਤੇ ਪ੍ਰੋਸਟੇਟ ਦੀ ਬਿਮਾਰੀ ਨਾਲ ਜੂਝ ਰਹੇ ਸਨ। ਬ੍ਰਾਜ਼ੀਲ ਦੀ ਟੀਮ ਵਿਸ਼ਵ ਦੀ ਸਭ ਤੋਂ ਕਾਮਯਾਬ ਫੁੱਟਬਾਲ ਟੀਮ ਹੈ। ਪੰਜ ਵਾਰ ਵਿਸ਼ਵ ਕੱਪ ਜੇਤੂ ਬ੍ਰਾਜ਼ੀਲ ਦੀ ਇਸ ਟੀਮ ਦੀ ਕਾਮਯਾਬੀ ਪਿੱਛੇ ਜਿਸ ਖਿਡਾਰੀ ਦਾ ਸਭ ਤੋਂ ਵੱਡਾ ਯੋਗਦਾਨ ਹੈ, ਦੁਨੀਆ ਉਸ ਨੂੰ ਪੇਲੇ ਦੇ ਨਾਮ ਨਾਲ ਜਾਣਦੀ ਹੈ। ਪੇਲੇ ਨੇ ਤਿੰਨ ਵਾਰ ਆਪਣੀ ਟੀਮ ਨੂੰ ਵਿਸ਼ਵ ਕੱਪ ਜਤਾਇਆ ਹੈ। ਉਨ੍ਹਾਂ ਦੀ ਮੌਜਦੂਗੀ ਵਿੱਚ ਬ੍ਰਾਜ਼ੀਲ ਨੇ 1958, 1962 ਅਤੇ 1970 ਵਿੱਚ ਫੁੱਟਬਾਲ ਵਿਸ਼ਵ ਕੱਪ ਜਿੱਤਿਆ ਸੀ। ਜਦੋਂ ਉਹ ਬਿਮਾਰ ਸਨ ਤਾਂ ਦੁਨੀਆ ਭਰ ਦੇ ਖੇਡ ਪ੍ਰੇਮੀ ਉਨ੍ਹਾਂ ਦੇ ਜਲਦੀ ਠੀਕ ਹੋਣ ਲਈ ਅਰਦਾਸ ਕਰ ਰਹੇ ਸਨ। ਪਰ ਵੀਰਵਾਰ (29 ਦਸੰਬਰ, 2022) ਨੂੰ ਉਨ੍ਹਾਂ ਦੇ ਸਰੀਰ ਦੇ ਅੰਗਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ ਅਤੇ ਉਨ੍ਹਾਂ ਦੀ ਮੌਤ ਹੋ ਗਈ।



### ਬ੍ਰਾਜ਼ੀਲ ਦੀ ਪਛਾਣ ਬਣੇ ਪੇਲੇ

ਪੇਲੇ ਨੂੰ ਬ੍ਰਾਜ਼ੀਲ ਦੀ ਟੀਮ ਨੂੰ ਵਿਸ਼ਵ ਦੀ ਸਭ ਤੋਂ ਕਾਮਯਾਬ ਫੁੱਟਬਾਲ ਟੀਮ ਬਣਾਉਣ ਦਾ ਸਿਹਰਾ ਜਾਂਦਾ ਹੈ। ਸਭ ਤੋਂ ਘੱਟ ਉਮਰ ਦੇ ਵਿਸ਼ਵ ਕੱਪ ਵਿੱਚ ਗੋਲ ਕਰਨ ਵਾਲੇ ਅਤੇ ਹੈਟਰਿਕ ਬਣਾਉਣ ਵਾਲੇ ਖਿਡਾਰੀ ਸਨ। ਸਿਰਫ਼ 17 ਸਾਲ ਦੀ ਉਮਰ ਵਿੱਚ ਇੱਕ ਫੁੱਟਬਾਲ ਸਟਾਰ ਬਣ ਗਏ ਸਨ । ਪੇਲੇ ਦੇ ਆਲੋਚਕ ਕਹਿੰਦੇ ਹਨ ਕਿ ਉਨ੍ਹਾਂ ਦਾ ਯੂਰਪ ਦੇ ਕਿਸੇ ਕਲੱਬ ਲਈ ਨਾ ਖੇਡਣਾ, ਉਨ੍ਹਾਂ ਲਈ ਫ਼ਾਇਦੇਮੰਦ ਸਾਬਿਤ ਹੋਇਆ। ਪੇਲੇ ਕਿਸੇ ਸਮੇਂ ਪਾਟੇ ਪੁਰਾਣੇ ਕੱਪੜਿਆਂ ਦੀ ਫ਼ੁਟਬਾਲ ਬਣਾ ਕੇ ਖੇਡਦੇ ਸਨ। ਪੇਲੇ ਆਪਣੇ ਨਾਮ ਬਾਰੇ ਲਿਖਦੇ ਹਨ, "ਕੋਈ ਠੀਕ ਠਾਕ ਨਹੀਂ ਦੱਸ ਪਾਇਆ ਕਿ ਪੇਲੇ ਨਾਮ ਕਿੱਥੋਂ ਆਇਆ। ਪਰ ਮੇਰੇ ਮਾਮੇ ਜਾਰਜ ਨੇ ਜੋ ਦੱਸਿਆ ਉਸ ਉੱਪਰ ਵਿਸ਼ਵਾਸ ਕੀਤਾ ਜਾ ਸਕਦਾ ਹੈ।" ਐਡਸਨ ਅਰਾਂਟੇਸ ਡੋ ਨਾਸੀਮੈਂਟੋ ਯਾਨੀ ਪੇਲੇ ਸਿਰਫ਼ 17 ਸਾਲ ਦੀ ਉਮਰ ਵਿੱਚ ਇੱਕ ਫੁੱਟਬਾਲ ਸਟਾਰ ਬਣ ਗਏ ਸਨ। ਉਨ੍ਹਾਂ ਨੇ ਬ੍ਰਾਜ਼ੀਲ ਨੂੰ 1958 ਵਿੱਚ ਵਿਸ਼ਵ ਕੱਪ ਜਿਤਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਨੇ ਹੀ ਕੁਆਰਟਰ ਫਾਈਨਲ ਵਿੱਚ ਵੇਲਜ਼ ਖ਼ਿਲਾਫ਼ ਜਿੱਤ ਦਾ ਇੱਕੋ-ਇੱਕ ਗੋਲ ਕੀਤਾ ਸੀ। ਪੇਲੇ ਨੇ ਸੈਮੀ ਫਾਈਨਲ ਵਿੱਚ ਫ਼ਰਾਂਸ ਖਿਲਾਫ਼ ਹੈਟ੍ਰਿਕ ਮਾਰੀ ਅਤੇ ਫ਼ਾਈਨਲ ਵਿੱਚ ਸਵੀਡਨ ਦੇ ਖਿਲਾਫ਼ ਦੋ ਗੋਲ ਕੀਤੇ। ਪੇਲੇ ਨੇ ਆਪਣੇ ਫੁੱਟਬਾਲ ਕਰੀਅਰ ਦੀ ਸ਼ੁਰੂਆਤ 15 ਸਾਲ ਦੀ ਉਮਰ ਵਿੱਚ ਸੈਂਟੋਸ ਕਲੱਬ ਨਾਲ ਕੀਤੀ ਸੀ। ਇਸ ਤੋਂ ਬਾਅਦ ਉਹ ਅਗਲੇ 19 ਸਾਲਾਂ ਤੱਕ ਉਸੇ ਕਲੱਬ ਨਾਲ ਖੇਡਦੇ ਰਹੇ।



### ਪੇਲੇ ਦੀ ਜ਼ਿੰਦਗੀ ਨਾਲ ਜੁੜੇ ਕੁਝ ਦਿਲਚਸਪ ਕਿੱਸੇ

ਪੇਲੇ ਕਾਰਨ ਜਦੋਂ ਰੈਫ਼ਰੀ ਨੂੰ ਬਾਹਰ ਜਾਣਾ ਪਿਆ – 18 ਜੂਨ, 1968 ਦੀ ਗੱਲ ਹੈ। ਬੋਗੋਟਾ ਵਿੱਚ ਪੇਲੇ ਦੇ ਕਲੱਬ ਅਤੇ ਕੋਲੰਬੀਅਨ ਓਲੰਪਿਕ ਸਵਾਡ ਵਿਚਾਲੇ ਇੱਕ ਦੋਸਤਾਨਾ ਮੈਚ ਚੱਲ ਰਿਹਾ ਸੀ। ਇਸ ਦੌਰਾਨ ਰੈਫਰੀ ਗੁਲੇਰਮੋ ਵੇਲਾਸਕੁਏਜ਼ ਨੇ ਪੇਲੇ ਨੂੰ ਮੈਦਾਨ 'ਚੋ ਬਾਹਰ ਜਾਣ ਲਈ ਕਿਹਾ। (ਲਾਲ ਕਾਰਡ ਦੀ ਵਰਤੋਂ 1970 ਵਿੱਚ ਸ਼ੁਰੂ ਹੋਈ ਸੀ)। ਉਨ੍ਹਾਂ 'ਤੇ ਫਾਊਲ ਦਾ ਦੋਸ਼ ਸੀ। ਵੇਲਾਜ਼ਕੁਏਜ਼ ਅਨੁਸਾਰ, ਪੇਲੇ ਨੇ ਉਨ੍ਹਾਂ ਨਾਲ ਦੁਰਵਿਵਹਾਰ ਕੀਤਾ ਸੀ। ਪਰ ਰੈਫਰੀ ਦੇ ਇਸ ਫੈਸਲੇ ਨੂੰ ਲੈ ਕੇ ਖਾਸਾ ਵਿਵਾਦ ਹੋ ਗਿਆ। ਸੈਂਟੋਸ ਦੇ ਖਿਡਾਰੀਆਂ ਨੇ ਰੈਫਰੀ ਨੂੰ ਘੇਰ ਲਿਆ। ਮੈਚ ਦੀਆਂ ਤਸਵੀਰਾਂ 'ਚ ਦੇਖਿਆ ਜਾ ਸਕਦਾ ਸੀ ਕਿ ਵੇਲਾਜ਼ਕੁਏਜ਼ ਦੀਆਂ ਅੱਖਾਂ ਕਾਲੀਆਂ ਹੋ ਗਈਆਂ ਸਨ। ਉੱਥੇ ਮੌਜੂਦ ਦਰਸ਼ਕਾਂ ਨੇ ਵੀ ਉਨ੍ਹਾਂ ਦਾ ਵਿਰੋਧ ਕੀਤਾ। ਸਾਲ 2010 ਵਿੱਚ ਦਿੱਤੇ ਇੱਕ ਇੰਟਰਵਿਊ ਵਿੱਚ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਮੈਦਾਨ ਤੋਂ ਬਾਹਰ ਜਾਣਾ ਪਿਆ ਸੀ। ਉਨ੍ਹਾਂ ਨੇ ਇੱਕ ਲਾਈਨਮੈਨ ਨੂੰ ਆਪਣੀ ਸੀਟੀ ਦੇ ਦਿੱਤੀ ਅਤੇ ਪੇਲੇ ਨੂੰ ਖੇਡ ਵਿੱਚ ਵਾਪਸ ਬੁਲਾਇਆ ਗਿਆ। ਪੇਲੇ ਦੀ ਟੀਮ 1960 ਦੇ ਦਹਾਕੇ ਵਿੱਚ ਦੁਨੀਆ ਭਰ ਵਿੱਚ ਦੋਸਤਾਨਾ ਮੈਚ ਖੇਡ ਰਹੀ ਸੀ। ਅਜਿਹਾ ਹੀ ਇੱਕ ਮੈਚ ਨਾਈ-ਜੀਰੀਆ ਦੇ ਯੁੱਧ ਵਾਲੇ ਖੇਤਰ ਵਿੱਚ 4 ਫਰਵਰੀ, 1969 ਵਿੱਚ ਖੇਡਿਆ ਗਿਆ। ਇਸ ਮੈਚ ਵਿੱਚ ਸੈਂਟੋਸ ਕਲੱਬ ਨੇ ਬੈਨਿਨ ਸ਼ਹਿਰ ਦੇ ਸਥਾਨਕ ਕਲੱਬ ਨੂੰ 2-1 ਨਾਲ ਹਰਾ ਦਿੱਤਾ ਸੀ। ਉਸ ਸਮੇਂ ਨਾਈਜੀਰੀਆ ਵਿੱਚ ਇੱਕ ਖ਼ੂਨੀ ਗ੍ਰਹਿ ਯੁੱਧ ਚੱਲ ਰਿਹਾ ਸੀ। ਇਤਿਹਾਸਕਾਰਾਂ ਮੁਤਾਬਕ ਬ੍ਰਾਜ਼ੀਲ ਦੇ ਖਿਡਾਰੀ ਅਤੇ

**(ਬਾਕੀ ਅਗਲੇ ਸਫੇ 'ਤੇ)**

# ਰਾਜੌਰੀ ਦਹਿਸ਼ਤੀ ਹਮਲੇ: ਸਖ਼ਤ ਸੁਰੱਖਿਆ ਪਹਿਰੇ ਹੇਠ ਮ੍ਰਿਤਕਾਂ ਦਾ ਸਸਕਾਰ

**ਰਾਜੌਰੀ/ਜੰਮੂ-** ਜੰਮੂ ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਵਿੱਚ ਦੋ ਦਿਨਾਂ ’ਚ ਉਪਰੋਥੱਲੀ ਹੋਏ ਦੋ ਦਹਿਸ਼ਤੀ ਹਮਲਿਆਂ ਵਿੱਚ ਮਾਰੇ ਗਏ 6 ਵਿਅਕਤੀਆਂ, ਜਿਨ੍ਹਾਂ ਵਿੱਚ ਦੋ ਨਾਬਾਲਗ ਵੀ ਸ਼ਾਮਲ ਸਨ, ਦਾ ਅੱਜ ਇਥੇ ਡਾਂਗਰੀ ਪਿੰਡ ਵਿੱਚ ਸਖ਼ਤ ਸੁਰੱਖਿਆ ਪਹਿਰੇ ਹੇਠ ਨਮ ਅੱਖਾਂ ਨਾਲ ਸਸਕਾਰ ਕਰ ਦਿੱਤਾ ਗਿਆ। ਇਸ ਦੌਰਾਨ ਐੱਨਆਈਏ ਟੀਮ ਨੇ ਬਾਅਦ ਦੁਪਹਿਰ ਪਿੰਡ ਵਿੱਚ ਹਮਲਿਆਂ ਵਾਲੀ ਥਾਂ ਦਾ ਦੌਰਾ ਕਰਕੇ ਸ਼ੁਰੂਆਤੀ ਜਾਂਚ ਕੀਤੀ। ਉਧਰ ਹਮਲਿਆਂ ਦੇ ਰੋਸ ਵਜੋਂ ਕਿਸ਼ਤਵਾੜ ਵਿੱਚ ਦੁਕਾਨਾਂ ਤੇ ਹੋਰ ਕਾਰੋਬਾਰੀ ਅਦਾਰੇ ਬੰਦ ਰਹੇ।

ਸੈਂਕੜੇ ਲੋਕਾਂ, ਜਿਨ੍ਹਾਂ ਵਿੱਚ ਰਿਸ਼ਤੇਦਾਰ, ਦੋਸਤ ਮਿੱਤਰ ਤੇ ਆਂਢੀ ਗੁਆਂਢੀ ਸ਼ਾਮਲ ਸਨ, ਨੇ ਇਥੇ ਪਿੰਡ ਦੇ ਸਰਕਾਰੀ ਸਕੂਲ ਵਿੱਚ ਮ੍ਰਿਤਕ ਦੇਹਾਂ ਨੂੰ ਫੁੱਲ ਮਾਲਾਵਾਂ ਨਾਲ ਸ਼ਰਧਾਂਜਲੀ ਦਿੱਤੀ। ਅੰਤਿਮ ਰਸਮਾਂ ’ਚ ਸ਼ਾਮਲ ਲੋਕਾਂ ਨੇ ਨਾਅਰੇਬਾਜ਼ੀ ਕੀਤੀ ਤੇ ਦੇਹਾਂ ਨੂੰ ਪਿੰਡ ਦੇ ਸ਼ਮਸ਼ਾਨਘਾਟ ’ਚ ਲਿਆਂਦਾ ਗਿਆ। ਮ੍ਰਿਤਕਾਂ ਵਿੱਚ ਚਾਰ ਸਾਲਾ ਵਿਹਾਨ ਸ਼ਰਮਾ, 16 ਸਾਲਾ ਸਮਿਕਸ਼ਾ ਸ਼ਰਮਾ, ਸਤੀਸ਼ ਕੁਮਾਰ (45), ਦੀਪਕ ਕੁਮਾਰ (23), ਪ੍ਰੀਤਮ ਲਾਲ (57) ਤੇ ਸ਼ਿਸ਼ੂ ਪਾਲ (32) ਸ਼ਾਮਲ ਸਨ। ਅੰਤਿਮ ਸੰਸਕਾਰ ਮੌਕੇ ਡੀਜੀਪੀ ਦਿਲਬਾਗ ਸਿੰਘ, ਜੰਮੂ ਕਸ਼ਮੀਰ ਭਾਜਪਾ ਦੇ ਪ੍ਰਧਾਨ ਰਵਿੰਦਰ ਰੈਣਾ,



ਏਡੀਜੀਪੀ ਮੁਕੇਸ਼ ਸਿੰਘ ਤੇ ਡਿਵੀਜ਼ਨਲ ਕਮਿਸ਼ਨਰ ਰਮੇਸ਼ ਕੁਮਾਰ ਤੋਂ ਇਲਾਵਾ ਫੌਜੀ ਅਧਿਕਾਰੀ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਮੌਜੂਦ ਸਨ।

ਅੰਤਿਮ ਰਸਮਾਂ ਮੌਕੇ ਸ਼ਮਸ਼ਾਨਘਾਟ ਨਜ਼ਦੀਕ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਅਧਿਕਾਰੀਆਂ ਨੇ ਕਿਹਾ ਕਿ ਰਾਜੌਰੀ ਸ਼ਹਿਰ ਤੇ ਨੇੜਲੇ ਇਲਾਕਿਆਂ ਵਿੱਚ ਵੱਡੀ ਗਿਣਤੀ ਸੁਰੱਖਿਆ ਮੁਲਾਜ਼ਮ ਤਾਇਨਾਤ ਰਹੇ। ਉਨ੍ਹਾਂ ਕਿਹਾ ਕਿ ਹੱਤਿਆਵਾਂ ’ਚ ਸ਼ਾਮਲ ਦਹਿਸ਼ਤਗਰਦਾਂ ਦੀ ਪੈੜ ਨੱਪਣ ਲਈ ਇਲਾਕੇ ਨੂੰ ਘੇਰਾ ਪਾ ਕੇ ਤਲਾਸ਼ੀ ਮੁਹਿੰਮ ਜਾਰੀ ਹੈ।

ਇਨ੍ਹਾਂ ਖ਼ੌਫਨਾਕ ਹਮਲਿਆਂ ’ਚ ਸ਼ਾਮਲ ਦਹਿਸ਼ਤਗਰਦਾਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਪੁਲੀਸ ਵੱਲੋਂ 10 ਲੱਖ ਰੁਪਏ ਦਾ ਇਨਾਮ ਐਲਾਨਿਆ ਗਿਆ ਹੈ। ਇਸ ਦੌਰਾਨ ਸੀਨੀਅਰ ਅਧਿਕਾਰੀਆਂ ਦੀ ਅਗਵਾਈ ਵਾਲੀ ਐੱਨਆਈਏ ਟੀਮ ਨੇ ਅੱਜ ਬਾਅਦ ਦੁਪਹਿਰ ਡਾਂਗਰੀ ਪਿੰਡ ਵਿੱਚ ਦੋਵਾਂ ਦਹਿਸ਼ਤੀ ਹਮਲਿਆਂ ਵਾਲੀ ਥਾਂ ਦਾ ਮੁਆਇਨਾ ਕੀਤਾ। ਐਤਵਾਰ ਸ਼ਾਮ ਤੇ ਸੋਮਵਾਰ ਸਵੇਰੇ ਹੋਏ ਇਨ੍ਹਾਂ ਹਮਲਿਆਂ ਵਿੱਚ 11 ਵਿਅਕਤੀ ਵੀ ਜ਼ਖ਼ਮੀ ਹੋਏ ਸਨ। ਉਧਰ ਹਮਲਿਆਂ ਦੇ ਰੋਸ ਵਜੋਂ ਸਨਾਤਨ ਧਰਮ ਸਭਾ ਦੇ ਸੱਦੇ ’ਤੇ ਕਿਸ਼ਤਵਾੜ ਜ਼ਿਲ੍ਹੇ ਵਿੱਚ ਬੰਦ ਰੱਖਿਆ ਗਿਆ। ਦੁਕਾਨਾਂ ਤੇ ਹੋਰ ਕਾਰੋਬਾਰੀ ਅਦਾਰੇ ਬੰਦ ਰਹੇ।

# ਡਿਪਟੀ ਸਪੀਕਰ ਦੇ ਅਹੁਦੇ ਦੀ ਧੌਂਸ ਤੇ ਬਿਨ੍ਹਾਂ ਕਿਸੇ ਅਹੁਦੇ ਤੋਂ ਨੀਲਮ ਰੌੜੀ ਕਰਨ ਲੱਗ ਪਏ ਉਦਘਾਟਨ







**ਸੜੋਆ (ਸਤਨਾਮ ਸਿੰਘ ਸਹੂੰਗੜਾ)-** ਪੰਜਾਬ ਦੇ ਵਿੱਚ ਚਾਹੇ ਕਿਸੇ ਵੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆ ਜਾਵੇ ਕਿਸੇ ਕੋਲੋ ਵੀ ਭਲੇ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਕਿਉਂਕਿ ਜਦੋ ਕੋਈ ਪਾਰਟੀ ਸੱਤਾ ਵਿੱਚ ਆਉਂਦੀ ਹੈ ਤਾਂ ਪਹਿਲਾ ਰਾਜ ਕਰ ਚੁੱਕੀ ਪਾਰਟੀ ਦੇ ਵਲੋਂ ਕੀਤੇ ਕਾਰਜਾਂ ਵਿੱਚ ਸਾਰੇ ਮਾਮਲਿਆਂ ਦੀ ਪੁਣਛਾਣ ਕਰਨਾ ਆਪਣਾ ਜਮੀਨੀ ਅਧਿਕਾਰ ਸਮਝਣ ਲੱਗ ਪੈਂਦੀ ਹੈ।ਰਜ ਕਰਨ ਵਾਲੀ ਪਾਰਟੀ ਜਦੋਂ ਕਿਸੇ ਚੀਜ ਵਿਸ਼ੇਸ਼ ਦਾ ਉਦਘਾਟਨ ਕਰਨਾ ਹੁੰਦਾ ਹੈ, ਤਾਂ ਆਪਣੇ ਚਹੇਤਿਆਂ ਨੂੰ ਭੇਜਣ ਵਾਲੀ ਪਾਰਟੀ ਪਹਿਲੀਆਂ ਸਰਕਾਰਾਂ ਵਾਲਾ ਕਾਨੂੰਨ ਬਣਾ ਕੇ ਆਪਣਾ ਅਧਿਕਾਰ ਮੰਨ ਲੈਂਦੀ ਹੈ।ਰਾਜ ਕਰ ਰਹੀ ਪਾਰਟੀ ਦਾ ਉਦਘਾਟਨ ਕਰਨ ਵਾਲਾ ਵਿਸ਼ੇਸ਼ ਕੋਲ ਕੋਈ ਸੰਵਿਧਾਨਿਕ ਅਹੁਦਾ ਵੀ ਨਹੀਂ ਹੁੰਦਾ,ਫਿਰ ਵੀ ਆਪਣੀ ਆਕੜ ਨੂੰ ਮੌਜੂਦ ਰੱਖਣ ਲਈ ਬਿਨ੍ਹਾਂ ਸੰਵਿਧਾਨਿਕ ਅਹੁਦੇ ਤੋਂ ਕਦੇ ਆਪਣੇ ਪੁੱਤਰ, ਭਰਾ,ਪਤਨੀ,ਪਿਤਾ ਜਾਂ ਕਿਸੇ ਹੋਰ ਬਿਲਕੁਲ ਖਾਸ ਨੂੰ ਭੇਜ ਕੇ ਆਪਣੀ ਆਤਮਾਂ ਨੂੰ ਜਰੂਰ ਸ਼ਾਂਤੀ ਦੇ ਲੈਂਦੇ ਹਨ। ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੇ ਜਦੋਂ ਜਦੋਂ ਪੰਜਾਬ ਵਿੱਚ ਰਾਜ ਕੀਤਾ ਸੀ ਤਾਂ ਉਹ ਇਹ ਪਿਰਤ ਪਾ ਗਈਆਂ ਸਨ ਕਿਸੇ ਕੋਲ ਕੋਈ ਸੰਵਿਧਾਨਿਕ ਅਹੁਦਾ ਹੋਵੇ ਨਾਂ ਹੋਵੇ ਕੋਈ ਫਰਕ ਨਹੀਂ ਸੀ। ਕਿਉਕ ਇੱਕ ਤੋਂ ਬਾਅਦ ਦੂਸਰੀ ਪਾਰਟੀ ਨੇ ਹੀ ਰਾਜ ਕਰਨਾ ਹੁੰਦਾ ਸੀ, ਉੱਤਰ ਕਾਟੋ ਮੇਰੀ ਵਾਰੀ ਸਮਝ ਮੁਤਾਬਕ। ਮੀਡੀਆ ਨਾਲ ਸੁਰਖੀਆਂ ਵਿੱਚ ਤੇ ਮੀਡੀਆ ਕਾਰਨ ਹੋਂਦ ਵਿੱਚ ਆਈ ਨਵੀਂ ਨਕੋਰ ਆਮ ਆਦਮੀ ਪਾਰਟੀ ਇਹਨਾਂ ਮਸਲਿਆਂ ਤੇ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਭੰਡਣ ਵਿੱਚ ਕੋਈ ਮੌਕਾ ਹੱਥੋਂ ਨਹੀਂ ਸੀ ਜਾਣ ਦਿੰਦੀ। 2022 ਵਿੱਚ ਆਮ ਆਦਮੀ ਪਾਰਟੀ ਨੇ ਬਦਲਾਅ ਦਾ ਨਾਹਰਾ ਦਿੱਤਾ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੀ ਰੱਜ ਕੇ ਮਿੱਟੀ ਪੁੱਟੀ ਤੇ ਪੰਜਾਬ ਦਾ ਸਿੰਘਾਸਨ ਮਿਲ ਗਿਆ। ਹੁਣ ਆਮ ਆਦਮੀ ਪਾਰਟੀ ਨੇ ਪੁਰ-ਾਤਨ ਵਿਰਸੇ ਵਿੱਚ ਮਿਲੀਆਂ ਰਵਾਇਤਾਂ ਨੂੰ ਮੁੱਖ ਰੱਖ ਕੇ ਆਪਣਾ ਛੁਪਿਆ ਏਜੰਡਾ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ। ਮਿਸਾਲ ਦੇ ਤੌਰ ਤੇ ਗੜ੍ਹਸ਼ੰਕਰ ਹਲਕੇ ਤੋਂ ਜਿੱਤ ਕੇ ਸੰਵਿਧਾਨਕ ਅਹੁਦਾ ਜੈ ਕਿਸ਼ਨ ਰੌੜੀ ਨੂੰ ਮਿਲ ਗਿਆ। ਹੁਣ ਉਹਨਾਂ ਦੀ ਪਤਨੀ ਨੀਲਮ ਰੌੜੀ ਪਿੰਡਾ ਵਿੱਚ ਹੋ ਰਹੇ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਦੀ ਹੈ,ਤੇ ਆਪਣੇ ਪਤੀ ਡਿਪਟੀ ਸਪੀਕਰ ਜੈ ਕਿਸ਼ਨ ਰੌੜੀ ਦੇ ਅਹੁਦੇ ਦੀ ਧੌਂਸ ਨਾਲ ਪਿੰਡਾਂ ਵਿੱਚ ਜਾ ਕੇ ਉਦਘਾਟਨ ਕਰਨ ਨੂੰ ਆਪਣਾ ਸੁਭਾਗ ਸਮਝ ਰਹੀ ਹੈ।ਨੀਲਮ ਰੌੜੀ ਵਲੋਂ ਪਦਰਾਣਾ,ਕੁੱਕੜ ਮਜਾਰਾ ਖੁਸ਼ੀ ਪੱਦੀ, ਸਲੇਮਪੁਰ ਤੇ ਹਰਵਾਂ ਪਿੰਡਾਂ ਵਿੱਚ ਕਿਸ ਸੰਵਿਧਾਨਿਕ ਅਹੁਦੇ ਦੀ ਵਰਤੋਂ ਕਰਦਿਆਂ ਹੋਇਆ ਖੇਡ ਮੈਦਾਨਾਂ ਦਾ ਉਦਘਾਟਨ ਕੀਤਾ ਗਿਆ ਹੈ।

ਇਹ ਆਮ ਜਨਤਾ ਲਈ ਸਭ ਸਮਝ ਤੋਂ ਪਰੇ ਦੀਆਂ ਗੱਲਾਂ ਵਾਂਗ ਜਾਪ ਰਿਹਾ ਹੈ।ਗੜ੍ਹਸ਼ੰਕਰ ਹਲਕੇ ਵਿੱਚ ਜਿੱਤਣ ਤੋਂ ਪਹਿਲਾਂ ਡਿਪਟੀ ਸਪੀਕਰ ਜੈ ਕਿਸ਼ਨ ਰੌੜੀ ਵਲੋਂ ਵੱਖ-ਵੱਖ ਪਿੰਡਾਂ ਵਿੱਚ ਪ੍ਰਚਾਰ ਸਮੇਂ ਅਨੇਕਾਂ ਵਾਅਦੇ ਕੀਤੇ ਸਨ ਜੋ ਵਫਾ ਹੋਣ ਤੋਂ ਪਹਿਲਾਂ ਹੀ ਛੂ ਮੰਤਰ ਹੋ ਗਏ ਲੱਗਦੇ ਹਨ।

# ਸਾਬਕਾ ਮੁੱਖ ਮੰਤਰੀ ਚੰਨੀ ਦੀ ਘੇਰਾਬੰਦੀ ਦਲਿਤਾਂ ਨੂੰ ਦਬਾਉਣ ਤੇ ਡਰਾਉਣ ਦੀ ਕੋਸ਼ਿਸ਼--ਆਗੂ ਪੇਂਡੂ ਮਜ਼ਦੂਰ ਯੂਨੀਅਨ

**ਸੜੋਆ (ਸਤਨਾਮ ਸਿੰਘ ਸਹੂੰਗੜਾ)-** ਸਰਮਾਏਦਾਰੀ ਜਮਾਤ ਕਦੇ ਵੀ ਪੰਜਾਬ ਦੀ ਕਮਾਂਡ ਕਿਸੇ ਅਨੁਸੂਚਿਤ ਜਾਤੀ ਵਿਅਕਤੀ ਦੇ ਹੱਥ ਨਹੀਂ ਦੇਣਾ ਚਾਹੁੰਦੀ। ਅਗਰ ਤਿੰਨ ਮਹੀਨੇ ਲਈ ਕਾਂਗਰਸ ਪਾਰਟੀ ਵਲੋਂ ਇਹ ਉਪਰਾਲਾ ਕੀਤਾ ਵੀ ਗਿਆ ਤਾਂ ਪੰਜਾਬ ਦੀ ਰਾਜਨੀਤੀ ਨੂੰ ਜੱਫਾ ਮਾਰਕੇ ਬੈਠੇ ਜੱਟ ਘਰਾਣਿਆ ਤੋਂ ਇਹ ਬਰਦਾਸ਼ਤ ਨਹੀਂ ਹੋਇਆ। ਇਹ ਬਿਆਨ ਦਿੰਦੇ ਹੋਏ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਜਿਲ੍ਹਾ ਸਕੱਤਰ ਬਗੀਚਾ ਸਿੰਘ ਸਹੂੰਗੜਾ, ਤਹਿਸੀਲ ਨਵਾਂਸ਼ਹਿਰ ਦੇ ਪ੍ਰਧਾਨ ਸੁਰਿੰਦਰ ਮੀਰਪੁਰੀ,ਬਲਾਚੌਰ ਤਹਿਸੀਲ ਦੇ ਪ੍ਰਧਾਨ ਅਸ਼ੋਕ ਕੁਲਾਰ ਨੇ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਅਖੌਤੀ ਜੱਟ ਲੀਡਰਾਂ ਵਲੋਂ ਬਰਦਾਸ਼ਤ ਕਰਨਾ ਔਖਾ ਹੋ ਗਿਆ। ਜਿਸ ਕਰਕੇ ਅੱਜ ਨਵੀਂ ਬਣੀ ਬਦਲਾਅ ਵਾਲੀ ਸਰਕਾਰ ਚੰਨੀ ਦੇ ਵਲੋਂ ਘਰ ਆ ਕੇ ਮਿਲਣ ਵਾਲੀ ਜਨਤਾ ਨੂੰ ਖੁਆਈ ਜਾਂਦੀ ਰੋਟੀ ਨੂੰ ਪਰੌਂਠੇ




ਬਣਾ ਕੇ ਕੀਤੇ ਜਾ ਰਹੇ ਜਾਤੀ ਵਿਤਕਰੇ ਨੂੰ ਬੜੇ ਉੱਚ ਪੱਧਰ ਪ੍ਰਚਾਰਕੇ ਸੌੜੀ ਸੋਚ ਦਾ ਪ੍ਰਗਟਾਵਾਕੀਤਾ ਜਾ ਰਿਹਾ ਹੈ। ਅਸੀਂ ਕਿਸੇ ਰਾਜਨੀਤਕ ਧਿਰ ਜਾਂ ਨੇਤਾ ਦੀ ਸਪੋਟ ਨਹੀਂ ਕਰ ਰਹੇ। ਦਰਅਸਲ ਪੰਜਾਬ ਸਰਕਾਰ ਤਿੰਨ ਮਹੀਨਿਆਂ ਦੇ ਮੁੱਖ ਮੰਤਰੀ ਰਹੇ ਸ. ਚਰਨਜੀਤ ਸਿੰਘ ਚੰਨੀ ਤੇ ਵਾਰ ਕਰਕੇ ਪੰਜਾਬ ਦੇ 1 ਕਰੋੜ ਦੇ ਲਗਭਗ ਅਨੁਸੂਚਿਤ ਜਾਤੀ ਲੋਕਾਂ ਨੂੰ ਡਰਾਉਣ ਤੇ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਅਸੀਂ ਬਦਲਾਅ ਵਾਲੀ ਸਰਕਾਰ ਨੂੰ ਇਹ ਦੱਸਣਾਂ ਚਾਹੁੰਦੇ ਹਾਂ ਕਿ ਇਸ ਇੱਕ ਵਾਰ ਬਣੇ ਚੰਨੀ ਮੁੱਖ ਮੰਤਰੀ ਤੋਂ ਪਹਿਲਾਂ ਕਿੰਨੇ ਕੁ ਜੱਟ ਮੁੱਖ ਮੰਤਰੀਆਂ ਦੇ ਪਰੌਂਠਿਆਂ ਦੀ ਗੱਲ ਕਰਕੇ ਭੰਡਿਆ ਗਿਆ ਹੈ।ਮੇਰੀ ਪੰਜਾਬ ਦੇ ਅਨੁਸੂਚਿਤ ਜਾਤੀ ਲੋਕਾਂ ਨੂੰ ਅਪੀਲ ਹੈ ਕਿ ਸਾਡੇ ਦਲਾਲਾਂ ਨੂੰ ਛੱਡ ਆਪਣੇ ਸਮਾਜ ਦਾ ਦਰਦ ਰੱਖਣ ਵਾਲਾ ਨੁਮਾਇੰਦਾ ਚਾਹੇ ਕਿਸੇ ਵੀ ਪਾਰਟੀ 'ਚ ਹੋਵੇ, ਕੋਈ ਵੀ ਹੋਵੇ ਜੇ ਉਸ ਨਾਲ ਉਸ ਦੀ ਜਾਤੀ ਕਰਕੇ ਕੋਈ ਧੱਕੇਸ਼ਾਹੀ ਜਾਂ ਜਬਰ ਹੋਵੇ ਤਾਂ ਸਾਨੂੰ ਉਸਦਾ ਸਾਥ ਦੇਣਾ ਚਾਹੀਦਾ ਹੈ।

ਅਸੀਂ ਪੰਜਾਬ ਦੇ ਮਜਦੂਰਾਂ ਦੀ ਆਵਾਜ ਬੁਲੰਦ ਕਰਨ ਵਾਲੀ 'ਪੇਂਡੂ ਮਜਦੂਰ ਯੂਨੀਅਨ' ਵਲੋਂ ਇਸ ਜਾਤੀ ਅਧਾਰਿਤ ਵਿਤਕਰੇ ਦੀ ਪੁਰਜੋਰ ਨਿੰਦਾ ਕਰਦੇ ਹਾਂ ਤੇ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਅਗਰ ਜਾਂਚ ਕਰਵਾਉਣੀ ਹੈ ਤਾਂ ਸੀਤਾ ਫੱਲ ਖੁਆਉਣ ਵਾਲਿਆਂ ਦੀ ਜਾਂ ਇੱਕ ਟੱਬਰ ਵਲੋਂ ਪੰਜਾਬ ਨੂੰ ਰੰਗਲੇ ਪੰਜਾਬ ਤੋਂ ਕੰਗਲਾ ਪੰਜਾਬ ਬਣਾਉਣ ਵਾਲਿਆਂ ਦੀ ਜਾਂਚ ਪਹਿਲਾਂ ਕਰਵਾਈ ਜਾਵੇ। ਸ਼ਰੇਆਮ ਹੋਈਆਂ ਬੇਅਦਬੀਆਂ ਤੇ ਕੋਈ ਇਨਸਾਫ ਨਾ ਦੇਣ ਵਾਲਿਆਂ ਦੀ ਜਾਂਚ ਵੀ ਜਰੂਰ ਕਰਵਾਈ ਜਾਵੇ।

# ਫੁੱਟਬਾਲ ਖਿਡਾਰੀ ਪੇਲੇ ਦਾ 82 ਸਾਲ ਦੀ ਉਮਰ ਵਿੱਚ ਦੇਹਾਂਤ

**(ਸਫਾ 28 ਦੀ ਬਾਕੀ)**

ਨੇ ਬੈਨਿਨ ਸ਼ਹਿਰ ਦੇ ਸਥਾਨਕ ਕਲੱਬ ਨੂੰ 2-1 ਨਾਲ ਹਰਾ ਦਿੱਤਾ ਸੀ। ਉਸ ਸਮੇਂ ਨਾਈਜੀਰੀਆ ਵਿੱਚ ਇੱਕ ਖੂਨੀ ਗ੍ਰਹਿ ਯੁੱਧ ਚੱਲ ਰਿਹਾ ਸੀ। ਇਤਿਹਾਸਕਾਰਾਂ ਮੁਤਾਬਕ ਬ੍ਰਾਜ਼ੀਲ ਦੇ ਖਿਡਾਰੀ ਅਤੇ ਸੁਰੱਖਿਆਕਰਮੀ ਸੁਰੱਖਿਆ ਨੂੰ ਲੈ ਕੇ ਚਿੰਤਤ ਸਨ। ਇਸ ਲਈ ਦੋਵਾਂ ਪੱਖਾਂ ਨੇ ਗੋਲੀਬੰਦੀ ਕਰਨ ਦਾ ਫੈਸਲਾ ਕਰ ਲਿਆ। ਇਸ ਕਹਾਣੀ ਬਾਰੇ ਵੱਖ-ਵੱਖ ਤਰ੍ਹਾਂ ਦੀਆਂ ਗੱਲਾਂ ਆਖੀਆਂ ਜਾ ਰਹੀਆਂ ਹਨ। ਪੇਲੇ ਨੇ ਆਪਣੀ ਦੂਜੀ ਆਤਮ ਕਥਾ ਵਿੱਚ ਲਿਖਿਆ ਸੀ ਕਿ ਖਿਡਾਰੀਆਂ ਨੂੰ ਦੱਸਿਆ ਗਿਆ ਸੀ ਕਿ, “ਗ੍ਰਹਿ ਯੁੱਧ ਇੱਕ ਐਗਜ਼ੀਬੀਸ਼ਨ ਗੇਮ ਲਈ ਖਤਮ ਹੋ ਸਕਦਾ ਸੀ।” ਪੇਲੇ ਨੇ ਲਿਖਿਆ, “ਮੈਨੂੰ ਨਹੀਂ ਪਤਾ ਕਿ ਇਹ ਪੂਰੀ ਤਰ੍ਹਾਂ ਸਹੀ ਹੈ ਜਾਂ ਨਹੀਂ ਪਰ ਨਾਈਜੀਰੀਆਂ ਨੇ ਇਹ ਜ਼ਰੂਰ ਤੈਅ ਕੀਤਾ ਸੀ ਕਿ ਜਿਸ ਸਮੇਂ ਅਸੀਂ ਉੱਥੇ ਮੌਜੂਦ ਸੀ, ਉੱਥੇ ਕਿਸੇ ਤਰ੍ਹਾਂ ਦੀ ਘੁਸਪੈਠ ਨਹੀਂ ਹੋਵੇਗੀ।”

ਪੇਲੇ ਦੇ ਆਲੋਚਕ ਕਹਿੰਦੇ ਹਨ ਕਿ ਉਨ੍ਹਾਂ ਦਾ ਯੂਰਪ ਦੇ ਕਿਸੇ ਕਲੱਬ ਲਈ ਨਾ ਖੇਡਣਾ, ਉਨ੍ਹਾਂ ਲਈ ਫ਼ਾਇਦੇਮੰਦ ਸਾਬਿਤ ਹੋਇਆ। ਸਮੱਸਿਆ ਇਹ ਸੀ ਕਿ ਹੋਰ ਖਿਡਾਰੀਆਂ ਵਾਂਗ ਜਦੋਂ ਉਹ ਆਪਣੇ ਖੇਡ ਕਰੀਅਰ ਦੇ ਸਿਖਰ ’ਤੇ ਸਨ ਤਾਂ ਉਨ੍ਹਾਂ ਨੂੰ ਵਿਦੇਸ਼ ਜਾਣ ਤੋਂ ਰੋਕ ਦਿੱਤਾ ਗਿਆ ਸੀ। ਸਰਕਾਰ ਵੱਲੋਂ ਵੀ ਉਨ੍ਹਾਂ ਉੱਤੇ ਬ੍ਰਾਜ਼ੀਲ ਵਿੱਚ ਹੀ ਰਹਿਣ ਦਾ ਦਬਾਅ ਸੀ। ਸਾਲ 1961 ਵਿੱਚ ਤਤਕਾਲੀ ਰਾਸ਼ਟਰਪਤੀ ਜੈਨਿਓ ਕਰਾਡੋਸ ਨੇ ਐਲਾਨ ਕੀਤਾ ਸੀ ਕਿ ਪੇਲੇ ਇੱਕ “ਰਾਸ਼ਟਰੀ ਜਾਇਦਾਦ ਹਨ” ਅਤੇ ਉਨ੍ਹਾਂ ਨੂੰ “ਐਕਸਪੋਰਟ” ਨਹੀਂ ਕੀਤਾ ਜਾ ਸਕਦਾ। ਹਾਲਾਂਕਿ ਉਹ 1975 ਵਿੱਚ ਇੱਕ ਵਿਦੇਸ਼ੀ ਕਲੱਬ ਦਾ ਹਿੱਸਾ ਬਣੇ।

ਪੇਲੇ ਦੇ ਪਿਤਾ ਵੀ ਫ਼ੁੱਟਬਾਲ ਖੇਡਦੇ ਸਨ। ਪਰ 25 ਸਾਲ ਦੀ ਉਮਰ ਵਿੱਚ ਸੱਟ ਲੱਗਣ ਕਾਰਨ ਉਹ ਫ਼ੁੱਟਬਾਲ ਵਿੱਚ ਆਪਣਾ ਕਰੀਅਰ ਨਹੀਂ ਬਣਾ ਸਕੇ। ਫ਼ਿਰ ਉਨ੍ਹਾਂ ਨੇ ਆਪਣੇ ਪੁੱਤਰ ਨੂੰ ਫ਼ੁੱਟਬਾਲਰ ਬਣਾਉਣ ਦਾ ਫੈਸਲਾ ਕੀਤਾ। ਉਨ੍ਹਾਂ ਦਾ ਪਰਿਵਾਰ ਉਸ ਸਮੇਂ ਸਾਓ ਪੌਲੋ ਦੇ ਬੌਰੂ ਸ਼ਹਿਰ ਵਿੱਚ ਰਹਿੰਦਾ ਸੀ। ਬਚਪਨ ਵਿੱਚ ਮਿਲੀ ਟ੍ਰੇਨਿੰਗ ਕਾਰਨ ਉਨ੍ਹਾਂ ਦੀ ਖਾਸੀਅਤ ਦੀ ਚਰਚਾ ਗਲੀਆਂ ਮੁਹੱਲਿਆਂ ਵਿੱਚ ਹੋਣ ਲੱਗੀ ਸੀ। ਪੇਲੇ ਕਿਸੇ ਸਮੇਂ ਪਾਟੇ ਪੁਰਾਣੇ ਕੱਪੜਿਆਂ ਦੀ ਫ਼ੁੱਟਬਾਲ ਬਣਾ ਕੇ ਖੇਡਦੇ ਸਨ। ਕਦੇ ਮਾਲ ਗੱਡੀ ਵਿੱਚੋਂ ਸਮਾਨ ਚੋਰੀ ਕਰਕੇ ਉਸ ਨੂੰ ਵੇਚ ਦਿੰਦੇ ਜਿਸ ਨਾਲ ਉਹ ਗੇਂਦ ਲਈ ਪੈਸੇ ਜਮ੍ਹਾਂ ਕਰਦੇ ਸਨ।

**50 ਸਾਲ ਦੀ ਉਮਰ ’ਚ ਬਣੇ ਬ੍ਰਾਜ਼ੀਲ ਦੇ ਕਪਤਾਨ**

ਪੇਲੇ ਸਿਰਫ਼ ਇੱਕ ਵਾਰ ਬ੍ਰਾਜ਼ੀਲ ਦੇ ਕਪਤਾਨ ਬਣੇ। ਇਸ ਤੋਂ ਪਹਿਲਾਂ ਉਨ੍ਹਾਂ ਨੇ ਕਪਤਾਨੀ ਦੇ ਆਫ਼ਰ ਠੁਕਰਾ ਦਿੱਤੇ ਸਨ। ਰਾਸ਼ਟਰੀ ਟੀਮ ਵਿੱਚੋਂ ਸੇਵਾਮੁਕਤ ਹੋਣ ਤੋਂ 19 ਸਾਲ ਬਾਅਦ ਉਨ੍ਹਾਂ ਨੇ 1990 ਵਿੱਚ ਇੱਕ ਦੋਸਤਾਨਾ ਮੈਚ ਵਿੱਚ ਬਤੌਰ ਕਪਤਾਨ ਹਿੱਸਾ ਲਿਆ ਸੀ। ਬ੍ਰਾਜ਼ੀਲ ਦਾ ਮੁਕਾਬਲਾ “ਰੈਸਟ ਆਫ਼ ਦਾ ਵਰਲਡ” ਦੀ ਟੀਮ ਨਾਲ ਹੋਇਆ ਸੀ। ਇਹ ਮੈਚ ਪੇਲੇ ਦੇ 50ਵੇਂ ਜਨਮ ਦਿਨ ਉੱਤੇ ਖੇਡਿਆ ਗਿਆ ਸੀ। ਪੇਲੇ ਮੈਚ ਦੇ ਪਹਿਲੇ 45 ਮਿੰਟ ਲਈ ਮੈਦਾਨ ਵਿੱਚ ਆਏ ਸਨ।

ਪੇਲੇ ਨਾਮ ਕਿਵੇਂ ਪਿਆ?

ਪੇਲੇ ਦਾ ਜਨਮ 23 ਅਕਤੂਬਰ, 1940 ਨੂੰ ਹੋਇਆ ਸੀ। ਉਨ੍ਹਾਂ ਦੇ ਪਿਤਾ ਫ਼ੁੱਟਬਾਲਰ ਅਤੇ ਮਾਂ ਘਰੇਲੂ ਸੁਆਣੀ ਸੀ। ਮਾਂ-ਬਾਪ ਨੇ ਪੁੱਤਰ ਦਾ ਨਾਮ ਐਡਸਨ ਰੱਖਿਆ ਸੀ। ਉਨ੍ਹਾਂ ਦਾ ਪੂਰਾ ਨਾਮ ਐਡਸਨ ਅਰੇਟਾਸ ਡੂ ਨਾਸੀਮੈਂਟੋ ਸੀ। ਉਨ੍ਹਾਂ ਦਾ ਪੇਲੇ ਨਾਮ ਸੈਂਟੋਸ ਕਲੱਬ ਨਾਲ ਜੁੜਨ ਤੋਂ ਬਾਅਦ ਪਿਆ। ਇਹ ਨਾਂ ਪੈਣ ਪਿੱਛੇ ਜੋ ਦਾਅਵਾ ਕੀਤਾ ਜਾਂਦਾ ਹੈ, ਉਸ ਅਨੁਸਾਰ ਗੇਲਿਕ ਭਾਸ਼ਾ ਵਿੱਚ ਪੇਲੇ ਦਾ ਅਰਥ ਫ਼ੁੱਟਬਾਲ ਹੁੰਦਾ ਹੈ ਜਿਸ ਕਾਰਨ ਉਨ੍ਹਾਂ ਦਾ ਨਾਮ ਪੇਲੇ ਪੈ ਗਿਆ।

ਇਸ ਦਾਅਵੇ ਨੂੰ ਇਸ ਲਈ ਸੱਚ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਗੇਲਿਕ ਆਇਰਲੈਂਡ ਦੇ ਆਲੇ-ਦੁਆਲੇ ਦੀ ਭਾਸ਼ਾ ਹੈ ਅਤੇ ਉਸ ਸਮੇਂ ਇਹ ਸ਼ਬਦ ਬ੍ਰਾਜ਼ੀਲ ਤੱਕ ਪਹੁੰਚਣਾ ਮੁਸ਼ਕਿਲ ਸੀ। ਪੇਲੇ ਆਪਣੇ ਨਾਮ ਬਾਰੇ ਲਿਖਦੇ ਹਨ, “ਕੋਈ ਠੀਕ ਠਾਕ ਨਹੀਂ ਦੱਸ ਪਾਇਆ ਕਿ ਪੇਲੇ ਨਾਮ ਕਿੱਥੋਂ ਆਇਆ। ਪਰ ਮੇਰੇ ਮਾਮੇ ਜਾਰਜ ਨੇ ਜੋ ਦੱਸਿਆ ਉਸ ਉੱਪਰ ਵਿਸ਼ਵਾਸ ਕੀਤਾ ਜਾ ਸਕਦਾ ਹੈ।”

ਜਾਰਜ ਮੁਤਾਬਕ, ਬਾਉਰੂ ਦੇ ਸਥਾਨਕ ਕਲੱਬ ਦੀ ਟੀਮ ਦੇ ਗੋਲਕੀਪਰ ਦਾ ਨਾਮ ਸੀ ਬਿਲੇ। ਇਹ ਉਹੀ ਕਲੱਬ ਸੀ ਜਿਸ ਲਈ ਉਸ ਦੇ ਪਿਤਾ ਖੇਡਦੇ ਸਨ। ਬਿਲੇ ਗੋਲਕੀਪਰ ਵੱਜੋਂ ਬਹੁਤ ਹਰਮਨ ਪਿਆਰਾ ਸੀ। ਉਹ ਬਚਪਨ ਵਿੱਚ ਗੋਲਕੀਪਰ ਵੀ ਰਹੇ ਅਤੇ ਜਦੋਂ ਅਜਿਹੀ ਭੂਮਿਕਾ ਨਿਭਾਉਂਦੇ ਤਾਂ ਲੋਕ ਦੂਸਰਾ ਬਿਲੇ ਕਹਿੰਦੇ ਸਨ। ਜਾਰਜ ਕਹਿੰਦੇ ਹਨ, “ਦੇਖਦੇ- ਦੇਖਦੇ ਇਹ ਬਿਲੇ ਕਦੋਂ ਪੇਲੇ ਵਿੱਚ ਬਦਲ ਗਿਆ, ਇਸ ਦਾ ਕਿਸੇ ਨੂੰ ਅੰਦਾਜ਼ਾ ਨਹੀਂ ਹੋਇਆ।”

# ਭਾਰਤੀ ਖਿਡਾਰਨਾਂ ਲਈ ਸ਼ਾਨਦਾਰ ਰਿਹਾ ਬੀਤਿਆ ਸਾਲ 2022

**ਖੇਡਾਂ ਦੇ ਮੈਦਾਨ 'ਚ 2022 ਭਾਰਤੀ ਖਿਡਾਰਨਾਂ ਲਈ ਸ਼ਾਨਦਾਰ ਰਿਹਾ ਹੈ, ਕਈ ਖਿਡਾਰਨਾਂ ਨੇ ਜਿੱਥੇ ਇਸ ਸਾਲ ਕਈ ਰਿਕਾਰਡ ਤੋੜੇ, ਉੱਥੇ ਹੀ ਕਈ ਨਵੇਂ ਮੀਲ ਪੱਥਰ ਵੀ ਸਥਾਪਤ ਕੀਤੇ ਹਨ। ਪੂਰੇ ਸਾਲ ਦੌਰਾਨ ਜਿਨ੍ਹਾ ਖਿਡਾਰਨਾਂ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ, ਉਨ੍ਹਾਂ 'ਤੇ ਇੱਕ ਨਜ਼ਰ:**

### ਨਿਖਤ ਜ਼ਰੀਨ

ਕਈ ਸਾਲਾਂ ਤੱਕ ਭਾਰਤੀ ਮਹਿਲਾ ਮੁੱਕੇਬਾਜ਼ੀ 'ਚ ਐਮਸੀ ਮੈਰੀਕੌਮ ਦਾ ਦਬਦਬਾ ਰਿਹਾ ਹੈ। ਇਸ ਦੌਰਾਨ ਤੇਲੰਗਾਨਾ ਦੇ ਨਿਜ਼ਾਮਾਬਾਦ ਦੀ ਨਿਖਤ ਜ਼ਰੀਨ ਨੇ ਬਿਨਾਂ ਥੱਕੇ ਆਪਣਾ ਅਭਿਆਸ ਜਾਰੀ ਰੱਖਿਆ ਅਤੇ 2022 'ਚ 26 ਸਾਲ



ਦੀ ਉਮਰ 'ਚ ਉਨ੍ਹਾਂ ਨੇ ਵਿਸ਼ਵ ਚੈਂਪੀਅਨਸ਼ਿਪ ਜਿੱਤ ਕੇ ਆਪਣੇ ਨਾਂ ਕੀਤੀ। ਜ਼ਰੀਨ ਦੇ ਦਬਦਬੇ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਮਈ 2022 'ਚ ਆਯੋਜਿਤ ਆਈਬੀਏ ਮਹਿਲਾ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਦੇ 52 ਕਿਲੋਗ੍ਰਾਮ 'ਚ ਸੋਨੇ ਦਾ ਤਗਮਾ ਜਿੱਤਣ ਲਈ ਲਗਾਤਾਰ ਪੰਜ ਮੈਚਾਂ 'ਚ ਜਿੱਤ ਦਾ ਪਰਚਮ ਲਹਿਰਾਇਆ ਅਤੇ ਇੰਨ੍ਹਾਂ ਪੰਜੇ ਮੁਕਾਬਲਿਆਂ 'ਚ ਉਨ੍ਹਾਂ ਨੇ ਆਪਣੀ ਵਿਰੋਧੀ ਖਿਡਾਰੀ ਨੂੰ 5-0 ਨਾਲ ਹਰਾਇਆ। ਨਿਖਤ ਇਹ ਚੈਂਪੀਅਨਸ਼ਿਪ ਜਿੱਤਣ ਵਾਲੀ ਪੰਜਵੀਂ ਭਾਰਤੀ ਮੁੱਕੇਬਾਜ਼ ਹਨ। ਮੈਰੀਕੌਮ ਤੋਂ ਬਾਅਦ ਦੂਜੀ ਅਜਿਹੀ ਮੁੱਕੇਬਾਜ਼ ਹਨ, ਜਿਨ੍ਹਾ ਨੇ ਵਿਦੇਸ਼ੀ ਧਰਤੀ 'ਤੇ ਇਸ ਕਾਰਨਾਮੇ ਨੂੰ ਅੰਜਾਮ ਦਿੱਤਾ ਹੈ। ਅਜਿਹੇ ਸਮੇਂ ਜਦੋਂ ਭਾਰਤ ਧਾਰਮਿਕ ਆਧਾਰ 'ਤੇ ਵੰਡਿਆ ਹੋਇਆ ਵਿਖਾਈ ਦਿੰਦਾ ਹੈ ਅਤੇ ਔਰਤਾਂ ਪ੍ਰਤੀ ਹਿੰਸਾ ਵੀ ਨਹੀਂ ਘੱਟ ਰਹੀ ਹੈ, ਅਜਿਹੇ ਦੌਰ 'ਚ ਨਿਖਤ ਦੀ ਸਫ਼ਲਤਾ ਦੀ ਮਹੱਤਤਾ ਬਹੁਤ ਵਧੇਰੇ ਹੈ। ਵਿਸ਼ਵ ਚੈਂਪੀਅਨਸ਼ਿਪ ਦੀ ਸਫ਼ਲਤਾ ਤੋਂ ਦੋ ਮਹੀਨੇ ਬਾਅਦ ਜ਼ਰੀਨ ਨੇ ਰਾਸ਼ਟਰਮੰਡਲ ਖੇਡਾਂ ਦੇ 50 ਕਿਲੋਗ੍ਰਾਮ ਵਰਗ 'ਚ ਡੈਬਿਊ ਕਰਦਿਆਂ ਸੋਨ ਤਗਮਾ ਜਿੱਤਿਆ ਹੈ। ਕਿਸੇ ਵੀ ਖਿਡਾਰੀ ਲਈ ਸਫ਼ਲਤਾ ਦੇ ਲਿਹਾਜ਼ ਨਾਲ ਇਸ ਤੋਂ ਵਧੀਆ ਸਾਲ ਹੋਰ ਕੀ ਹੋ ਸਕਦਾ ਹੈ।

### ਮੀਰਾ ਬਾਈ ਚਾਨੂ

ਮੀਰਾ ਬਾਈ ਚਾਨੂ ਨੇ ਟੋਕਿਓ ਓਲੰਪਿਕ 'ਚ ਚਾਂਦੀ ਦਾ ਤਗਮਾ ਜਿੱਤ ਕੇ ਭਾਰਤ ਲਈ ਤਗਮਿਆਂ ਦਾ ਖਾਤਾ ਖੋਲ੍ਹ ਦਿੱਤਾ ਸੀ। ਉਨ੍ਹਾਂ ਨੇ ਆਪਣੀ ਉਸ ਸਫ਼ਲਤਾ ਦਾ ਸਿਲਸਿਲਾ




ਇਸ ਸਾਲ ਵੀ ਕਾਇਮ ਰੱਖਿਆ ਅਤੇ ਇਸ ਦੌਰਾਨ ਦੋ ਸੁਨਹਿਰੀ ਸਫ਼ਲਤਾਵਾਂ ਹਾਸਲ ਕੀਤੀਆਂ। ਚਾਰ ਫੁੱਟ 11 ਇੰਚ ਲੰਮੀ ਪਰ ਭਾਰੇ ਸਰੀਰ ਵਾਲੀ ਐਥਲੀਟ ਮੀਰਾ ਬਾਈ ਨੇ ਸਭ ਤੋਂ ਪਹਿਲਾਂ ਬਰਮਿੰਘਮ ਰਾਸ਼ਟਰਮੰਡਲ ਖੇਡਾਂ 'ਚ ਸੋਨ ਤਗਮਾ ਜਿੱਤਿਆ ਅਤੇ ਇਸ ਤੋਂ ਬਾਅਦ ਜ਼ਖਮੀ ਗੁੱਟ ਦੀ ਸਥਿਤੀ 'ਚ ਆਪਣੇ ਭਾਰ ਤੋਂ ਦੁੱਗਣਾ ਭਾਰ ਚੁੱਕ ਕੇ ਵਿਸ਼ਵ ਚੈਂਪੀਅਨਸ਼ਿਪ 'ਚ ਤਗਮਾ ਹਾਸਲ ਕੀਤਾ।

ਮੀਰਾ ਬਾਈ ਚਾਨੂ ਦੀ ਇੱਕ ਖਾਸੀਅਤ ਇਹ ਹੈ ਕਿ ਉਹ ਹਮੇਸ਼ਾ ਹੀ ਮੁਸਕਰਾਉਂਦੇ ਰਹਿੰਦੇ ਹਨ। ਬਰਮਿੰਘਮ ਰਾਸ਼ਟਰਮੰਡਲ ਖੇਡਾਂ 'ਚ 49 ਕਿਲੋਗ੍ਰਾਮ ਵਰਗ 'ਚ ਉਨ੍ਹਾਂ ਨੇ ਸਨੈਚ 'ਚ 88 ਕਿਲੋਗ੍ਰਾਮ ਭਾਰ ਚੁੱਕਿਆ ਜਦਕਿ ਕਲੀਨ ਐਂਡ ਜਰਕ 'ਚ 113 ਕਿਲੋਗ੍ਰਾਮ ਭਾਰ ਚੁੱਕ ਕੇ ਸੋਨੇ ਦਾ ਤਗਮਾ ਹਾਸਲ ਕੀਤਾ। ਉਨ੍ਹਾਂ ਨੇ ਕੁੱਲ ਮਿਲਾ ਕੇ 201 ਕਿਲੋਗ੍ਰਾਮ ਭਾਰ ਚੁੱਕਿਆ ਜੋ ਕਿ ਰਾਸ਼ਟਰਮੰਡਲ ਖੇਡਾਂ ਦਾ ਇੱਕ ਨਵਾਂ ਰਿਕਾਰਡ ਹੈ। ਮੀਰਾ ਬਾਈ ਨੇ ਦੂਜੇ ਸਥਾਨ 'ਤੇ ਰਹੀ ਖਿਡਾਰਨ ਤੋਂ 29 ਕਿਲੋਗ੍ਰਾਮ ਵੱਧ ਭਾਰ ਚੁੱਕਿਆ ਸੀ। ਵਿਸ਼ਵ ਚੈਂਪੀਅਨਸ਼ਿਪ 'ਚ ਰਾਸ਼ਟਰਮੰਡਲ ਖੇਡਾਂ ਦੇ ਮੁਕਾਬਲੇ ਵਧੇਰੇ ਸਖ਼ਤ ਚੁਣੌਤੀ ਹੁੰਦੀ ਹੈ। ਸਤੰਬਰ ਮਹੀਨੇ ਇਸ ਦੀਆਂ ਤਿਆਰੀਆਂ ਦੌਰਾਨ ਮੀਰਾ ਬਾਈ ਦਾ ਗੁੱਟ ਜ਼ਖਮੀ ਹੋ ਗਿਆ ਸੀ। ਵਿਸ਼ਵ ਚੈਂਪੀਅਨਸ਼ਿਪ 'ਚ ਸ਼ਿਰਕਤ ਕਰਨ ਲਈ ਜਦੋਂ ਮੀਰਾ ਬਾਈ ਕੋਲੰਬੀਆ ਦੀ ਰਾਜਧਾਨੀ ਬੋਗੋਟਾ ਵਿਖੇ ਪਹੁੰਚੇ ਤਾਂ ਉਹ ਉਸ ਸਮੇਂ ਪੂਰੀ ਤਰ੍ਹਾਂ ਨਾਲ ਫਿੱਟ ਨਹੀਂ ਸਨ। 28 ਸਾਲਾ ਮੀਰਾ ਬਾਈ ਨੂੰ ਉਸ ਸਮੇਂ ਕਿਸ ਦਰਦ ਦਾ ਸਾਹਮਣਾ ਕਰਨਾ ਪਿਆ ਹੋਵੇਗਾ ਇਸ ਗੱਲ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਸਨੈਚ 'ਚ ਦੂਜੀ ਕੋਸ਼ਿਸ਼ 'ਚ 87 ਕਿਲੋਗ੍ਰਾਮ ਭਾਰ ਚੁੱਕਦੇ ਸਮੇਂ ਉਨ੍ਹਾਂ ਨੂੰ ਮੁਸ਼ਕਲ ਹੋ ਰਹੀ ਸੀ। ਮੀਰਾ ਬਾਈ ਨੇ ਆਪਣੀ ਪੂਰੀ ਤਾਕਤ ਨਾਲ ਤੀਜੀ ਅਤੇ ਆਖਰੀ ਕੋਸ਼ਿਸ਼ 'ਚ 87 ਕਿਲੋਗ੍ਰਾਮ ਭਾਰ ਚੁੱਕਿਆ ਅਤੇ ਕਲੀਨ ਐਂਡ ਜਰਕ 'ਚ 113 ਕਿਲੋਗ੍ਰਾਮ ਦਾ ਭਾਰ ਚੁੱਕ ਕੇ ਚਾਂਦੀ ਦਾ ਤਗਮਾ ਆਪਣੇ ਨਾਂਅ ਕੀਤਾ। ਵਿਸ਼ਵ ਚੈਂਪੀਅਨਸ਼ਿਪ 'ਚ ਇਹ ਉਨ੍ਹਾਂ ਦਾ ਦੂਜਾ ਤਗਮਾ ਹੈ।

### ਪੀਵੀ ਸਿੰਧੂ

ਪਿਛਲੇ ਕੁਝ ਸਾਲਾਂ 'ਚ ਭਾਰਤ ਦੀ ਸਭ ਤੋਂ ਸਫਲ ਐਥਲੀਟ ਦਾ ਨਾਮ ਪੀਵੀ ਸਿੰਧੂ ਹੈ। ਰਾਸ਼ਟਰਮੰਡਲ ਖੇਡਾਂ 'ਚ ਮਹਿਲਾ ਸਿੰਗਲਜ਼ 'ਚ ਪੀਵੀ ਸਿੰਧੂ ਨੇ ਆਪਣਾ ਪਹਿਲਾ ਸੋਨੇ ਦਾ ਤਗਮਾ ਜਿੱਤਿਆ। ਚਾਰ ਸਾਲ ਪਹਿਲਾਂ ਫਾਈਨਲ ਮੁਕਾਬਲੇ ਦੌਰਾਨ ਪੀਵੀ ਸਿੰਧੂ ਨੂੰ ਸਾਇਨਾ ਨੇਹਵਾਲ ਹੱਥੋਂ ਹਾਰ ਦਾ



ਸਾਹਮਣਾ ਕਰਨਾ ਪਿਆ ਸੀ। ਪਰ ਇਸ ਵਾਰ ਖ਼ਿਤਾਬੀ ਮੁਕਾਬਲੇ 'ਚ ਸਿੰਧੂ ਨੇ ਕੈਨੇਡਾ ਦੀ ਮਿਸ਼ੇਲ ਲੀ ਨੂੰ 21-15, 21-13 ਨਾਲ ਮਾਤ ਦਿੱਤੀ। ਫਾਈਨਲ ਮੁਕਾਬਲੇ ਦੌਰਾਨ ਉਨ੍ਹਾਂ ਦੀ ਖੱਬੀ ਅੱਡੀ 'ਤੇ ਸੱਟ ਵੀ ਲੱਗੀ ਸੀ ਅਤੇ ਇੱਕ ਸ਼ਾਨਦਾਰ 57 ਸਟ੍ਰੋਕਸ ਦੀ ਰੈਲੀ 'ਚ ਉਨ੍ਹਾਂ ਨੇ ਅੰਕ ਵੀ ਗੁਆਇਆ ਪਰ ਇਸ ਸਭ ਦਾ ਅਸਰ ਮੈਚ ਦੇ ਨਤੀਜੇ 'ਤੇ ਨਾ ਪਿਆ।

ਉਨ੍ਹਾਂ ਨੇ 2014 ਦੀਆਂ ਰਾਸ਼ਟਰਮੰਡਲ ਖੇਡਾਂ 'ਚ ਕਾਂਸੀ ਦਾ ਤਗਮਾ ਜਿੱਤਿਆ ਸੀ, ਜਦੋਂ ਕਿ 2018 ਦੀਆਂ ਰਾਸ਼ਟਰਮੰਡਲ ਖੇਡਾਂ 'ਚ ਚਾਂਦੀ ਦਾ ਤਗਮਾ ਅਤੇ ਇਸ ਵਾਰ ਉਨ੍ਹਾਂ ਨੇ ਸੋਨ ਤਗਮਾ ਜਿੱਤਿਆ ਹੈ। ਦੋ ਵਾਰ ਦੀ ਓਲੰਪਿਕ ਤਗਮਾ ਜੇਤੂ ਐਥਲੀਟ ਲਈ ਰਾਸ਼ਟਰਮੰਡਲ ਖੇਡਾਂ ਦਾ ਸੋਨ ਤਗਮਾ ਸਰਬੋਤਮ ਪ੍ਰਦਰਸ਼ਨ ਨਹੀਂ ਹੋ ਸਕਦਾ ਪਰ 27 ਸਾਲ ਦੀ ਸਿੰਧੂ ਨੇ ਇਹ ਜ਼ਰੂਰ ਦਿਖਾਇਆ ਹੈ ਕਿ ਦਬਾਅ ਦੀ ਸਥਿਤੀ 'ਚ ਉਹ ਆਪਣਾ ਬਿਹਤਰੀਨ ਪ੍ਰਦਰਸ਼ਨ ਦੇ ਸਕਦੇ ਹਨ। ਵੈਸੇ 2022 'ਚ ਉਨ੍ਹਾਂ ਨੂੰ ਤਿੰਨ ਹੋਰ ਖ਼ਿਤਾਬ- ਜੁਲਾਈ 'ਚ ਸਿੰਗਾਪੁਰ ਓਪਨ, ਮਾਰਚ 'ਚ ਸਵਿਸ ਓਪਨ ਅਤੇ ਜਨਵਰੀ 'ਚ ਸਈਅਦ ਮੋਦੀ ਇੰਟਰਨੈਸ਼ਨਲ ਚੈਂਪੀਅਨਸ਼ਿਪ ਵੀ ਜਿੱਤੇ ਹਨ। ਹਾਲਾਂਕਿ ਇਸ ਸਾਲ ਸੱਟ ਲੱਗਣ ਕਰਕੇ ਉਹ ਪੂਰਾ ਸਾਲ ਸਰਗਰਮ ਵੀ ਨਹੀਂ ਰਹੇ ਹਨ।

### ਪ੍ਰਿਯੰਕਾ ਗੋਸਵਾਮੀ

ਪ੍ਰਿਯੰਕਾ ਗੋਸਵਾਮੀ ਨੇ ਇੱਕ ਬਹੁਤ ਹੀ ਘੱਟ ਜਾਣੀ ਜਾਂਦੀ ਖੇਡ 'ਚ ਵੱਡਾ ਮੁਕਾਮ ਹਾਸਲ ਕੀਤਾ ਹੈ। ਰਾਸ਼ਟਰਮੰਡਲ ਖੇਡਾਂ ਦੌਰਾਨ ਉਨ੍ਹਾਂ ਨੇ 10 ਕਿਲੋਮੀਟਰ ਰੇਸ ਵਾਕ 'ਚ ਚਾਂਦੀ ਦਾ ਤਗਮਾ ਜਿੱਤਿਆ। ਉਨ੍ਹਾਂ ਨੇ 43:38:38 ਸੈਕਿੰਡ ਦਾ ਸਮਾਂ




ਲੈ ਕੇ ਆਪਣਾ ਸਰਬੋਤਮ ਸਮਾਂ ਕਾਇਮ ਕੀਤਾ, ਪਰ ਉਹ ਆਸਟ੍ਰੇਲੀਆ ਦੀ ਜੇਮਿਮਾ ਮੋਂਟਾਗ ਤੋਂ ਹਾਰ ਗਏ ਸੀ। ਉੱਤਰ ਪ੍ਰਦੇਸ਼ ਦੇ ਮੁਜ਼ੱਫ਼ਰਨਗਰ ਦੀ ਵਸਨੀਕ 26 ਸਾਲਾ ਪ੍ਰਿਯੰਕਾ ਗੋਸਵਾਮੀ ਦੇ ਪਿਤਾ ਪੇਸ਼ੇ ਵੱਜੋਂ ਕੰਡਕਟਰ ਹਨ। ਪ੍ਰਿਯੰਕਾ ਨੇ ਪਹਿਲਾਂ ਤਾਂ ਜਿਮਨਾਸਟਿਕ ਅਤੇ ਟਰੈਕ ਐਂਡ ਫੀਲਡ ਮੁਕਾਬਲਿਆ 'ਚ ਆਪਣਾ ਹੱਥ ਅਜ਼ਮਾਇਆ। ਪਰ ਅਖੀਰ 'ਚ ਉਨ੍ਹਾ ਦੇ ਪੈਰ ਰੇਸ ਵਾਕ 'ਚ ਜੰਮ ਗਏ। ਇਸ ਤੋਂ ਬਾਅਦ ਉਹ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ, ਪਟਿਆਲਾ ਵਿਖੇ ਪਹੁੰਚੇ। ਨੈਸ਼ਨਲ ਕੈਂਪ 'ਚ ਸ਼ਾਮਲ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਸ਼ਹਿਰ ਦੇ ਗੁਰਦੁਆਰਾ ਸਾਹਿਬ ਵਿਖੇ ਲੰਗਰ ਵੀ ਛਕਿਆ ਅਤੇ ਆਪਣੇ ਹੌਸਲੇ ਬੁਲੰਦ ਰੱਖੇ। ਭਾਰਤ ਵੱਲੋਂ ਟੋਕਿਓ ਓਲੰਪਿਕ 'ਚ ਹਿੱਸਾ ਲੈਣ ਵਾਲੀ ਗੋਸਵਾਮੀ ਦੀ ਝੋਲੀ 'ਚ ਅੱਜ 2-2 ਰਾਸ਼ਟਰੀ ਰਿਕਾਰਡ ਹਨ। 43 ਮਿੰਟ ਅਤੇ 31 ਸੈਕਿੰਡ ਦੇ ਨਾਲ 10 ਕਿਲੋਮੀਟਰ ਰੇਸ ਵਾਕ ਤੋਂ ਇਲਾਵਾ ਇੱਕ ਘੰਟਾ 28 ਮਿੰਟ ਅਤੇ 45 ਸੈਕਿੰਡ ਦੇ ਨਾਲ 20 ਕਿਲੋਮੀਟਰ ਰੇਸ ਵਾਕ ਦਾ ਰਾਸ਼ਟਰੀ ਰਿਕਾਰਡ ਵੀ ਉਨ੍ਹਾਂ ਦੇ ਹੀ ਨਾਮ ਹੈ।

### ਅੰਨੂ ਰਾਣੀ

ਪ੍ਰਿਯੰਕਾ ਗੋਸਵਾਮੀ ਦੀ ਤਰ੍ਹਾਂ ਅੰਨੂ ਰਾਣੀ ਨੇ ਬਰਮਿੰਘਮ ਰਾਸ਼ਟਰਮੰਡਲ ਖੇਡਾਂ 'ਚ ਉਸ ਸਮੇਂ ਇਤਿਹਾਸ ਸਿਰਜਿਆ ਜਦੋਂ ਜੈਵਲਿਨ ਥਰੋਅ 'ਚ ਤਗਮਾ ਜਿੱਤਣ ਵਾਲੀ



ਉਹ ਪਹਿਲੀ ਭਾਰਤੀ ਮਹਿਲਾ ਐਥਲੀਟ ਬਣੇ। ਬਰਮਿੰਘਮ 'ਚ ਚੌਥੀ ਕੋਸ਼ਿਸ਼ 'ਚ 60 ਮੀਟਰ ਦੂਰੀ ਤੱਕ ਜੈਵਲਿਨ ਸੁੱਟ ਕੇ ਅੰਨੂ ਨੇ ਕਾਂਸੀ ਦਾ ਤਗਮਾ ਜਿੱਤਿਆ। ਪੱਛਮੀ ਉੱਤਰ ਪ੍ਰਦੇਸ਼ ਦੇ ਮੇਰਠ ਜ਼ਿਲ੍ਹੇ ਦੇ ਬਹਾਦਰਪੁਰ ਪਿੰਡ ਤੋਂ ਨਿਕਲ ਕੇ ਇਸ ਸਫ਼ਲਤਾ ਦੀ ਬੁਲੰਦੀ ਤੱਕ ਪਹੁੰਚਣਾ 30 ਸਾਲਾ ਅੰਨੂ ਲਈ ਸੌਖਾ ਨਹੀਂ ਸੀ। ਉਨ੍ਹਾਂ ਦਾ ਪਰਿਵਾਰ ਰੋਜ਼ਾਨਾ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਵੀ ਯੋਗ ਨਹੀਂ ਸੀ। ਅਜਿਹੇ 'ਚ ਅੰਨੂ ਨੇ ਗੰਨੇ ਦੇ ਖੇਤ 'ਚ ਬਾਂਸ ਦੇ ਬਰਛੇ ਨਾਲ ਆਪਣਾ ਅਭਿਆਸ ਜਾਰੀ ਰੱਖਿਆ। ਪਰ ਪਿਛਲੇ ਕੁਝ ਸਮੇਂ ਤੋਂ ਉਹ ਭਾਰਤ ਦੀ ਨੰਬਰ ਇੱਕ ਮਹਿਲਾ ਜਵੈਲਿਨ ਥ੍ਰੋਅਰ ਹਨ। ਅੰਨੂ ਟੋਕਿਓ ਓਲੰਪਿਕ 'ਚ ਭਾਰਤ ਦੀ ਨੁਮਾਇੰਦਗੀ ਕਰ ਚੁੱਕੇ ਹਨ। ਰਾਸ਼ਟਰਮੰਡਲ ਖੇਡਾਂ 'ਚ ਕਾਂਸੀ ਦਾ ਤਗਮਾ ਜਿੱਤਣ ਤੋਂ ਇਲਾਵਾ ਅੰਨੂ ਰਾਣੀ ਇਸ ਵਾਰ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਦੇ ਫਾਈਨਲ 'ਚ ਵੀ ਥਾਂ ਬਣਾਉਣ 'ਚ ਸਫਲ ਰਹੇ ਹਨ।

### ਸਵਿਤਾ ਪੂਨੀਆ

ਟੋਕਿਓ ਓਲੰਪਿਕ 'ਚ ਭਾਰਤੀ ਮਹਿਲਾ ਹਾਕੀ ਟੀਮ ਭਾਵੇਂ ਕੋਈ ਤਗਮਾ ਨਾ ਜਿੱਤ ਸਕੀ ਹੋਵੇ ਪਰ ਉਮੀਦਾਂ ਦੇ ਦਰਵਾਜ਼ੇ ਜ਼ਰੂਰ ਖੋਲ੍ਹ ਦਿੱਤੇ ਸਨ। 2022 ਦੇ ਵਿਸ਼ਵ ਕੱਪ ਤੋਂ ਠੀਕ ਪਹਿਲਾਂ ਟੀਮ ਦੀ ਕਮਾਨ ਰਾਣੀ ਰਾਮਪਾਲ ਦੀ ਥਾਂ ਤਜਰਬੇਕਾਰ ਗੋਲਕੀਪਰ ਸਵਿਤਾ ਪੂਨੀਆ ਨੂੰ ਸੌਂਪੀ ਗਈ ਸੀ। ਇਸ ਤੋਂ ਬਾਅਦ ਟੀਮ ਨੇ ਰਾਸ਼ਟਰਮੰਡਲ ਖੇਡਾਂ 'ਚ ਤਗਮਾ



ਹਾਸਲ ਕੀਤਾ। ਐਫਆਈਐਚ ਪ੍ਰੋ ਲੀਗ 'ਚ ਵੀ ਟੀਮ ਨੇ ਤਗਮਾ ਜਿੱਤਿਆ ਅਤੇ ਸਾਲ ਦੇ ਅੰਤ ਤੱਕ ਨੇਸ਼ਨ ਕੱਪ ਜਿੱਤਣ ਦਾ ਕਾਰਨਾਮਾ ਵੀ ਕਰ ਵਿਖਾਇਆ। ਰਾਸ਼ਟਮੰਡਲ ਖੇਡਾਂ 'ਚ ਰੈਫ਼ਰੀ ਦੇ ਇੱਕ ਵਿਵਾਦਿਤ ਫੈਸਲੇ ਕਾਰਨ ਭਾਰਤੀ ਟੀਮ ਫਾਈਨਲ 'ਚ ਦਾਖਲ ਨਹੀਂ ਹੋ ਸਕੀ ਸੀ, ਪਰ ਪੂਨੀਆ ਨੇ ਇਹ ਤੈਅ ਕੀਤਾ ਸੀ ਕਿ ਟੀਮ ਖਾਲੀ ਹੱਥ ਵਤਨ ਨਹੀਂ ਪਰਤੇਗੀ।

32 ਸਾਲਾ ਪੂਨੀਆ ਨੇ ਨਿਊਜ਼ੀਲੈਂਡ ਦੇ ਖ਼ਿਲਾਫ਼ ਕਾਂਸੀ ਦੇ ਤਗਮੇ ਦੀ ਦੌੜ 'ਚ ਹੋਏ ਮੁਕਾਬਲੇ 'ਚ ਪੈਨਲਟੀ ਸ਼ੂਟ ਆਊਟ 'ਚ ਤਿੰਨ ਸ਼ਾਨਦਾਰ ਬਚਾਅ ਕਰਕੇ ਭਾਰਤ ਨੂੰ 2-1 ਨਾਲ ਜਿੱਤ ਦਵਾਈ ਸੀ। ਐਫਆਈਐਚ ਪ੍ਰੋ ਲੀਗ ਦੇ ਪਹਿਲੇ ਸੀਜ਼ਨ 'ਚ ਵੀ ਟੀਮ ਨੂੰ ਕਾਂਸੀ ਦਾ ਤਗਮਾ ਦਿਵਾਉਣ 'ਚ ਪੂਨੀਆ ਦੀ ਅਹਿਮ ਭੂਮਿਕਾ ਰਹੀ ਸੀ। 14 ਮੁਕਾਬਲਿਆਂ 'ਚ ਉਨ੍ਹਾਂ ਨੇ ਘੱਟੋ ਘੱਟ 57 ਗੋਲ ਬਚਾਏ ਹਨ। ਉਨ੍ਹਾਂ ਦੇ ਇਸ ਦਮਦਾਰ ਪ੍ਰਦਰਸ਼ਨ ਨੂੰ ਵੇਖਦੇ ਹੋਏ ਲਗਾਤਾਰ ਦੂਜੇ ਸਾਲ ਐਫਆਈਐਚ ਨੇ ਉਨ੍ਹਾਂ ਨੂੰ ਸਾਲ ਦੀ ਮਹਿਲਾ ਗੋਲਕੀਪਰ ਦੇ ਖ਼ਿਤਾਬ ਨਾਲ ਨਵਾਜ਼ਿਆ ਹੈ। ਬਹੁਤ ਹੀ ਨਰਮੀ ਨਾਲ ਗੱਲਬਾਤ ਕਰਨ ਵਾਲੀ ਸਵਿਤਾ ਪੂਨੀਆ ਗੋਲਪੋਸਟ ਦੇ ਅੰਦਰ ਕਿਸੇ ਫੌਲਾਦ ਦੀ ਤਰ੍ਹਾਂ ਨਜ਼ਰ ਆਉਂਦੇ ਹਨ ਅਤੇ ਮੁਸ਼ਕਲ ਸਮੇਂ 'ਚ ਟੀਮ ਦੀ ਸ਼ਾਨਦਾਰ ਅਗਵਾਈ ਵੀ ਕਰਦੇ ਹਨ।

### ਮਨਿਕਾ ਬੱਤਰਾ

ਮਨਿਕਾ ਬੱਤਰਾ ਬਰਮਿੰਘਮ ਰਾਸ਼ਟਰਮੰਡਲ ਖੇਡਾਂ 'ਚ ਚਾਰ ਸਾਲ ਪੁਰਾਣੀ ਸਫ਼ਲਤਾ ਤਾਂ ਨਹੀਂ ਦੁਹਰਾ ਸਕੇ। ਚਾਰ ਸਾਲ ਪਹਿਲਾਂ ਗੋਲਡ ਕੋਸਟ ਰਾਸ਼ਟਰਮੰਡਲ ਖੇਡਾਂ 'ਚ ਮਨਿਕਾ



ਨੇ ਟੀਮ ਅਤੇ ਸਿੰਗਲਜ਼ 'ਚ ਗੋਲਡ ਮੈਡਲ ਜਿੱਤ ਕੇ ਕੁੱਲ ਚਾਰ ਤਗਮੇ ਜਿੱਤੇ ਸਨ। ਇਸ ਵਾਰ ਉਨ੍ਹਾਂ ਨੂੰ ਕੋਈ ਤਗਮਾ ਹਾਸਲ ਨਹੀਂ ਹੋਇਆ, ਪਰ ਟੇਬਲ ਟੈਨਿਸ ਸਰਕਟ 'ਚ ਉਨ੍ਹਾਂ ਨੇ ਜਲਦੀ ਹੀ ਵਾਪਸੀ ਕੀਤੀ ਹੈ। ਥਾਈਲੈਂਡ ਦੀ ਰਾਜਧਾਨੀ ਬੈਂਕਾਕ 'ਚ ਆਈਟੀਟੀਐਫ-ਏਟੀਟੀਯੂ ਏਸ਼ੀਅਨ ਕੱਪ 'ਚ ਮਨਿਕਾ ਨੇ ਆਪਣੇ ਤੋਂ ਉੱਚ ਦਰਜੇ ਦੀਆਂ ਤਿੰਨ ਖਿਡਾਰਨਾਂ ਨੂੰ ਹਰਾ ਕੇ ਕਾਂਸੀ ਦਾ ਤਗਮਾ ਜਿੱਤਿਆ। ਉਹ ਵਿਸ਼ਵ ਦਰਜੇਬੰਦੀ 'ਚ 6ਵੇਂ ਸਥਾਨ 'ਤੇ ਕਾਬਜ਼ ਜਾਪਾਨੀ ਖਿਡਾਰਨ ਹਿਨਾ ਹਯਾਤਾ ਨੂੰ 11-6, 6-11, 12-10, 4-11, 11-2 ਨਾਲ ਹਰਾ ਕੇ ਕੰਟੀਨੈਂਟਲ ਇਵੈਂਟ 'ਚ ਤਗਮਾ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਖਿਡਾਰਨ ਬਣੇ। ਕਾਂਸੀ ਦਾ ਤਗਮਾ ਜਿੱਤਣ ਦੀ ਦੌੜ 'ਚ 27 ਸਾਲਾ ਮਨਿਕਾ ਨੇ ਵਿਸ਼ਵ ਦਰਜੇਬੰਦੀ 'ਚ 7ਵੇਂ ਸਥਾਨ 'ਤੇ ਕਾਬਜ਼ ਚੇਨ ਜਿੰਗਤੋਂਗ ਅਤੇ 23ਵੇਂ ਸਥਾਨ 'ਤੇ ਕਾਬਜ਼ ਚੇਨ ਸਜ਼ੂ ਨੂੰ ਮਾਤ ਦਿੱਤੀ ਸੀ।

### ਵਿਨੇਸ਼ ਫੋਗਾਟ

ਟੋਕਿਓ ਓਲੰਪਿਕ 'ਚ ਹਾਰ ਦਾ ਮੂੰਹ ਵੇਖਣ ਤੋਂ ਬਾਅਦ ਸਰੀਰਕ ਅਤੇ ਭਾਵਨਾਤਮਕ ਪੱਧਰ 'ਤੇ ਵਿਨੇਸ਼ ਫੋਗਾਟ ਨੂੰ ਖਾਸਾ ਸੰਘਰਸ਼ ਕਰਨਾ ਪਿਆ ਸੀ। ਅਜਿਹੀ ਸਥਿਤੀ 'ਚ ਉਨ੍ਹਾਂ ਨੂੰ ਵਿਸ਼ਵ ਪੱਧਰੀ ਟੂਰਨਾਮੈਂਟ 'ਚ ਵਾਪਸੀ ਕਰਦੇ ਵੇਖ ਕੇ ਬਹੁਤ ਵਧੀਆ ਲੱਗਿਆ। ਭਾਰਤੀ ਐਥਲੀਟਾਂ ਦੀ ਮਾਨਸਿਕ



ਸਿਹਤ 'ਤੇ ਚਰਚਾ ਸ਼ੁਰੂ ਕਰਨ ਵਾਲੀ ਵਿਨੇਸ਼ ਨੇ ਬਰਮਿੰਘਮ ਰਾਸ਼ਟਰਮੰਡਲ ਖੇਡਾਂ 'ਚ ਸੋਨ ਤਗਮੇ ਦੀ ਹੈਟ੍ਰਿਕ ਪੂਰੀ ਕੀਤੀ। ਇਸ ਤੋਂ ਪਹਿਲਾਂ ਉਹ ਸਾਲ 2014 ਅਤੇ 2018 'ਚ ਸੋਨ ਤਗਮਾ ਆਪਣੇ ਨਾਂਅ ਕਰ ਚੁੱਕੇ ਹਨ। ਬਰਮਿੰਘਮ ਰਾਸ਼ਟਰਮੰਡਲ ਖੇਡਾਂ ਤੋਂ ਬਾਅਦ ਉਨ੍ਹਾਂ ਨੇ ਵਿਸ਼ਵ ਚੈਂਪੀਅਨਸ਼ਿਪ 'ਚ ਕਾਂਸੀ ਦਾ ਤਗਮਾ ਜਿੱਤਿਆ ਹੈ।

2022 ਦੀਆਂ ਰਾਸ਼ਟਰਮੰਡਲ ਖੇਡਾਂ 'ਚ ਔਰਤਾਂ ਦੇ 53 ਕਿਲੋਗ੍ਰਾਮ ਫ੍ਰੀਸਟਾਈਲ ਮੁਕਾਬਲੇ 'ਚ ਸਿਰਫ਼ ਚਾਰ ਖਿਡਾਰਨਾਂ ਵਿਚਾਲੇ ਹੀ ਮੁਕਾਬਲਾ ਸੀ। ਫੋਗਾਟ ਨੇ 2021 ਦੀ ਵਿਸ਼ਵ ਚੈਂਪਿਅਨਸ਼ਿਪ 'ਚ ਕਾਂਸੀ ਦਾ ਤਗਮਾ ਜੇਤੂ ਸਾਮੰਥਾ ਸਟੇਵਰਟ ਨੂੰ ਸਿਰਫ 30 ਸੈਕਿੰਡ 'ਚ ਹੀ ਮਾਤ ਦੇ ਕੇ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ।


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



- * We Carry New and Used Tires All Major Brands
- * Smart Way Tires Available
- * Used Tires Start From & 135
- * Old Change $ 189 + Tax
- * We also do truck and car washing and waxing
- * Friendly and Professional Staff
- * We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**

**WASH, LUBE, BRAKES**

Call:

650-642-0697

**3525 Highway 99, West Corning, CA 96021**

Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust